# ਵਰਿਆਮ

ਰ੭ ਵਾਂ ਸਾਲ

ਅਕਤੂਬਰ, ੨੦੦੨



ਸਤਿਗੁਰੂ ਜਗਜੀਤ ਸਿੰਘ ਜੀ

ਨਾਮਧਾਰੀ ਜਗਤ ਦੀ ਅਗਵਾਈ ਦੇ ੪੩ ਸਾਲ

Sri Satguru Jagjit Singh Ji eLibrary NamdhariElibrary@gmail.com

https://archive.org/details/namdhari



ਸਤਿਗੁਰੂ ਜਗਜੀਤ ਸਿੰਘ ਜੀ (ਖੱਬੇ), ਜਿਨ੍ਹਾਂ ਸੰਨ ੧੯੫੯ ਵਿਚ ਗੁਰੂ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ (ਸੱਜੇ) ਦੀ ਗੁਰਗੱਦੀ ਸੁਸ਼ੋਭਿਤ ਕੀਤੀ। ਪਿਛਲੇ ੪੩ ਸਾਲਾਂ ਵਿਚ ਨਾਮਧਾਰੀ ਸਿਖ ਸਮਾਜ ਦਾ ਆਪ ਨੇ ਬਹੁ ਦਿਸ਼ਾਵੀ ਵਿਕਾਸ ਕੀਤਾ ਹੈ।

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਅਕਤੂਬਰ-੨੦੦੨
ਜਿਲਦ-੨੭
ਅੰਕ-੧੨

**ਸੰਪਾਦਕ**
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧

ਫੋਨ-ਦਫਤਰ : ੨੨੨੫੪੩
ਘਰ : ੪੫੬੨੮੯

Office Address :
Monthly WARIAM
(Punjabi)
Ladowali Road.
Opp. Central Town,
Jalandhar-144001
Ph. : 222543 (O)
456289 (R)

**ਵਰਿਆਮ ਦੇ ਦਰ**

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੫੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ |
| ਹਵਾਈ ਡਾਕ ਰਾਹੀਂ | |

**ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।**

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ਤੇ-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ

ਨਾਮ ਦੀ ਮਹਿਮਾ—*ਜਗਦੀਸ਼ ਸਿੰਘ* ---------- ੨
ਮੇਲਾ ਭੈਣੀ ਸਾਹਿਬ ਦਾ—*ਜਗਦੀਸ਼ ਸਿੰਘ* -------- ੩
ਨਾਮ ਬਿਨਾ ਜੋ ਪਹਿਰੇ ਖਾਏ—*ਮਹਿੰਦਰ ਸਿੰਘ ਜੋਸ਼ੀ* --- ੫
ਸ੍ਰੀ ਮਾਤਾ ਭੁਪਿੰਦਰ ਕੌਰ ਜੀ—*ਪ੍ਰੀਤਮ ਸਿੰਘ ਕਵੀ* --- ੬
ਰਿਮ ਝਿਮ ਬਰਸੇ— *ਤਰਲੋਕ ਮਨਸੂਰ* ---------- ੯
ਨਰਕੋਂ ਸਵਰਗ—*ਜੇ.ਪੀ. ਵਾਸਵਾਨੀ* -------- ੧੫
ਵੀਹਵੀਂ ਸਦੀ ਦੇ ਪੰਜਾਬ ਦਾ ਲੋਕ ਨਾਇਕ
ਕਾਮਰੇਡ ਜੰਗੀਰ ਸਿੰਘ ਜੋਗਾ—*ਸੁਵਰਨ ਸਿੰਘ ਵਿਰਕ* -੧੭
ਇਨਕਲਾਬੀ ਯੋਧਾ—ਕਾਮਰੇਡ ਜੰਗੀਰ ਸਿੰਘ ਜੋਗਾ
—*ਡਾ. ਜਗਤਾਰ ਸਿੰਘ ਜੋਗਾ* -- ੨੩
ਮੈਂ ਮਾਟੀ ਬਣ ਜਾਣਾ—*ਦਲਬੀਰ ਸਿੰਘ ਤਰਸ* ---- ੨੭
ਦੋ ਗ਼ਜ਼ਲਾਂ—*ਮਲਕੀਤ ਮੀਤ* ------------ ੨੮
ਗ਼ਜ਼ਲ—*ਅਮਰ ਸਿੰਘ ਕੂਕਾ* ------------- ੨੮
ਰੁਬਾਈ—*ਨਵਰਾਹੀ ਘੁਗਿਆਣਵੀ* ---------- ੨੮
ਗ਼ਜ਼ਲ—*ਅਜੀਤ ਸਿੰਘ ਚੀਮਾ* ------------ ੨੯
ਸ਼ਿਵ ਨਾਥ ਦੀਆਂ ਕਵਿਤਾਵਾਂ ----------------- ੨੮
ਤਰਸੇਵਾਂ, ਗੀਤ—*ਚਰਨ ਸੀਚੇਵਾਲਵੀ* -------- ੩੦
ਪ੍ਰੀਤਮ ਸਿੰਘ ਕਵੀ—*ਸਵਰਨ ਸਿੰਘ ਸਨੇਹੀ* ----- ੩੧
ਮੰਮੀ ਬੱਤੀ ਆ ਗਈ—*ਬਲਦੇਵ ਮਾਧੋਪੁਰੀ* ------ ੩੫
ਸੁਪਨਦੀਪ ਸੰਧੂ ਤੇ ਜਾਣੇ ਅਣਜਾਣੇ ਸਫ਼ਰ
—*ਜਗਦੀਸ਼ ਸਿੰਘ* ------ ੩੯
ਵਾਤਾਵਰਣ ਦਾ ਸਿਹਤ ਤੇ ਪ੍ਰਭਾਵ—*ਡਾ.ਕੇ.ਕੇ. ਗਿੱਲ*
—*ਡਾ. ਜੀ.ਐਸ.ਬੈਂਸ* ---- ੪੩
ਪੁਸਤਕ ਦੀ ਗੱਲ—*ਗੁਰਮੁਖ* -------------- ੪੫
ਸੁਪਨੇ ਦੀ ਗੱਲ—ਮਸਲਾ ਫੋਟੋ ਦਾ
—*ਡਾ. ਲਖਵੀਰ ਸਿੰਘ* ---- ੪੭
ਖ਼ਬਰਨਾਮਾ --------------------------- ੫੦
ਪ੍ਰਤੀਕਿਰਿਆ -------------------------- ੫੩



Sri Satguru Jagjit Singh Ji eLibrary NamdhariElibrary@gmail.com

https://archive.org/details/namdhari



# ਨਾਮ ਦੀ ਮਹਿਮਾ

ਅੱਸੂ ਦਾ ਮਹੀਨਾ ਨਾਮਧਾਰੀ ਜਗਤ ਵਿਚ ਅਹਿਮ ਸਥਾਨ ਰੱਖਦਾ ਹੈ। ਸਾਰਾ ਮਹੀਨਾ ਸ੍ਰੀ ਭੈਣੀ ਸਾਹਿਬ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸਿੱਖ ਅੱਠ ਅੱਠ ਘੰਟੇ ਦਾ ਨਾਮ ਸਿਮਰਨ ਕਰਦੇ ਹਨ। ਆਸਾ ਦੀ ਵਾਰ ਦਾ ਅੰਮ੍ਰਿਤ ਵੇਲੇ ਦਾ ਕੀਰਤਨ ਦੁਪਹਿਰ ਦਾ ਕੀਰਤਨ ਹੋਰ ਦੀਵਾਨ ਅਤੇ ਕਥਾ ਪ੍ਰਵਾਹ ਵੀ ਨਾਲੋ ਨਾਲ ਚਲਦਾ ਹੈ। ਇਸ ਵੇਲ ਸ੍ਰੀ ਭੈਣੀ ਸਾਹਿਬ ਦੀ ਧਰਤੀ ਦੇ ਕਣ ਕਣ ਵਿਚੋਂ ਨਾਮ ਦੀ ਮਹਿਕ ਹੀ ਆਉਂਦੀ ਹੈ। ਸਾਰੇ ਨਾਮ ਅਭਿਆਸੀ ਬ੍ਰਹਮਚਰਯ ਦਾ ਅਭਿਆਸ ਕਰਦੇ ਸਾਦਾ ਭੋਜਨ, ਸਾਦਾ ਪਹਿਰਾਵਾ ਰੱਖਦੇ ਹੋਏ ਘਟ ਮਾਤਰਾ ਵਿਚ ਨੀਂਦਰ ਦਾ ਸੁੱਖ ਮਾਣਦੇ ਹਨ। ਜੀਵਨ ਵਿਚ ਨਾਮ ਸਿਮਰਨ ਦੀ ਮਹੱਤਤਾ ਗੁਰਬਾਣੀ ਵਿਚ ਥਾਂ ਥਾਂ ਵਿਦਮਾਨ ਹੈ।

ਮਨੁਖ ਨੂੰ ਬਾਰ ਬਾਰ ਸਿਮਰਨ ਕਰਨ ਲਈ ਪ੍ਰੇਰਦੇ ਗੁਰੂ ਅਰਜਨ ਦੇਵ ਜੀ ਨਾਮ ਨੂੰ ਜੀਵਨ ਦਾ ਆਧਾਰ ਮੰਨਦੇ ਹਨ।

"ਸਿਮਰਿ ਸਿਮਰਿ ਨਾਮੁ ਬਾਰੰਬਾਰ
ਨਾਨਕ ਜੀਅ ਕਾ ਇਹੈ ਆਧਾਰ"

(ਪੰਨਾ ੨੯੫)

ਨਾਮ ਦੀ ਮਹਿਮਾ ਨਾਲ ਸਮੁਚੀ ਬਾਣੀ ਲਬਾਲਬ ਹੈ। ਅਤੇ ਬਾਣੀ ਦਾ ਧੁਰਾ ਹੈ ਸਤਿਗੁਰੂ। ਆਦਿ ਬਾਣੀ ਦਾ ਆਰੰਭ ੧ਓ ਤੋਂ ਹੁੰਦਾ ਹੈ ਉਸ ਦੇ ਨਾਲ ਹੀ ਇਸ ਓਅੰਕਾਰ ਦੀ ਪਹਿਲੀ ਸਿਫਤ ਸਤਿਨਾਮੁ ਹੈ ਅਤੇ ਇਸ ੧ਓ ਦੀ ਲਖਤਾ ਦਾ ਮਾਧਿਅਮ ਗੁਰੂ ਪ੍ਰਸਾਦਿ ਦਸਿਆ ਹੈ। ਗੁਰੂ ਪ੍ਰਸਾਦਿ ਭਾਵ ਗੁਰੂ ਕ੍ਰਿਪਾ। ਇਸ ਤਰ੍ਹਾਂ ਸ਼ੁਰੂ ਵਿੱਚ ਹੀ ਨਾਮ ਅਤੇ ਸਤਿਗੁਰੂ ਦਾ ਸੰਬੰਧ ਨਿਰਧਾਰਿਤ ਹੋ ਜਾਂਦਾ ਹੈ। ਬਾਕੀ ਸਮੁਚੀ ਬਾਣੀ ਇਸੇ ਦਾ ਵਿਸਥਾਰ ਹੈ।

ਗੁਰੂ ਦਾ ਜੋ ਸਿਖ ਅਖਵਾਉਂਦਾ ਹੈ ਉਸ ਦਾ ਤਾਂ ਪ੍ਰਥਮ ਕਾਰਜ ਹੀ ਨਾਮ ਜਪਣਾ ਦਸਿਆ ਹੈ। ਗੁੂਰੂ ਰਾਮਦਾਸ ਜੀ ਫਰਮਾਂਦੇ ਹਨ :

ਗੁਰੂ ਸਤਿਗੁਰ ਕਾ ਜੋ ਸਿਖੁ ਅਖਾਇ
ਸੁ ਭਲਕੇ ਉਠਿ ਹਰਨਾਮੁ ਧਿਆਵੈ

(ਪੰਨਾ ੩੦੫)

ਇਸ ਪਰਥਾਇ ਚੌਥੇ ਗੁਰੂ ਸਾਹਿਬ ਨੇ ਕੁਝ ਸਖਤ ਸ਼ਬਦ ਵੀ ਵਰਤੇ ਹਨ। ਜਿਨ੍ਹਾਂ ਦੇ ਹਿਰਦੇ ਵਿੱਚ ਨਾਮ ਨਹੀਂ ਉਹਨਾਂ ਦਾ ਮਾਂ ਨੂੰ ਬਾਂਝ ਕਰਨ ਦੀ ਗੱਲ ਤਕ ਕਹਿ ਦਿੱਤੀ ਹੈ।

ਜਿਨ ਹਰਿ ਹਿਰਦੈ ਨਾਮੁ ਨ ਬਸਿਓ
ਤਿਨ ਮਾਤ ਕੀਜੈ ਹਰਿ ਬਾਂਝਾ (ਪੰਨਾ ੬੯੭)

ਇਹ ਨਾਮ ਜੋ ਜੀਵ ਦਾ ਉਧਾਰ ਕਰਨ ਵਾਲੀ ਵਸਤੂ ਹੈ ਇਹ ਆਪਣੇ ਆਪ ਉਪਲਬਧ ਨਹੀਂ ਹੁੰਦੀ। ਰੱਬ ਨੇ ਐਸੀ ਬਣਤਰ ਬਣਾ ਦਿਤੀ ਹੈ ਕਿ ਬਗੈਰ ਸਤਿਗੁਰੂ ਤੋਂ ਨਾਮ ਦੀ ਪ੍ਰਾਪਤੀ ਨਹੀਂ ਹੈ। ਬਾਣੀ ਰਾਹੀਂ ਗੁਰੂ ਜੀ ਨੇ ਦਸਿਆ ਹੈ :

ਬਿਨ ਸਤਿਗੁਰੁ ਕੋ ਨਾਉ ਨਾ ਪਾਏ
ਪ੍ਰਭਿ ਐਸੀ ਬਣਤ ਬਣਾਈ ਹੇ॥ (ਪੰਨਾ ੧੦੪੬)

ਅਨੇਕਾਂ ਸ਼ਬਦਾਂ ਦੁਆਰਾ ਵੱਖ ਵੱਖ ਦ੍ਰਿਸ਼ਟਾਂਤਾਂ ਰਾਹੀਂ ਇਹ ਹੀ ਗੱਲ ਗੁਰੁ ਸਾਹਿਬਾਨ ਦੁਹਰਾਈ ਹੈ ਕਿ ਨਾਮ ਦੀ ਪ੍ਰਾਪਤੀ ਵਾਸਤੇ ਗੁਰੂ ਤੋਂ ਸਿਵਾ ਹੋਰ ਕੋਈ ਥਾਂ ਹੈ ਹੀ ਨਹੀਂ। ਗੁਰੂ ਇਸ ਵਸਤ ਦਾ ਸ਼ਾਹੂਕਾਰ, ਭੰਡਾਰੀ ਹੈ। ਇਹ ਗੁਰੂ ਦਾ ਪਰਉਪਕਾਰ ਹੈ ਕਿ ਉਹ ਨਾਮ ਦਿੰਦਾ ਹੈ ਇਸੇ ਕਰਕੇ ਹੀ ਤਾਂ ਗੁਰੂ ਦੇ ਪਿਤਾ ਗੁਰੂ ਦੀ ਮਾਤਾ ਨੂੰ ਧੰਨ ਕਿਹਾ ਹੈ :

ਗੁਰ ਬਿਨ ਦੂਜਾ ਨਾਹੀ ਥਾਉ
ਗੁਰ ਦਾਤਾ ਗੁਰੁ ਦੇਵੈ ਨਾਉ

(ਮ: ੫, ਪੰਨਾ ੩੮੭)

ਸਤਿਗੁਰੁ ਸਾਹੁ ਸਿਖ ਵਣਜਾਰੇ
ਪੂੰਜੀ ਨਾਮੁ ਲੇਖਾ ਸਾਚੁ ਸਮ੍ਹਾਰੇ

(ਮ: ੫, ਪੰਨਾ ੪੩੦)

ਬਿਨ ਸਤਿਗੁਰ ਨਾਉ ਨ ਪਾਈਐ
ਬੁਝਹੁ ਕਰਿ ਵੀਚਾਰੁ

(ਮ: ੩, ਪੰਨਾ ੬੫੯)

ਸਤਿਗੁਰਿ ਮੰਤ੍ਰ ਦੀਓ ਹਰਿਨਾਮ
ਇਹ ਆਸਹ ਪੂਰਨ ਭਏ ਕਾਮ

(ਮ: ੫, ਪੰਨਾ ੧੯੬)

ਹਰਿ ਨਾਮੁ ਦੀਆ ਗੁਰਿ ਪਰਉਪਕਾਰੀ
ਧਨੁ ਧੰਨੁ ਗੁਰੂ ਕਾ ਪਿਤਾ ਮਾਤਾ॥
ਹਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ
ਜਿਤੁ ਮਿਲਿਐ ਹਰਿਨਾਮੁ ਮੈ ਜਾਤਾ॥

(ਮ: ੩, ਪੰਨਾ ੫੯੨)

*ਗੁਰੂ ਸਾਹਿਬਾਨ, ਸੰਤਾਂ ਭਗਤਾਂ ਅਤੇ ਹੋਰ ਬਾਣੀਕਾਰਾਂ* ਨੇ ਆਪਣੇ ਆਪਣੇ ਅਨੁਭਵਾਂ ਰਾਹੀਂ ਗੁਰੂ ਦੇ ਸੰਕਲਪ, ਗੁਰੂ ਦੀ ਮਹਿਮਾ, ਗੁਰੂ ਦੀਆਂ ਸ਼ਕਤੀਆਂ ਨੂੰ ਅਣਗਿਣਤ ਰੂਪਾਂ ਵਿੱਚ ਵਰਨਣ ਕੀਤਾ ਹੈ। ਇਸ ਤੋਂ ਇਹ ਭਲੀ ਪ੍ਰਕਾਰ ਸਿਧ



Sri Satguru Jagjit Singh Ji eLibrary NamdhariElibrary@gmail.com

ਹੋ ਜਾਂਦਾ ਹੈ ਕਿ ਨਾਮ ਅਤੇ ਗੁਰੂ ਦਾ ਆਪਸੀ ਸੰਬੰਧ ਅਟੁੱਟ ਹੈ। ਨਾਮ ਗੁਰੂ ਬਿਨਾਂ ਨਹੀਂ ਮਿਲਦਾ ਅਤੇ ਸੱਚਾ ਗੁਰੂ ਬਣਦਾ ਹੀ ਨਾਮ ਨਾਲ ਹੈ। ਜਿਸ ਗੁਰੂ ਕੋਲ ਨਾਮ ਨਹੀਂ ਜੋ ਆਪ ਨਹੀਂ ਜਪਦਾ ਦੂਸਰਿਆਂ 'ਚ ਵੰਡਦਾ ਨਹੀਂ ਉਹ ਗੁਰੂ ਕਾਹਦਾ। ਭਾਈ ਗੁਰਦਾਸ ਆਪਣੇ ਇਕ ਕਬਿਤ ਵਿੱਚ ਇਸ ਗੱਲ ਨੂੰ ਸਪਸ਼ਟ ਕਰਦੇ ਹਨ। ਉਹ ਕਹਿੰਦੇ ਹਨ ਕਿ ਬਗੈਰ ਹਵਾ ਦੇ ਚੰਦਨ ਦੀ ਖੁਸ਼ਬੋ ਦਾ ਕੋਈ ਗੁਣ ਨਹੀਂ ਅਤੇ ਚੰਦਨ ਬਿਨਾਂ ਹਵਾ ਸੁਗੰਧਤ ਨਹੀਂ ਹੁੰਦੀ। ਜਿਵੇਂ ਵਧੀਆਂ ਤੋਂ ਵਧੀਆਂ ਦਵਾਈ ਦੇ ਗੁਣ ਵੈਦ ਬਿਨਾਂ ਅਲੋਪ ਰਹਿੰਦੇ ਹਨ ਅਤੇ ਵੈਦ, ਬਗੈਰ ਦਵਾਈ ਦੇ ਰੋਗ ਨਾਸ ਨਹੀਂ ਕਰ ਸਕਦਾ। ਜਿਵੇਂ ਜਹਾਜ਼ ਬਗੈਰ ਮਲਾਹ ਦੇ ਪਾਰ ਨਹੀਂ ਲਿਜਾ ਸਕਦਾ, ਪਰ ਮਲਾਹ ਦਾ ਜਹਾਜ਼ ਬਿਨਾਂ ਕੀ ਭਰੋਸਾ ਇਵੇਂ ਗੁਰੂ ਨਾਮ ਤੋਂ ਬਿਨਾਂ ਪਰਮ ਪਦਵੀ ਨੂੰ ਪਹੁੰਚਦੇ ਅਤੇ ਬਿਨਾਂ ਗੁਰੂ ਤੋਂ ਨਾਮ ਦਾ ਪ੍ਰਕਾਸ਼ ਨਹੀਂ ਹੋ ਸਕਦਾ। ਪੂਰਾ ਕਬਿਤ ਹੈ :

ਜੈਸੇ ਬਿਨ ਪਵਨ ਕਵਨ ਗੁਨ ਚੰਦਨ ਕੈ
ਬਿਨ ਮਲਿਆਗਰ ਪਵਨ ਕਤ ਬਾਸ ਹੈ।
ਜੈਸੇ ਬਿਨ ਬੈਦ ਅਵਖਦ ਗੁਨ ਗੋਪ ਹੋਤ
ਅਵਖਦ ਬਿਨੁ ਬੈਦ ਰੋਗ ਕੋ ਨ ਗ੍ਰਾਸ ਹੈ।
ਜੈਸੇ ਬਿਨ ਬੋਹਿਥ ਨ ਪਾਰ ਪਰੈ ਖੇਵਟ ਸੈ।
ਖੇਵਟ ਬਿਹੂਨ ਕਤ ਬੋਹਿਥ ਬਿਸ੍ਵਾਸ ਹੈ
ਤੈਸੇ ਗੁਰ ਨਾਮ ਬਿਨ ਗੰਮ ਨ ਪਰਮਪਦ
ਬਿਨ ਗੁਰ ਨਾਮ ਨਿਹਕਾਮ ਨ ਪ੍ਰਗਾਸ ਹੈ॥

ਇਕ ਹੋਰ ਕਬਿਤ ਵਿੱਚ ਉਹ ਕਹਿੰਦੇ ਹਨ ਕਿ ਜਿਵੇਂ ਫਲ ਤੋਂ ਬਿਰਖ ਬਣਦਾ ਹੈ ਅਤੇ ਬਿਰਖ ਤੋਂ ਫਲ ਬਣਦਾ ਹੈ, ਜਿਵੇਂ ਚੰਦਨ ਵਿਚ ਵਾਸ਼ਨਾ ਅਤੇ ਵਾਸ਼ਨਾ ਵਿੱਚ ਚੰਦਨ ਹੁੰਦਾ ਹੈ, ਜਿਵੇਂ ਅੱਗ ਵਿੱਚ ਲੱਕੜੀ ਅਤੇ ਲੱਕੜੀ ਵਿੱਚ ਅੱਗ ਹੁੰਦੀ ਹੈ ਤਿਵੇਂ ਸਤਿਗੁਰੂ ਵਿਚ ਸ਼ਬਦ (ਨਾਮ) ਅਤੇ ਸ਼ਬਦ ਵਿੱਚ ਸਤਿਗੁਰੂ ਹੁੰਦਾ ਹੈ :

ਜੈਸੇ ਫਲ ਸੈਂ ਬਿਰਖ, ਬਿਰਖ ਸੈਂ ਹੋਤ ਫਲ
ਅਦਭੁਤਿ ਗਤਿ ਕਛੁ ਕਹਿਨ ਨਾ ਆਵੈ ਜੀ।
ਜੈਸੇ ਬਾਸ ਬਾਵਨ ਮੈ ਬਾਵਨ ਹੈ ਬਾਸ ਬਿਖੈ
ਬਿਸਮ ਚਰਿਤ੍ਰ ਕੋਊ ਮਰਮ ਨਾ ਪਾਵੈ ਜੀ।
ਕਾਸ਼ਟ ਮੈ ਅਗਨਿ ਹੈ, ਅਗਨਿ ਮੈ ਕਾਸ਼ਟ ਹੈ
ਅਤਿ ਅਸਚਰਜ ਹੈ ਕੌਤਕ ਕਹਾਵੈ ਜੀ।
ਸਤਿਗੁਰ ਮੈ ਸਬਦ, ਸਬਦ ਮੈ ਸਤਿਗੁਰ ਹੈ
ਨਿਰਗੁਣ ਗਿਆਨ ਧਿਆਨ ਸਮਝਾਵੈ ਜੀ॥

ਅੱਜ ਦੇ ਸਮੇਂ ਵਿੱਚ ਧਰਮ ਕਰਮ ਕਥਾ ਕੀਰਤਨ ਪਾਠ ਤਾਂ ਬਹੁਤ ਹਨ, ਪਰ ਜਿਹੜੀ ਗੱਲ ਵਲ ਇਹ ਸੰਕੇਤ ਕਰਦੇ ਹਨ, ਨਾਮ ਅਤੇ ਗੁਰੂ ਵਲ ਉਹ ਜਨ ਜੀਵਨ ਵਿਚੋਂ ਮਨਫੀ ਹੁੰਦੇ ਜਾ ਰਹੇ ਹਨ। ਅਗੇ ਵੀ ਬਹੁਤ ਸਮੇਂ ਇਦਾਂ ਦੇ ਆਏ ਹਨ, ਪਰ ਸਦਾ ਹੀ ਗੁਰੂ ਸਤਿਗੁਰੂ ਲੋਕਾਂ ਨੂੰ ਮਾਰਗ ਦਸਦੇ ਕ੍ਰਿਪਾ ਕਰਦੇ ਅਤੇ ਨਾਮ ਧਨ ਲੋਕਾਈ ਨੂੰ ਬਖਸ਼ਦੇ ਆਏ ਹਨ।

ਸ੍ਰੀ ਭੈਣੀ ਸਾਹਿਬ ਉਹ ਪਵਿਤਰ ਧਰਤੀ ਹੈ ਜਿਹੜੀ ਅਜੇਹੇ ਸਤਿਗੁਰੂ ਪੁਰਖਾਂ ਰਾਹੀਂ ਵਰੋਸਾਈ ਹੈ। ਜਿਹੜੇ ਸਦਾ ਨਾਮ ਦੇ ਭੰਡਾਰੀ ਰਹੇ ਹਨ ਅਤੇ ਉਹਨਾਂ ਕਣ ਕਣ ਵਿੱਚ ਨਾਮ ਬੀਜਿਆ ਹੈ, ਸਿਖਾਂ ਵਿੱਚ ਵੰਡਿਆ ਹੈ। ਹਰ ਹਿਰਦੇ ਵਿੱਚ ਰਮੇ ਸਤਿਗੁਰੂ ਰਾਮ ਸਿੰਘ ਜੀ ਨੇ ਤਾ ਨਾਮ ਦਾ ਛਿੱਟਾ ਹੀ ਦੇ ਦਿੱਤਾ। ਰਿਧੀਆਂ ਸਿਧੀਆਂ ਤਾਂ ਨਾਮ ਦੀਆਂ ਦਾਸੀਆਂ ਹਨ। ਸਤਿਗੁਰੂ ਜੀ ਨੇ ਨਾਮ ਨੂੰ ਜੀਵਨ ਦਾ ਆਧਾਰ ਬਣਾਇਆ ਨਾਮ ਧਾਰਨ ਕੀਤਾ ਤੇ ਕਰਾਇਆ, ਇਸੇ ਗੱਲ ਕਰਕੇ ਤਾਂ ਨਾਮਧਾਰੀ ਨਾਮ ਪਿਆ ਉਹਨਾਂ ਦੇ ਸਿੱਖਾਂ ਦਾ। ਸਤਿਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਮਨਸ਼ਾ ਅਨੁਸਾਰ ਇਸ ਕਾਰਜ ਨੂੰ ਬਹੁਤ ਵਿਸਥਾਰ ਦਿਤਾ।

ਅੱਜ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ-ਛਾਇਆ ਹੇਠ ਇਸ ਪ੍ਰੋਗਰਾਮ ਦਾ ਅੰਤਰ-ਰਾਸ਼ਟਰੀ ਪੱਧਰ ਤਕ ਫੈਲਾਅ ਹੋਇਆ ਹੈ। ਸਾਰਾ ਸਾਲ ਇਹ ਕਾਰਜ ਚਲਦਾ ਹੈ, ਪਰ ਸਾਲ ਵਿੱਚ ਇਕ ਮਹੀਨਾ ਅੱਸੂ ਦਾ ਤਾਂ ਆਪ ਨਾਮ ਭਗਤੀ ਦਾ ਅਤਿ ਵਿਸ਼ੇਸ਼ ਪ੍ਰਯੋਗ ਚਲਾਉਂਦੇ ਹਨ।

*—ਜਗਦੀਸ਼ ਸਿੰਘ*

## ਮੇਲਾ ਜੱਪ ਪ੍ਰਯੋਗ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ ਛਾਇਆ ਹੇਠ ਸ੍ਰੀ ਭੈਣੀ ਸਾਹਿਬ ਵਿਚ ਸਾਲਾਨਾ ਜੱਪ ਪ੍ਰਯੋਗ ਦਾ ਮਹਾਨ ਕੁੰਭ ੧ ਅੱਸੂ ੨੦੫੯ (੧੬ ਸਤੰਬਰ ੨੦੦੨) ਤੋਂ ਆਰੰਭ ਹੈ। ਇਸ ਦਾ ਭੋਗ ੨੯ ਅੱਸੂ (੧੩ ਅਕਤੂਬਰ) ਨੂੰ ਪਵੇਗਾ। ਇਸ ਉਪਰੰਤ ਚਾਰ ਦਿਨ ੨੯-੩੦-੩੧ ਅੱਸੂ ਅਤੇ ੧ ਕੱਤਕ (੧੪, ੧੫, ੧੬, ੧੭) ਅਕਤੂਬਰ ਤੱਕ ਵੱਡਾ ਮੇਲਾ ਹੋਵੇਗਾ। ਅੰਤਲੇ ਦਿਨ ੧੭ ਅਕਤੂਬਰ ੨੦੦੨ ਨੂੰ ਸਵੇਰੇ ਸਾਮੂਹਕ ਅਨੰਦ ਕਾਰਜਾਂ ਉਪਰੰਤ ਮੇਲੇ ਦੀ ਸਮਾਪਤੀ ਹੋਵੇਗੀ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਮੇਲਾ ਭੈਣੀ ਸਾਹਿਬ ਦਾ

## ਤਾਰਿਆਂ ਦੀ ਲੋਅ ਵਿਚ

ਉਪਰ ਤਾਰਿਆਂ ਦਾ ਸਾਇਆ ਸੀ ਥੱਲੇ ਮੁਲਾਇਮ ਘਾਹ। ਅੱਸੂ ਦੇ ਮਹੀਨੇ ਵਿੱਚ ਪਰਭਾਤ ਹੋਣ ਵਾਲੀ ਸੀ। ਸੂਰਜ ਦਾ ਰੱਥ ਪਹੁੰਚਣ ਵਿੱਚ ਅੱਧਾ ਪਹਿਰ ਤੋਂ ਵਧ ਸਮਾਂ ਰਹਿੰਦਾ ਸੀ। ਬੰਦੇ ਨੂੰ ਬੰਦੇ ਦਾ ਮੂੰਹ ਨਹੀਂ ਸੀ ਦਿਸਦਾ। ਅੱਧਾ ਲੱਖ ਨਰ ਨਾਰੀਆਂ ਦਾ ਸਮੂਹ ਚੌਕੜੀਆਂ ਮਾਰ ਕੇ ਬੈਠਾ ਸੀ ਪਰ ਕੋਈ ਆਵਾਜ਼ ਨਹੀਂ ਸੀ। ਇਸਤਰੀ ਪੁਰਖਾਂ ਦੀ ਦੋਹਰੀ ਕਤਾਰ ਦਾ ਆਦਿ ਪਤਾ ਨਹੀਂ ਸੀ ਲਗ ਰਿਹਾ। ਇਹ ਹੌਲੀ ਹੌਲੀ ਇਵੇਂ ਇਸ ਜਨ ਸਮੂਹ ਵਿੱਚ ਸਮਾਈ ਜਾ ਰਹੀ ਸੀ ਜਿਵੇਂ ਸਾਗਰ ਵਿੱਚ ਗੰਗਾ। ਬਿਜਲੀ ਦੀ ਰੌਸ਼ਨੀ ਨਹੀਂ ਸੀ। ਬਸ ਸਰਘੀ ਵੇਲੇ ਦੇ ਤਾਰਿਆਂ ਦਾ ਲੋਅ ਸੀ। ਲਾਊਡ ਸਪੀਕਰਾਂ ਦਾ ਰੌਲਾ ਨਹੀਂ ਸੀ ਪਰ ਗੁਰੂ ਨਾਨਕ ਦੀ ਬਾਣੀ ਦਾ ਸੰਗੀਤ ਸੀ। ਆਤਮਾਵਾਂ, ਸਿਖ, ਸਤਿਗੁਰੂ, ਨਾਮ, ਬਾਣੀ, ਪਰਮਾਤਮਾ ਸਭ ਇਕ ਥਾਂ ਸਨ। ਅਰਾਧਨਾ ਦੇ ਸ਼ਬਦ ਮਹਾਂਪੁਰਖਾਂ ਦੇ ਕੰਠਾਂ ਚੋਂ ਪ੍ਰਸਾਰਤ ਹੋ ਕੇ ਆਤਮਾਵਾਂ ਸ਼ਾਂਤ ਅਤੇ ਨਿਰਮਲ ਕਰ ਰਹੇ ਸਨ। ਸਿਰ ਤੋਂ ਪੈਰਾਂ ਤੀਕ ਨਿਰਮਲ ਜਲ ਨਾਲ ਧੋਤੇ ਸਰੀਰ ਅਤੇ ਬਾਣੀ ਨਾਲ ਪਵਿਤਰ ਆਤਮਾਵਾਂ ਆਪਣੇ ਇਸ਼ਟ ਦੇਵ ਸਤਿਗੁਰੂ ਨੂੰ ਨਮਸਕਾਰ ਅਤੇ ਦਰਸ਼ਨ ਕਰਕੇ ਕੇ ਧੰਨ ਹੋ ਰਹੀਆਂ ਸਨ। ਢੌਲਕ ਦੀ ਥਾਪ ਅਤੇ ਛੈਣਿਆਂ ਦੇ ਤਾਲ ਵਿਚੋਂ ਉਭਰ ਕੇ ਆ ਰਹੀਆਂ ਸਾਮੂਹਕ ਸੁਰਾਂ ਪਰਮਾਤਮਾ ਨਾਲ ਸੰਵਾਦ ਰਚਾ ਰਹੀਆਂ ਸਨ। ਸ਼ਬਦਾਂ ਦੀ ਸਮਰਥਾ ਤੋਂ ਪਰੇ ਕੁਝ ਇਹੋ ਜਿਹਾ ਸਮਾਂ ਸੀ ਸ੍ਰੀ ਭੈਣੀ ਸਾਹਿਬ ੨੮ ਸਤੰਬਰ ਦੀ ਸਵੇਰ ਨੂੰ। ਜਪ ਪਰਯੋਗ ਸਮਾਗਮ ਦੇ ਮੇਲੇ ਦੇ ਅੰਤਲੇ ਦਿਨ ਤੋਂ ਦੋ ਹੀ ਦਿਨ ਪਹਿਲਾਂ। ਪ੍ਰਕਿਰਤੀ ਦੀ ਗੋਦ ਵਿੱਚ ਬੈਠਕੇ ਅਰਾਧਣਾ ਕਰਨੀ, ਭਜਨ ਕੀਰਤਨ ਕਰਨਾ ਸ੍ਰੀ ਭੈਣੀ ਸਾਹਿਬ ਦਾ ਖਾਸਾ ਰਿਹਾ ਹੈ। ਕੁਝ ਸਮੇਂ ਤੋਂ ਇਹ ਦੀਵਾਨ ਅਸਥਾਨ ਸਤਿਗੁਰੂ ਪ੍ਰਤਾਪ ਸਿੰਘ ਸਿਮਰਤੀ ਮੰਦਰ ਬਣਿਆ ਰਿਹਾ ਹੈ। ਪਰ ਕੁਝ ਸੰਗਤ ਦੀ ਅਥਾਹ ਹਜ਼ਾਰੀ ਤੇ ਦੂਜਾ ਮੌਸਮ ਦੀ ਅਨੁਕੂਲਤਾ ਕਰਕੇ ਆਸਾ ਦੀ ਵਾਰ ਦਾ ਕੀਰਤਨ ਬਾਹਰ ਹੋਇਆ ਸੀ। ਮਾਸਟਰ ਦਰਸ਼ਨ ਸਿੰਘ, ਬਲੀ ਸਿੰਘ, ਗੁਰਮੁਖ ਸਿੰਘ, ਗੁਰਬਖਸ਼ ਸਿੰਘ ਹਰ ਸ਼ੈ, ਬਾਬਾ ਛਿੰਦਾ ਸਿੰਘ ਜੀ, ਗਿਆਨ ਸਿੰਘ ਪਧਾਣਾ ਅਤੇ ਹੋਰ ਮਹਾਰਥੀਆਂ ਨੇ ਮਿਲਵਾਂ ਕੀਰਤਨ ਕੀਤਾ ਸੀ। ਕੀਰਤਨਕਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨਮੁਖ ਬੈਠੇ ਸਨ। ਕੋਈ ਸਟੇਜ ਨਹੀਂ ਸੀ ਬਸ ਧਰਤੀ ਤੇ ਆਸਨ ਵਿਛਾ ਕੇ ਸਭ ਬੈਠੇ ਸਨ। ਧਰਤੀ ਅਤੇ ਆਕਾਸ਼ ਦਰਮਿਆਨ ਕੋਈ ਪੜਦਾ ਨਹੀਂ ਸੀ। ਸੂਰਜ ਦੀ ਪਹਿਲੀ ਕਿਰਨ ਨਾਲ ਹੀ ਇਹ ਸਮਾਗਮ ਸਮਾਪਤ ਹੋ ਗਿਆ ਸੀ।

ਇਸ ਮੇਲੇ ਸਮੇਂ ਕਈ ਦੀਵਾਨ ਅੰਦਰ ਸਿਮ੍ਰਤੀ ਮੰਦਰ ਵਿੱਚ ਲਗੇ। ਕੁਝ ਬਾਹਰ ਇਵੇਂ ਦੇ ਵਾਤਾਵਰਣ ਵਿੱਚ ਤੇ ਕੁਝ ਵਿਸ਼ਾਲ ਸ਼ਾਮਿਆਨਿਆਂ ਥੱਲੇ। ਰੋਜ਼ ਹਜ਼ੂਰੀ ਨਿਤਨੇਮ ਵਿੱਚ ਨਾਮ ਸਿਮਰਨ ਹੁੰਦਾ। ਅਮ੍ਰਿਤ ਵੇਲੇ ਦੀ ਆਸਾ ਦੀ ਵਾਰ ਕਦੇ ਢੋਲਕ ਛੈਣਿਆਂ ਵਾਲੇ ਸਿੰਘ ਲਾਉਂਦੇ ਅਤੇ ਕਦੇ ਸਿੱਧ ਹਸਤ ਰਾਗੀ। ਇਵੇਂ ਹੀ ਸਾਰਾ ਦਿਨ ਤੇ ਰਾਤ ਕੀਰਤਨ ਹੁੰਦੇ। ਰਾਗੀਆਂ ਦੇ ਕੀਰਤਨ ਵਿੱਚ ੪ ਜੋੜੀਆਂ ਤਬਲਿਆਂ ਦੀਆਂ ਚਾਰ ਪੰਜ ਦਿਲਰੁਬਾ ਹੁੰਦੇ ਤੇ ਬਹੁਤ ਸਾਰੇ ਕੀਰਤਨਕਾਰ ਧਰੁਪਦ-ਧਮਾਰ-ਅਤੇ ਗੁਰਮਤ ਸ਼ੈਲੀ ਵਿੱਚ ਕੀਰਤਨ ਨਾਲ ਰੰਗ ਬੰਨਦੇ। ਸੰਤ ਖਜ਼ਨ ਸਿੰਘ, ਹਰਬੰਸ ਸਿੰਘ, ਹਰਭਜਨ ਸਿੰਘ, ਬਲਜੀਤ ਸਿੰਘ, ਮੋਹਣ ਸਿੰਘ, ਸੁਖਦੇਵ ਸਿੰਘ, ਸ਼ੇਰ ਸਿੰਘ ਸੁਰਿੰਦਰ ਸਿੰਘ, ਗੁਰਪ੍ਰੀਤ ਸਿੰਘ, ਜਤਿੰਦਰ ਸਿੰਘ, ਅਤੇ ਹੋਰ ਵੱਡੀਆਂ ਛੋਟੀਆਂ ਉਮਰਾਂ ਵਾਲੇ ਕਲਾਕਾਰ ਰਾਗੀ ਆਪਣੇ ਆਪਣੇ ਸਾਜ਼ਾਂ ਤੇ ਗਲਿਆਂ ਨਾਲ ਇਸ ਕਾਰਜ ਵਿੱਚ ਹਿੱਸਾ ਲੈਂਦੇ। ਸਭ ਦੀ ਅਗਵਾਈ ਸਤਿਗੁਰੂ ਜਗਜੀਤ ਸਿੰਘ ਦੀ ਆਪ ਕਰਦੇ।

## ਹੱਲੇ ਦੇ ਦੀਵਾਨ

ਨਾਮਧਾਰੀ ਸਮਾਗਮਾਂ ਦਾ ਇਕ ਵਿਸ਼ੇਸ਼ ਭਾਗ ਹੈ ਹੱਲੇ ਦੇ ਦੀਵਾਨ। ਢੋਲਕ ਛੈਣਿਆਂ ਨਾਲ ਮਿਲਵਾਂ ਕੀਰਤਨ ਉਚੀਆਂ ਸੁਰਾਂ ਵਿੱਚ ਹੱਲਾ ਕਰਕੇ ਪੜ੍ਹਨਾ। ਇਸ ਕੀਰਤਨ ਦੇ ਮੁਹਰੈਲ ਨੂੰ ਜਥੇਦਾਰ ਕਿਹਾ ਜਾਂਦਾ ਹੈ। ਮਸਤੀ ਦੇ ਰੰਗ ਵਿੱਚ ਰੰਗਣ ਵਾਲੀ ਇਸ ਕੀਰਤਨ ਸ਼ੈਲੀ ਵਿੱਚ ਸ਼ਬਦ ਕੀਰਤਨ ਨਾਲ ਵਖਿਆਨ ਵੀ ਚਲਦਾ ਹੈ। ਧਾਰਨਾ ਵੀ ਪੜ੍ਹੀਆਂ ਜਾਂਦੀਆਂ ਹਨ ਕੋਈ ਕੋਈ ਗੀਤ ਵੀ ਪੜ੍ਹਦੇ ਹਨ। ਸਾਰੀ ਸਾਰੀ ਰਾਤ ਇਹ ਦੀਵਾਨ ਲੱਗੇ ਰਹਿੰਦੇ ਹਨ।......

*—ਵਰਿਆਮ ਨਵੰਬਰ ੧੯੯੨ ਵਿਚੋਂ ਕੁਝ ਭਾਗ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਨਾਮ ਬਿਨਾ ਜੋ ਪਹਿਰੈ ਖਾਏ

*—ਜਸਟਿਸ ਮਹਿੰਦਰ ਸਿੰਘ ਜੋਸ਼ੀ*

ਇਕ ਵਾਰ ਕਿਸੇ ਸਿਆਣੇ ਕੋਲ ਪ੍ਰਸ਼ਨ ਉਠਾਇਆ ਗਿਆ, 'ਖਾਣਾ ਕਿਸ ਵਕਤ ਖਾਣਾ ਚਾਹੀਦਾ ਹੈ ? ਉਹਨੇ ਉੱਤਰ ਦਿੱਤਾ, 'ਅਮੀਰ ਨੂੰ ਜਦੋਂ ਭੁੱਖ ਲਗੇ, ਗਰੀਬ ਨੂੰ ਜਦੋਂ ਜੁੜ ਜਾਇ'। ਸੋ ਜੋ ਹੋਰ ਰੁਝੇਵਿਆਂ ਕਾਰਣ ਕਿਸੇ ਖਾਸ ਸਮੇਂ ਹੀ ਵਿਹਲ ਲਭਦੀ ਹੋਵੇ ਤਾਂ ਉਦੋਂ ਹੀ ਨਾਮ ਅਭਿਆਸ ਕਰ ਲੈਣਾ ਚਾਹੀਦਾ ਹੈ। ਜੇ ਵਕਤ ਚੁਣਨ ਦੀ ਗੁੰਜਾਇਸ਼ ਹੋਵੇ ਤਾਂ ਫਿਰ ਸੁਬਾਹ ਸਵੇਰੇ। ਕਿਉਂਕਿ ਉਸ ਘੜੀ ਪਿਛਲੇ ਦਿਨ ਦਾ ਖਾਧਾ ਪੀਤਾ ਹਜ਼ਮ ਹੋ ਜਾਣ ਤੇ ਪੇਟ ਹਲਕਾ ਹੁੰਦਾ ਹੈ, ਤੇ ਠੀਕ ਤਰ੍ਹਾਂ ਬੈਠਣ ਵਿੱਚ ਦਿੱਕਤ ਪੇਸ਼ ਨਹੀਂ ਆਉਂਦੀ। ਇਸ ਤੋਂ ਬਿਨਾਂ ਪੂਰੀ ਨੀਂਦ ਮਾਣ ਲੈਣ ਪਿਛੋਂ ਮਨ ਸ਼ਾਂਤ ਵੀ ਹੁੰਦਾ ਹੈ, ਕਲ੍ਹ ਦੇ ਮਸਲੇ ਕਾਫੀ ਕੁਝ ਭੁਲ ਗਏ ਹੁੰਦੇ ਹਨ, ਅੱਜ ਦੇ ਹਾਲੀਂ ਪੈਦਾ ਨਹੀਂ ਹੋਏ ਹੁੰਦੇ। ਨਾ ਆਵਾਜਾਈ ਦਾ ਸ਼ੋਰ, ਨਾ ਮੁਲਾਕਾਤੀਆਂ ਵਲੋਂ ਵਿਘਨ ਪੈਣ ਦਾ ਡਰ। ਇਹ ਸਭ ਕੁਝ ਸੋਚ ਕੇ ਹੀ ਗੁਰੂ ਨਾਨਕ ਸਾਹਿਬ ਨੇ ਕਿਹਾ ਹੈ :

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।
(ਪੰਨਾ ੨)

ਤੇ ਗੁਰੂ ਰਾਮਦਾਸ ਜੀ ਮਹਾਰਾਜ ਦਸਦੇ ਹਨ :

ਹਰਿ ਧਨੁ ਅੰਮ੍ਰਿਤੁ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ।
(ਪੰਨਾ ੭੩੪)

ਨਾਮ, ਸ਼ਬਦ ਕਰਮਾਂ ਨੂੰ ਮੇਟਣ ਤੇ ਜਨਮਾਂ ਤੋਂ ਨਜਾਤ ਦਵਾਉਣ ਵਾਲਾ ਹੈ, ਅਨੰਤ ਸੁਖਾਂ ਦਾ ਭੰਡਾਰ ਹੈ, ਮੁਕਤੀ ਦਾਤਾ ਹੈ, ਅੰਮ੍ਰਿਤ ਜਿਹਾ ਮਿੱਠਾ ਹੈ, ਕਲਿਆਣਕਾਰੀ ਹੈ ਤੇ ਇਸ ਲਈ ਹਿਰਦੇ ਵਿੱਚ ਵਸਾਉਣ ਜੋਗੀ ਇਕੋ ਇਕ ਅਣਮੁੱਲੀ ਵਸਤ ਹੈ, ਪਰ ਹਿਰਦਾ ਅਸੀਂ ਪੂਰੇ ਦਾ ਪੂਰਾ ਸੰਸਾਰ ਦੇ ਝੂਠੇ ਰਸਾਂ-ਕਸਾਂ ਨੂੰ ਸਮਰਪਿਤ ਕਰੀ ਰੱਖਦੇ ਹਾਂ, ਜਿਵੇਂ ਮਾਲ ਦੌਲਤ ਦੀ ਲਾਲਸਾ, ਸੁਆਦੀ ਭੋਜਨਾਂ ਦੀ ਕਾਮਨਾ, ਇਸਤ੍ਰੀ ਦਾ ਮੋਹ, ਵਧੀਆ ਸਵਾਰੀ, ਸੁੰਦਰ ਮਕਾਨ, ਆਰਾਮਦੇਹ ਸੇਜ, ਜੀਅ ਲੁਭਾਉਣੇ ਤੇਲ, ਫੁਲੇਲ ਦੀ ਖਿੱਚ, ਫੇਰ ਵਿਚਾਰਾ ਨਾਮ ਸਮਾਵੇ ਤਾਂ ਕਿਸ ਥਾਂ ?

ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ।
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ।
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸ।
(ਮ: ੧, ਪੰਨਾ ੧੫)

ਕਿਉਂਕਿ ਸਾਡਾ ਇਹਨਾਂ ਰਸਾਂ ਦਾ ਲੋਭ ਸੰਤੁਸ਼ਟ ਹੋਣ ਵਿੱਚ ਨਹੀਂ ਆਉਂਦਾ ਉਹ ਸਾਨੂੰ ਮੁੜ-ਮੁੜ ਇਸ ਦੋਜ਼ਖ ਰੂਪੀ ਸੰਸਾਰ ਵਿੱਚ ਫੇਰੇ ਪਵਾਈ ਜਾਂਦੇ ਹਨ :

ਦੇਦਾਂ ਦੇ ਲੈਂਦੇ ਥਕਿ ਪਾਹਿ।
ਜੁਗਾ ਜੁਗੰਤਰਿ ਖਾਹੀ ਖਾਹਿ।
(ਮ: ੧, ਪੰਨਾ ੨)

ਨਾਮ ਵਲੋਂ ਬੇਮੁਖ ਹੋ ਕੇ ਬੇਸ਼ੱਕ ਕਰੋੜਾਂ ਹੀ ਕਰਮ ਕਰ ਲਏ ਜਾਣ, ਉਹ ਸਾਧਕ ਨੂੰ ਮੋਖਸ਼ ਦਾ ਅਧਿਕਾਰੀ ਨਹੀਂ ਬਣਾਉਣਗੇ, ਸਗੋਂ ਉਹਦੀ ਅਹੰ ਨੂੰ ਥਾਪੜਾ ਦੇ ਕੇ ਨਰਕਾਂ ਵਿੱਚ ਲੈ ਜਾ ਸੁਟਣਗੇ :

ਨਾਮ ਸੰਗਿ ਮਨਿ ਪ੍ਰੀਤ ਨਾ ਲਾਵੈ।
ਕੋਟਿ ਕਰਮ ਕਰਤੋ ਨਰਕਿ ਜਾਵੈ।
(ਮ: ੫, ਪੰਨਾ ੨੪੦)

ਏਹੋ ਜਿਹੇ ਲੋਕਾਂ ਨੂੰ ਅਗਲੇ ਜਹਾਨ ਵਿੱਚ ਆਦਰ ਸਤਕਾਰ ਕੀ ਮਿਲਣਾ ਸੀ, ਉਹ ਜਮਪੁਰੀ ਨੂੰ ਚੋਰਾਂ ਵਾਂਗੂੰ ਮੁਸ਼ਕਾਂ ਕੱਸ ਕੇ ਲੈ ਜਾਏ ਜਾਂਦੇ ਹਨ :

ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ।
ਚੋਰ ਕੀ ਨਿਆਈ ਜਮ ਪੁਰਿ ਬਾਧਾ।
(ਮ: ੫ ਪੰਨਾ ੨੪੦)

ਉਹਨਾਂ ਦਾ ਇਸ ਸੰਸਾਰ ਵਿੱਚ ਖਾਣਾ, ਹੰਢਾਉਣਾ ਵੀ ਓਵੇਂ ਹੈ ਜਿਵੇਂ ਕੋਈ ਕੁੱਤਾ ਏਧਰ ਉਧਰ ਬਿਖਰੀ ਜੂਠ ਵਿੱਟ ਮੂੰਹ ਮਾਰਦਾ ਫਿਰਦਾ ਹੋਵੇ :

ਨਾਮ ਬਿਨਾ ਜੋ ਪਹਿਰੈ ਖਾਇ।
ਜਿਉ ਕੂਕਰੁ ਜੂਠਨ ਮਹਿ ਪਾਇ। (ਮ: ੫, ਪੰਨਾ ੨੪੦)

ਨਾਮ ਤੋਂ ਸੱਖਣੇ ਪ੍ਰਾਣੀਆਂ ਦੀ ਹੋਂਦ ਦਾ ਕੀ ਮੁੱਲ ਹੈ? ਇਸ ਸਵਾਲ ਦਾ ਜਵਾਬ ਦਿੰਦਿਆਂ ਫ਼ਰੀਦ ਸਾਹਿਬ ਕਹਿੰਦੇ ਹਨ : ਵਿਸਰਿਆ ਜਿਨ੍ਹ ਨਾਮੁ ਤੇ ਭੁਇ ਭਾਰੁ ਥੀਏ। (ਪੰਨਾ ੪੮੮)। ਉਹ ਨਿਰਾ ਬੋਝ ਹਨ ਜਿਹੜਾ ਧਰਤੀ ਨੂੰ ਚੁਕਣਾ ਪੈਂਦਾ ਹੈ, ਅਣਹੋਇਆਂ ਤੋਂ ਵੀ ਭੈੜੇ।

*(ਪੁਸਤਕ "ਅੰਮ੍ਰਿਤ ਨਾਮ" 'ਚੋਂ ਧੰਨਵਾਦ ਸਹਿਤ)*



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਸ੍ਰੀ ਮਾਤਾ ਭੁਪਿੰਦਰ ਕੌਰ ਜੀ

—ਪ੍ਰੀਤਮ ਸਿੰਘ ਕਵੀ

ਪਰਮ ਪ੍ਰਤਾਪੀ, ਗੁਰੂ ਨਾਨਕ ਫੁਲਵਾੜੀ ਦੇ ਪ੍ਰਤਿਪਾਲਕ, ਕਰਮਯੋਗੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਗ੍ਰਹਿ ਸ਼ੋਭਾ ਸ੍ਰੀ ਮਾਤ ਭੁਪਿੰਦਰ ਕੌਰ ਜੀ ਨਾਮਧਾਰੀ ਮਰਿਯਾਦਾ ਨਾਲ ਆਨੰਦ ਕਾਰਜ ਕਰਵਾ ਕੇ ੨੨ ਦਸੰਬਰ ੧੯੧੪, ਈ: ਦਿਨ ਮੰਗਲਵਾਰ (ਪੋਹ ੧੯੭੧ ਬਿ:) ਨੂੰ ਸ੍ਰੀ ਭੈਣੀ ਸਾਹਿਬ ਪਰਵੇਸ਼ ਕੀਤੇ। ਸਮੁਚੇ ਸਤਿਗੁਰਾਂ ਵਿਚੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਹਿਲੇ ਸਤਿਗੁਰੂ ਸਨ ਜਿਨ੍ਹਾਂ ਦਾ ਵਿਆਹ-ਸੰਜੋਗ ਗੁਰਬਾਣੀ ਦੀਆਂ ਲਾਵਾਂ ਦੇ ਪਾਠ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ੩ ਜੂਨ ੧੮੬੩ ਈ: ਤੋਂ ਪਿੰਡ ਖੋਟੇ ਜ਼ਿਲ੍ਹਾ ਫੀਰੋਜ਼ਪੁਰ ਵਿੱਚ ਜਾਰੀ ਕੀਤੀ ਆਨੰਦ ਮਰਿਯਾਦਾ ਨਾਲ ਪਰਵਾਨ ਚੜ੍ਹਿਆ।

ਸ੍ਰੀ ਮਾਤਾ ਭੁਪਿੰਦਰ ਕੌਰ ਜੀ ਉਸ ਚੌਧਰੀ ਹਮੀਰ ਸਿੰਘ ਦੇ ਕੁਲ ਦੀਪਕ ਸਨ ਜਿਸਨੇ ਕਦੇ ਰਾਜਸਥਾਨ ਵਿਚ ਵਡੇਰੀਆਂ ਮੱਲਾਂ ਮਾਰੀਆਂ ਤੇ ਫੇਰ ਕਿਸੇ ਕਾਲ ਮਾਰੇ ਸਮੇਂ ਵਿੱਚ ਪੰਜਾਬ ਦੇ ਮਾਲਵਾ ਖੇਤਰ ਵਿੱਚ ਆ, ਅਬੋਹਰ ਦੇ ਲਾਗਚਾਗ ਕਈ ਪਿੰਡ ਵਸਾਏ। ਜਿਨ੍ਹਾਂ ਚੋਂ ਏਸ ਨਗਰ ਦਾ ਪਹਿਲਾ ਨਾਮ 'ਰੱਤਾ-ਵਾਸ' ਸੀ, ਜਿਸਨੂੰ ਪਿਛੋਂ ਜਾਕੇ 'ਗੱਦਾਂ-ਡੋਬ' ਕਿਹਾ ਜਾਣ ਲੱਗਾ। ਪ੍ਰੰਤੂ ਗੁਰੂ ਹਰੀ ਸਿੰਘ ਜੀ ਨੇ ਏਸ ਨਗਰ ਤੇ ਕ੍ਰਿਪਾ ਕੀਤੀ। ਇਸਨੂੰ 'ਗੁਰੂਸਰ' ਨਾਮ ਦਿਤਾ। ਇਹ ਪਿੰਡ ਦਬਵਾਲੀ-ਅਬੋਹਰ ਰੋਡ ਤੇ ਮਲੋਟੋਂ ਲੰਘ ਕੇ, ਸੜਕੋਂ ਉੱਤਰ ਦਿਸ਼ਾ ਵੱਲ ੫ ਕਿਲੋਮੀਟਰ ਦੇ ਫਾਸਲੇ ਤੇ ਹੈ।

ਇਸ ਨਗਰ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਗੁਰੂ-ਸਿਖੀ ਦਾ ਆਧਾਰ ਮੌਜੂਦ ਸੀ। ਸ: ਸੱਦਾ ਸਿੰਘ ਸੁੰਦਰ ਸਿੰਘ ਪਿੰਡ ਦੇ ਤਕੜੀ ਮੱਲ ਗੁਜ਼ਾਰ ਵਾਲੇ ਸਨ ਅਤੇ ਇਹ ਮਾਨਤਾ ਦੇ ਪੱਖੋਂ ਨਾਮਧਾਰੀ ਸਦਵਾਂਦੇ ਸਨ। ਸ: ਸੱਦਾ ਸਿੰਘ ਤਾਂ ਪਿੰਡ ਦਾ ਨੰਬਰਦਾਰ ਅਤੇ ਚੌਧਰੀ ਕਿਸਮ ਦਾ ਆਦਮੀ ਸੀ ਪ੍ਰੰਤੂ ਸ: ਸੁੰਦਰ ਸਿੰਘ ਤਾਂ ਪੂਰਨ ਰੂਪ ਵਿੱਚ ਨਾਮਧਾਰੀ ਸੰਤ ਬਣ ਗਿਆ ਸੀ।

ਉੱਨ ਦੀਆਂ ਭੂਰੀਆਂ ਪਹਿਨ ਕੇ, ੪-੪ ਕੋਹ ਤੋਂ ਸੁੱਚਾ ਜਲ ਲਿਆ ਕੇ ਕਠਿਨ ਮਰਿਯਾਦਾ ਦਾ ਨਿਰਵਾਹ ਕੀਤਾ ਜਾਂਦਾ ਸੀ ਅਤੇ ਮਾਲਵੇ ਦਾ ਕੁਝ ਅਜਿਹੇ ਸੋਧੀਆਂ ਦਾ ਜਥਾ 'ਭੂਰੀਆਂ ਵਾਲੇ' ਦੇ ਤੌਰ ਤੇ ਜਾਣਿਆ ਜਾਂਦਾ ਸੀ।

ਇਕ ਵਾਰ ਸਤਿਗੁਰੂ ਸਿੰਘ ਜੀ ਨੇ ਭਰੇ ਦੀਵਾਨ ਵਿੱਚ ਆਪਣੇ ਆਸਣ ਤੋਂ ਉਠਕੇ, ਇਹਨਾਂ ਭੂਰੀਆਂ ਵਾਲਿਆਂ ਵਿਚ ਜਾਕੇ ਬੈਠਣ ਦਾ, ਇਨ੍ਹਾਂ ਨੂੰ ਮਾਣ ਬਖਸ਼ਿਆ।

ਪਿੰਡ ਗੱਦਾਂ-ਡੋਬ (ਗੁਰੂ-ਸਰ) ਵਿਖੇ ਅਨੇਕਾਂ ਵਾਰ ਗੁਰੂ ਰਾਮ ਸਿੰਘ ਜੀ ਅਤੇ ੧੯੭੨ ਈ: ਤੋਂ ਪਿਛੋਂ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਹੋਏ ਅਤੇ ਸ: ਸੁੰਦਰ ਸਿੰਘ ਦਾ ਘਰ ਹੀ ਅਜਿਹੇ ਮੇਲੇ ਕਰਵਾਣ ਵਾਲਿਆਂ ਵਿਚੋਂ ਸੀ।

ਇਸ ਘਰ ਘਰਾਣੇ ਦਾ ਮਾਣ ਸਨ ਮਾਤਾ ਭੁਪਿੰਦਰ ਕੌਰ ਜੀ ਜੋ ਪੇਕਿਆਂ ਵਿਚ 'ਵੀਰੋ' ਨਾਮ ਕਰਕੇ ਹੀ ਜਾਣੇ ਜਾਂਦੇ ਸਨ। ਜਨਮ ਨਵੰਬਰ ੧੮੯੮ ਈ: (ਕਤਕ ੧੯੫੫ ਬਿ:), ਪਿਤਾ ਸ: ਸੁੰਦਰ ਸਿੰਘ, ਮਾਤਾ ਬੀਬੀ ਰਾਮ ਕੌਰ ਜੀ ਦੀ ਸੰਤਾਨ ਵਜੋਂ ਪੰਜਵੀ ਬੱਚੀ, ਤਿੰਨ ਵੀਰਾਂ ਦੀ ਦੂਜੀ ਭੈਣ ਮੁੱਢ ਤੋਂ ਹੀ ਅੰਤਰਮੁਖੀ ਪਰਵਿਰਤੀ ਦੀ ਸੀ ਅਤੇ ਜਿਉਂ ਜਿਉਂ ਆਯੂ ਦੇ ਸਾਲ ਵਧੇ ਤਿਉਂ ਤਿਉਂ ਸਾਤਵਿਕ ਗੁਣਾਂ ਦਾ ਵਿਸਥਾਰ ਹੁੰਦਾ ਚਲਾ ਗਿਆ। ਇਨ੍ਹਾਂ ਦੇ ਮੱਥੇ ਨੂੰ ਵੇਖ ਕਿਸੇ ਵਡੇਰੇ ਆਖਿਆ ਸੀ ਵੀਰੋ ਜਗਤ ਮਾਤਾ ਹੋਏਗੀ। ਇਸ ਨੂੰ ਕੋਈ ਮੰਦਾ ਬੋਲ ਕੇ ਫਿਟਕਾਰੇ ਨਾ। ਆਪ ਨੇ ੧੦ ਸਾਲ ਦੀ ਉਮਰੇ ਹੀ ਸ੍ਰੀ ਆਦਿ ਗ੍ਰੰਥ ਜੀ ਦਾ ਪਾਠ ਕਰ ਲਿਆ। ਅਤੇ ਪੰਜ ਬਾਣੀਆਂ ਕੰਠੋਂ ਪੜ੍ਹਨ ਲਗ ਪਏ। ਸੇਵਾ ਸਤਿਕਾਰ, ਸੁਹਜ, ਸੁਹਿਰਦਤਾ, ਨਮਰਤਾ, ਸਹਿਨਸ਼ੀਲਤਾ ਆਦਿ ਸਤੋਗੁਣਾਂ ਦੇ ਘੇਰੇ ਨੇ ਆਪ ਜੀ ਦੇ ਮੁਖੜੇ ਦਾ ਨੂਰ ਦੋਬਾਲਾ ਕਰ ਦਿਤਾ।

ਸੰਤ ਸੁੰਦਰ ਸਿੰਘ ਜੀ ਦੀ ਵਧਦੀ ਉਮਰ ਦੁਆਰਾ ਪੈਦਾ ਹੋਈ ਸਰੀਰਕ ਕਮਜ਼ੋਰੀ ਨਾਲ ਇਹ ਫਿਕਰ ਵੀ ਵਾਧੇ ਪੈ ਗਿਆ ਕਿ 'ਵੀਰਾਂ' ਲਈ ਯੋਗ ਵਰ ਕੌਣ ਹੋ ਸਕਦਾ ਹੈ ? ਅਤੇ ਮਾਤਾ-ਪਿਤਾ ਦਾ ਗੁਣਾ ਗੁਰੂ ਘਰ ਦੇ ਸਿਰਮੌਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਪਿਆ ਜੁ ਓਦੋਂ ੨੪ ਸਾਲਾਂ ਦੇ ਭਰਪੂਰ ਜਵਾਨ ਸਨ ਅਤੇ ੧੯੦੬ ਈ: ਤੋਂ ਗੁਰੂ ਗੱਦੀ ਆਸੀਨ ਸਨ।

ਮਾਤਾ ਪਿਤਾ ਨੇ ਪਹਿਲਾਂ ਆਪ ਵਿਚਾਰ ਕਰਕੇ ਫੇਰ ਆਪਣੇ ਸਪੁਤਰਾਂ ਸ: ਕ੍ਰਿਪਾਲ ਸਿੰਘ, ਸੰਤ ਮੀਹਾਂ ਸਿੰਘ, ਸ:



Sri Satguru Jagjit Singh Ji eLibrary NamdhariElibrary@gmail.com

ਨਾਹਰ ਸਿੰਘ ਅਤੇ ਵੱਡੀ ਤੇ ਵਿਵਾਹਤ ਲੜਕੀ ਬੀਬੀ ਹਰਨਾਮ ਕੌਰ ਨੂੰ ਵਿਸ਼ਵਾਸ ਵਿੱਚ ਲਿਆ। ਇਸ ਇੱਛਾ ਦੀ ਬੇਨਤੀ ਮਾਤਾ ਜੀਉਣ ਕੌਰ ਜੀ ਗੁਰੂ ਹਰੀ ਸਿੰਘ ਜੀ ਦੇ ਮਹਿਲਾਂ ਨੂੰ ਭੇਜੀ ਗਈ। ਸ੍ਰੀ ਮਾਤਾ ਜੀਉਣ ਕੌਰ ਜੀ-ਮਾਤਾ ਫਤਹ ਕੌਰ ਜੀ ਦੁਹਾਂ ਭੈਣਾਂ ਨੂੰ ਸੁਭਾਉਕੋਂ ਹੀ ਬੜੀ ਪ੍ਰਸੰਨਤਾ ਹੋਈ।

ਬਾਬਾ ਸੁੰਦਰ ਸਿੰਘ ਰਾਮ ਕੌਰ ਜੀ ਦੀ ਇੱਛਾ ਦਾ ਪਤਾ ਜਦੋਂ ਸ: ਸੱਦਾ ਸਿੰਘ ਨੂੰ ਲੱਗਾ ਤਾਂ ਉਹ ਇਹਨਾਂ ਸੰਬੰਧਾਂ ਦੇ ਵਿਰੋਧ ਵਿਚ ਖਲੋ ਗਿਆ। ਪਰ, ਏਧਰ ਗੁਰੂ ਘਰ ਹੋਣ ਕਰਕੇ ਉਹਦੀ ਪੇਸ਼ ਕੋਈ ਨਾ ਗਈ। ਇਹਨਾਂ ਹੀ ਦਿਨਾਂ ਵਿੱਚ ਬਾਬਾ ਸੁੰਦਰ ਸਿੰਘ ਪਰਲੋਕ ਗਮਨ ਕਰ ਗਏ।

ਸੁੰਦਰ ਸਿੰਘ ਜੀ ਦੇ ਘਰੋਂ ਤੇ ਉਹਨਾਂ ਦੇ ਸਪੁਤਰਾਂ ਅਨੰਦ ਕਾਰਜ ਦੀ ਜ਼ਿਮੇਵਾਰੀ ਆਪਣੇ ਸਿਰ ਲੈ ਲਈ। ਅਨੰਦ ਕਾਰਜ ਵਾਲੇ ਦਿਨ ਤੋਂ ਇਕ ਦਿਨ ਪਹਿਲਾਂ (੨੧ ਦਸੰਬਰ ੧੯੧੪) ਲੁਧਿਆਣੇ ਤੋਂ ਅਬੋਹਰ ਲਾਈਨ ਤੇ ਪੱਕੀ ਦੇ ਸਟੇਸ਼ਨ ਤਕ ਇਕ ਰੇਲ ਗੱਡੀ ਚੱਲੀ, ਜਿਸ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੂਲ੍ਹਾ ਰੂਪ ਵਿੱਚ, ਸਮੁਚਾ ਗੁਰੂ ਪਰਵਾਰ, ਵਡੇ ਵਡੇ ਨਾਮਧਾਰੀ ਸੰਤ ਮਹਾਤਮਾ, ਹੋਰ ਧਰਮਾਂ ਸੰਸਥਾਵਾਂ ਦੇ ਮੁਖੀ, ਪਰਚਾਰਕ, ਰਾਗੀ, ਰਬਾਬੀ ਤੇ ਧਨੀਮਾਨੀ ਸਵਾਰ ਸਨ। ਪੱਕੀ ਸਟੇਸ਼ਨ ਤੋਂ ਅਗਲਾ ੬-੭ ਕਿਲੋਮੀਟਰ ਦਾ ਸਫਰ ਸਚਮੁਚ ਹੀ ਆਨੰਦ ਮੇਲੇ ਦਾ ਜਲੂਸ ਸੀ, ਜਿਸ ਵਿੱਚ ਇਲਾਕੇ ਦੇ ਆਮ ਲੋਕ ਘੋੜੀਆਂ, ਗਡ-ਬਹਿਲਾਂ, ਰੱਥ ਆਦਿ ਲੈ ਕੇ ਹਾਜ਼ਰ ਹੋਏ।

ਹਰ ਪਰਕਾਰ ਦੀ ਚੌਕਸੀ ਦੇ ਦਰਮਿਆਨ ਬੀਬੀ ਵੀਰਾਂ ਦੇ ਸੋਲ੍ਹਵੇਂ ਸਾਲ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਨਾਮਧਾਰੀ ਅਨੰਦ-ਮਰਿਯਾਦਾ ਅਨੁਸਾਰ ਵਿਆਹ ਹੋ ਗਿਆ। ਸੇਵਾ-ਸਤਿਕਾਰ ਅਤੇ ਖੁਸ਼ੀਆਂ ਦਾ ਇਹ ਸਮਾਗਮ ਭੈਣੀ ਸਾਹਿਬ ਵਿਖੇ ਆਣ ਕੇ ਹੋਰ ਵੀ ਉਤਸ਼ਾਹ ਦੇ ਹੁਲਾਰੇ ਵਿੱਚ ਬਦਲ ਗਿਆ।

ਹੁਣ ਬੀਬੀ ਵੀਰਾਂ ਭੂਪਿੰਦਰ ਕੌਰ ਜੀ ਦੇ ਨਾਂ ਨਾਲ ਜਾਣੇ ਜਾਣ ਲਗੇ। ਦੋਹਾਂ ਮਾਤਾਵਾਂ (ਸੱਸਾਂ) ਅਤੇ ਵੱਡੀ ਦਰਾਣੀ (ਮਹਾਰਾਜ ਨਿਹਾਲ ਸਿੰਘ ਜੀ ਦੇ ਘਰੋਂ ਬੀਬੀ ਸਤਵੰਤ ਕੌਰ ਜੀ) ਦੇ ਚਾਵਾਂ ਦਾ ਅੰਤ ਨਹੀਂ ਸੀ ਤੇ ਨਗਰ ਦੀਆਂ ਹੋਰ ਨੂੰਹਾਂ, ਧੀਆਂ ਤੇ ਵਡੀਆਂ ਵਡੇਰੀਆਂ ਨੂੰ ਵੀ ਇਹ ਸਮਾਂ ਸਹਿਕਦਿਆਂ ਪ੍ਰਾਪਤ ਹੋਇਆ ਸੀ।

ਮਾਤਾ ਭੂਪਿੰਦਰ ਕੌਰ ਜੀ ਨੇ ਆਪਣੀ ਆਮਦ ਨਾਲ ਗੁਰੂ ਘਰ ਵਿੱਚ ਗੁਰੂ ਰਾਮ ਸਿੰਘ ਜੀ ਦੀ ਇਕ ਹੋਰ ਮਨਸ਼ਾ ਨੂੰ ਰੂਪ-ਮਾਨ ਕੀਤਾ, ਰਾਮਗੜ੍ਹੀਆਂ ਨਾਲ ਜ਼ਮੀਦਾਰਾ ਬਰਾਦਰੀ ਦੇ ਸੰਬੰਧ, ਜਿਸਦੀ ਦਾਗਬੇਲ ਪਹਿਲਾਂ ਹੀ ਮਾਤਾ ਜੀਉਣ ਕੌਰ-ਮਾਤਾ ਫਤਹ ਕੌਰ ਜੀ ਦੇ ਗੁਰੂ ਹਰੀ ਸਿੰਘ ਘਰ ਆਉਣ ਨਾਲ ਰਖੀ ਜਾ ਚੁਕੀ ਸੀ।

ਮਾਤਾ ਭੂਪਿੰਦਰ ਕੌਰ ਜੀ ਪਹਿਲੀ ਵਾਰ ਆਪਣੇ ਸਹੁਰੇ ਘਰ ਆਏ ਲਗਾਤਾਰ ਚਾਰ ਮਹੀਨੇ ਬਿਤਾਅ ਗਏ ਅਤੇ ਲੰਗਰ ਦੇ ਬਰਤਨ ਮਾਂਜ, ਬੁਹਾਰੀ ਕਰ ਸਾਧ ਸੰਗਤ ਦੀ ਸੇਵਾ ਕਰਦਿਆਂ ਬਹਾਰ ਦਾ ਮੌਸਮ ਬਣਾਈ ਰਖਿਆ।

ਗੁਰੂ ਪਤੀ, ਜਿਸਦੇ ਮੁਖੜੇ ਨੂੰ ਨਿਹਾਰਨਾ ਹਰ ਗੁਰ-ਸਿਖ ਦਾ ਅਧਿਕਾਰ ਸੀ ਮਾਤਾ ਭੂਪਿੰਦਰ ਕੌਰ ਜੀ ਦੀ ਵੀ ਅਮੋੜ ਲੋੜ ਸੀ, ਪਰ ਉਹ ਹਠੀ, ਜਪੀ, ਤਪੀ ਅਨੇਕ ਤਰ੍ਹਾਂ ਦੇ ਅਨੁਸ਼ਠਾਨ ਕਰਦਾ ਸਵੈ ਜ਼ਾਬਤੇ ਨੂੰ ਸੰਜਮ ਦੀਆਂ ਰੇਖਾਵਾਂ ਅਧੀਨ ਰਖਦਾ ਸੀ।

ਮਾਤਾ ਭੂਪਿੰਦਰ ਕੌਰ ਜੀ ਦਾ ਨਿਵਾਸ ਨਹਿਰ ਸਰਹਿੰਦ ਤੇ, ਨੀਲੋਂ ਦੇ ਪੁਲੋਂ ੫ ਕਿਲੋਮੀਟਰ ਉੱਤਰ ਦਿਸ਼ਾ ਵੱਲ ਗੁਰੂ ਕੇ ਡੇਰੇ ਵਿਖੇ ਇਕ ਚੁਬਾਰੇ ਦਾ ਹੋਰ ਵਾਧਾ ਹੋ ਕੇ ਲਗ ਗਿਆ।

ਸਿੱਖਾਂ ਦੇ ਮਨਾਂ ਵਿੱਚ ਬੜੀ ਰੀਝ ਸੀ ਕਿ ਸਤਿਗੁਰੂ ਜੀ ਸਮੇਤ ਸ੍ਰੀ ਮਹਿਲਾਂ ਦੇ ਉਨ੍ਹਾਂ ਦੇ ਨਗਰੀਂ-ਘਰੀਂ ਦਰਸ਼ਨ ਦੇਣ। ੧੯੧੬ ਈ: ਵਿੱਚ ਅੰਬਾਂ ਦੀ ਰੁੱਤੇ, ਚੁੰਨ੍ਹੀ (ਅੰਬਾਲਾ) ਵਾਲੇ ਨਾਮਧਾਰੀਆਂ ਦੀ ਰੀਝ ਪੂਰੀ ਕਰਨ ਹਿਤ ਸ੍ਰੀ ਸਤਿਗੁਰੂ ਜੀ ਆਪਣੇ ਮਹਿਲਾਂ ਅਤੇ ੧੫-੧੬ ਸਿੰਘਾਂ ਦੇ ਜਥੇ ਨਾਲ ਚੁੰਨ੍ਹੀ ਪਧਾਰੇ ਅਤੇ ਕਈ ਦਿਨ ਰਹੇ।

ਸ੍ਰੀ ਮਾਤਾ ਭੂਪਿੰਦਰ ਕੌਰ ਜੀ ਦਾ ਦਰਮਿਆਨਾ ਕੱਦ, ਖੁੱਲ੍ਹਾ ਚੌੜਾ ਮੱਥਾ, ਸੁੰਦਰ ਦੀਦਾਰ, ਪਹਿਰਾਵੇ ਵਲੋਂ ਸ਼ੁਧ ਸਫ਼ੈਦ ਬਾਰੀਕ ਖੱਦਰ ਦਾ ਕਲੀਦਾਰ ਕੁਰਤਾ ਤੇ ਚੂੜੀਦਾਰ ਸੁੱਥਣ, ਸੀਸ ਤੇ ਮੱਥੇ ਤਕ ਢਕਦਾ ਖੱਦਰ ਦਾ ਹੀ ਦੁਪੱਟਾ। ਮਾਤਾ ਜੀ ਕਿਸ਼ੋਰਾਵਸਥਾ ਦੀਆਂ ਇਛਾਵਾਂ ਨੂੰ ਸਾਧ ਸਾਧ ਤਪੱਸਵੀ ਜੀਵਨ ਵਲ ਵਧ ਰਹੇ ਸਨ। ਭੈਣੀ ਸਾਹਿਬ ਹਥੀਂ ਸੇਵਾ ਦੇ ਨਾਲ ਨਾਲ ਤ੍ਰਿੰਜਣਾਂ ਦਾ ਪ੍ਰਬੰਧ ਵੀ ਹੋ ਜਾਂਦਾ।

੧੯੧੮ ਈ: ਜੂਨ-ਜੁਲਾਈ ਦੇ ਦਿਨੀਂ ਮਾਤਾ ਜੀ ਦੀ ਨਣਾਨ ਬੀਬੀ ਨੰਦਾਂ (ਸਪੁਤਰੀ ਸਤਿਗੁਰੂ ਰਾਮ ਸਿੰਘ ਜੀ)



Sri Satguru Jagjit Singh Ji eLibrary NamdhariElibrary@gmail.com

ਚੜ੍ਹਾਈ ਕਰ ਗਏ। ਉਨਾਂ ਨਮਿਤ ਮੇਲੇ ਦੇ ੪੧ ਪਾਠਾਂ ਦੇ ਭੋਗ ਦਾ ਆਯੋਜਨ ਮਾਤਾ ਭੂਪਿੰਦਰ ਕੌਰ ਜੀ ਨੇ ਆਪ ਨਿਹਾਰਿਆ।

ਸ਼ੇਖੂਪੁਰ ਜ਼ਿਲੇ ਦੇ ਪਿੰਡ ਚੂਹੇਝਾੜ ਦਾ ਹੋਲਾ (੧੯੧੮ ਈ:) ਸਮੁਚੇ ਨਾਮਧਾਰੀ ਸਮਾਜ ਲਈ ਇਸ ਵਾਸਤੇ ਵੀ ਉਤਸਾਹ ਵਰਧਕ ਤੇ ਇਤਿਹਾਸਕ ਸੀ ਕਿ ਇਸ ਮੇਲੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਮਹਿਲਾਂ ਸਮੇਤ, ਪਹਿਲੀ ਵਾਰ ਦਰਸ਼ਨ ਦਿਤੇ।

੧੯੧੯ ਈ: ਦੀ (ਨਿਮਾਣੀ) ਮਈ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭਜਨ-ਪਾਠ ਦਾ ਵ੍ਰਤ ਲੈ ਲਿਆ। ਨਹਿਰ ਸਰਹਿੰਦ ਦੇ ਕਿਨਾਰੇ ਹੀ ਤੱਪ ਕੇਂਦਰ ਬਣਨਾ ਸੀ। ਮਾਤਾ ਭੂਪਿੰਦਰ ਕੌਰ ਜੀ ਨੇ ਆਪਣੇ ਗੁਰੂ ਭਰਤਾਰ ਜੀ ਨੂੰ ਬਿਨੈ ਕੀਤੀ : ਜੇ ਆਗਿਆ ਬਖਸ਼ੋ ਤਾਂ ਮੈਂ ਵੀ ਸਖੀਆਂ ਨਾਲ ਜਪ ਤਪ ਵਿੱਚ ਸ਼ਾਮਲ ਹੋ ਜਾਵਾਂ। ਬੇਨਤੀ ਪਰਵਾਨ ਹੋਈ। ਮਾਤਾ ਜੀ ਨੇ ੪੦ ਦਿਨਾ ਇਹ ਨੇਮ ਦੋ ਵੇਲੇ ਦੇ ਦੀਵਾਨ, ਨਿਜੀ ਨਿਤਨੇਮ, ਜਪ ਪ੍ਰਯੋਗ ਅਤੇ ਸਾਧ ਸੰਗਤ ਦੇ ਬਰਤਨ ਮਾਂਜ ਕੇ ਨਿਬਾਹਿਆ।

ਅਗਲੇ ਸਾਲ ਹੀ, ਅਰਥਾਤ ੧੯੨੦ ਦੇ ਨਵੰਬਰ ਮਹੀਨੇ ਸ੍ਰੀ ਮਾਤਾ ਭੂਪਿੰਦਰ ਕੌਰ ਜੀ ਨੂੰ ਗ੍ਰਿਸਤੀ ਜੀਵਨ ਦਾ ਮਹਾ ਸੁਖ ਪ੍ਰਾਪਤ ਹੋਇਆ ਜਦੋਂ ਆਪ ਜੀ ਦੁਆਰਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਲ ਰੂਪ ਵਿੱਚ ਸੰਸਾਰ ਵਿੱਚ ਆਏ। ਗੁਰੂ ਘਰ ਵਿੱਚ ਗੱਲ ਹੋ ਗਈ। ਸਾਰੇ ਨਾਮਧਾਰੀ ਸਮਾਜ ਵਿੱਚ ਖੁਸ਼ੀਆਂ ਦੀ ਇਕ ਲਹਿਰ ਵਿਆਪ ਗਈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਦੁਆਰਾ ਮਹਾਰਾਜ ਨਾਭਾ ਰਿਪੁਦਮਨ ਸਿੰਘ ਦੇ ਘਰ ਟਿੱਕਾ ਪ੍ਰਤਾਪ ਸਿੰਘ ਦੇ ਹੋਣ ਤੇ ਗੁਰਦੁਆਰਾ ਭੈਣੀ ਸਾਹਿਬ ਦੇ ਲੰਗਰ ਦੇ ਨਾਂ ੧੨੮੧ ਏਕੜ ਜ਼ਮੀਨ, ਸਰਬ ਸ਼੍ਰੋਮਣੀ ਕਾਰ ਰੋਲਜ਼ ਰਾਇਸ ਅਤੇ ਨਕਦ ਹਜ਼ਾਰਾਂ ਰੁਪੈਆਂ ਦੀ ਭੇਟਾ ਹੋਈ। ਵਰਤਮਾਨ ਸਤਿਗੁਰੂ ਜੀ ਦੇ ਬਾਲ ਕਾਲ ਦੇ ਨਾਮ 'ਬੇਅੰਤ ਜੀ' ਦੇ ਆਗਮਨ ਦਾ ਹੀ ਇਹ ਪੁੰਨ ਪ੍ਰਤਾਪ ਸੀ।

ਅਗਲਾ ਚਾਲੀਹਾ ਬੀੜ ਮਰਾਰੜ੍ਹ ਵਿੱਚ ਹੀ ਹੋਇਆ ਜਿਸ ਵਿੱਚ ਸ੍ਰੀ ਮਾਤਾ ਭੂਪਿੰਦਰ ਕੌਰ ਜੀ ਨੇ ਆਪਣੇ ਬਾਲ ਗੋਪਾਲ ਨੂੰ ਸੰਭਾਲਦਿਆਂ ਪੂਰਾ ਭਾਗ ਲਿਆ।

ਸਾਲ ੧੯੨੧ ਈ: ਦਾ ਨਵੰਬਰ ਮਹੀਨਾ ਚੜ੍ਹਿਆ ਤਾਂ ਸ੍ਰੀ ਮਾਤਾ ਜੀ ਨੂੰ ਲਾਹੌਰ ਵਿਖੇ ਆਪਣੇ ਛੋਟੇ ਦਿਉਰ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਆਨੰਦ ਕਾਰਜ ਸਮੇਂ ਭਾਗ ਲੈਣ ਦਾ ਅਵਸਰ ਮਿਲਿਆ। ਲਾਹੌਰ ਸ਼ਹਿਰ ਦੇ ਧਨੀਮਾਨੀ ਬਾਬਾ ਧਿਆਨ ਸਿੰਘ ਪੰਥਰਾਂ ਵਾਲਿਆਂ ਦੀ ਛੋਟੀ ਸਪੁਤਨੀ ਬੀਬੀ ਕਰਤਾਰ ਕੌਰ ਗੁਰੂ ਘਰ ਵਿੱਚ ਨੂੰਹ ਬਣਕੇ ਆਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਖੁਸ਼ੀਆਂ ਦੀ ਉਸ ਸਮੇਂ ਹੱਦ ਨਾ ਰਹੀ ਜਦੋਂ ਉਹਨਾਂ ਜੇ ਸ੍ਰੀ ਮਹਿਲਾਂ ਨੇ ਸੰਤ ਮੋਹਣ ਸਿੰਘ ਵਡਾਲਾ ਜੌਹਲ ਦੇ ਜਥੇ ਦੀਆਂ ਲੰਗਰ ਲੋੜਾਂ ਨੂੰ ਮੁਖ ਰੱਖ, ਸਤਿਗੁਰੂ ਜੀ ਦੀ ਗ਼ੈਰ-ਮੌਜੂਦਗੀ ਸਮੇਂ ਆਪਣੀ ਦਿਲੋਂ ਜਾਨੋਂ ਪਿਆਰੀ ਮੁੰਦਰੀ ਵੇਚਣ ਨੂੰ ਦੇ ਦਿਤੀ। ਸਿੰਘਾਂ ਨੂੰ ਰਸਤ-ਬਸਤ ਵੱਲੋਂ ਪਰੇਸ਼ਾਨ ਨਹੀਂ ਹੋਣ ਦਿੱਤਾ।

ਫੇਰ ੧੯੨੩ ਈ: ਦੇ ਨਵੰਬਰ ਮਹੀਨੇ (੨ ਕੱਤਕ ੧੯੮੦ ਬਿ:) ਸ੍ਰੀ ਮਾਤਾ ਭੂਪਿੰਦਰ ਕੌਰ ਜੀ ਨੇ ਗੁਰੂ ਘਰ ਨੂੰ ਦੂਜਾ ਬਾਲ ਅਰਪਣ ਕੀਤਾ। ਮਹਾਰਾਜ ਬੀਰ ਸਿੰਘ ਜੀ ਜਨਮੇ। ਭੈਣੀ ਸਾਹਿਬ ਲਈ ਇਸ ਤੋਂ ਵੱਧ ਹੋਰ ਖ਼ੁਸ਼ੀ ਕੀ ਹੋਣੀ ਸੀ।

ਪਰ ਦੂਜੇ ਪੁੱਤਰ ਦੇ ਜਨਮ ਉਪ੍ਰੰਤ ਮਾਤਾ ਭੂਪਿੰਦਰ ਕੌਰ ਜੀ ਦੀ ਜਿਵੇਂ ਸਾਰੀ ਸਰੀਰਕ ਸੱਤਿਆ ਨੁੱਚੜ ਗਈ ਅਤੇ ਇਸਤੋਂ ਪਿਛੋਂ ਵੈਦ ਰਾਜਾਂ ਦੇ ਦਵਾਦਾਰੂ ਵੀ ਕਾਟ ਨਹੀਂ ਕਰ ਸਕੇ।

ਮਾਤਾ ਜੀ ਦੀ ਮਾਂ ਅੰਬੋ (ਮਾਤਾ ਰਾਮ ਕੌਰ) ਜੀ ਨੂੰ ਬੁਲਾ ਲਿਆ ਗਿਆ ਅਤੇ ਗੁਰੂ ਹਰੀ ਸਿੰਘ ਜੀ ਦੇ ਅੰਤਮ ਸਾਲਾਂ ਵਿੱਚ ਤਿਆਰ ਹੋਈ ਕੋਠੀ ਵਿੱਚ ਮਾਵਾਂ ਧੀਆਂ ਨੂੰ ਡੇਰਾ ਦੇ ਕੇ ਮੁਨਾਸਬ ਸੇਵਕ ਸੇਵਕਾਵਾਂ ਦਾ ਪ੍ਰਬੰਧ ਕਰ ਦਿਤਾ ਗਿਆ। ਦਵਾਈਆਂ ਅਤੇ ਪਰਹੇਜ਼ ਚਲਦੇ ਰਹੇ ਪਰ ਮਾਤਾ ਜੀ ਦੀ ਜ਼ਿੰਦਗੀ ਪੈਰੋਂ ਪੈਰ ਹਿੱਸਦੀ ਗਈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਾਤਾ ਭੂਪਿੰਦਰ ਕੌਰ ਜੀ ਦੇ ਅੰਤਮ ਛਿਨਾਂ ਵਿੱਚ ਗੜ੍ਹਦੀਵਾਲੇ (ਹੁਸ਼ਿਆਰਪੁਰ) ਸਨ। ਸਤਿਗੁਰੂ ਜੀ ਨੂੰ ਕਿਸੇ ਤਰ੍ਹਾਂ ਆਪਣੇ ਮਹਿਲਾਂ ਦਾ ਅੰਤ ਸਮਾਂ ਨੇੜੇ ਆਇਆ ਭਾਨ ਹੋ ਗਿਆ। ਆਪ ਜੀ ਹੋਰਨਾਂ ਨੂੰ ਖ਼ਬਰ ਹੋਣ ਤੋਂ ਬਿਨਾਂ ਬੀ ੧੪ ਸਤੰਬਰ ੧੯੨੪ (੨੯ ਭਾਦਰੋਂ ੧੯੮੧ ਬਿ:) ਨੂੰ ਬਾਗ਼ ਵਾਲੀ ਕੋਠੀ ਵਿੱਚ ਆ ਗਏ। ਗੁਰੂ ਭਰਤਾਰ ਨੂੰ, ਉਹਨਾਂ ਆਹਟ ਸੁਣ, ਅੱਖਾਂ ਪੁੱਟ ਕੇ ਵੇਖਿਆ। ਸ੍ਰੀ ਸਤਿਗੁਰੂ ਜੀ ਦੀ ਮੂਰਤੀ ਸਾਹਵੇਂ ਤੱਕੀ ਤਾਂ ਸੰਤੁਸ਼ਟਤਾ ਵਿੱਚ ਨੇਤਰ-ਸਜਲ ਹੋ ਗਏ। ਮਾਤਾ ਭੂਪਿੰਦਰ ਕੌਰ ਜੀ ਦਾ ਸਰੀਰ ਸ਼ਾਂਤ ਹੋ ਗਿਆ। ਅੰਤਮ ਸੱਧਰ ਪੂਰੀ ਹੋ ਗਈ।



Sri Satguru Jagjit Singh Ji eLibrary NamdhariElibrary@gmail.com

# 'ਰਿਮ ਝਿਮ ਬਰਸੇ......'

—ਤਰਲੋਕ ਮਨਸੂਰ

ਭੈਣੀ ਸਾਹਿਬ ਦੀ ਇਹ ਮੇਰੀ ਦੂਜੀ ਫੇਰੀ ਸੀ। ਪਹਿਲੀ ਵਾਰ ਅੱਜ ਤੋਂ ਕੋਈ ਦਸ ਬਾਰਾਂ ਸਾਲ ਪਹਿਲਾਂ ਮੈਂ ਉਦੋਂ ਭੈਣੀ ਸਾਹਿਬ ਆਇਆ ਸਾਂ, ਜਦ ਮੇਰਾ ਇਕ ਦੋਸਤ 'ਸੁਰਜੀਤ ਖੁਰਸ਼ੀਦੀ' ਉਥੇ ਸਤਿਗੁਰੂ ਜਗਜੀਤ ਸਿੰਘ ਹੁਰਾਂ ਦੀ ਸ਼ਰਨ ਵਿਚ ਰਹਿ ਰਿਹਾ ਸੀ। ਉਦੋਂ ਮੈਨੂੰ ਭੈਣੀ ਸਾਹਿਬ ਪ੍ਰਭਾਵਿਤ ਨਹੀਂ ਸੀ ਕਰ ਸਕਿਆ। ਕੋਈ ਇਹੋ ਜਹੀ ਗੱਲ ਨਾ ਦਿਸੀ ਜਿਸ ਦੀ ਸਿਫਤ ਸਲਾਹ ਕੀਤੀ ਜਾ ਸਕੇ। ਆਮ ਪਿੰਡਾਂ ਵਰਗਾ ਪਿੰਡ। ਨਾ ਕੋਈ ਖਾਸ ਰੌਣਕ ਤੇ ਨਾ ਕੋਈ ਇਹੁ ਜਹੀ ਥਾਂ ਜੋ ਮਨ ਨੂੰ ਖਿੱਚ ਲਵੇ। ਇਕ ਖਿਆਲ ਇਹ ਵੀ ਆਇਆ ਸੀ—ਕਿ ਲੋਕ ਏਥੇ ਕੀ ਲੈਣ ਆਉਂਦੇ ਨੇ ? ਮਨ ਨੇ ਉੱਤਰ ਦਿਤਾ ਸੀ—ਤੂੰ ਏਥੇ ਕੀ ਲੈਣ ਆਇਆ ਏਂ। ਕੇਵਲ ਇਕ ਵਾਕਿਫ਼ਕਾਰ ਨੂੰ ਮਿਲਣ ਜੋ ਕਦੇ ਨੌਕਰੀ ਦੇ ਦੌਰਾਨ ਕੁਝ ਸਾਲ ਤੇਰੇ ਨਾਲ ਰਿਹਾ ਸੀ, ਤੇ ਜਿਸ ਨਾਲ ਤੇਰੀ ਸਾਹਿਤਕ ਸਾਂਝ ਬਣੀ ਸੀ। ਜੇ ਤੂੰ ਉਸ ਸਾਧਾਰਨ ਦੋਸਤ ਨੂੰ ਮਿਲਣ ਉਚੇਚ ਕਰਕੇ ਆ ਸਕਦਾ ਹੈਂ, ਤਾਂ ਇਹ ਲੋਕ ਕਿਉਂ ਨਾ ਆਉਣ ਜਿਨ੍ਹਾਂ ਦਾ ਪ੍ਰੀਤਮ ਪਿਆਰਾ ਏਥੇ ਵਾਸ ਕਰਦਾ ਹੈ। ਜਿਨ੍ਹਾਂ ਦੀਆਂ ਭਾਵਨਾਵਾਂ ਤੇ ਸ਼ਰਧਾ ਦਾ ਇਹ ਥਾਂ ਕੇਂਦਰ ਹੈ। ਉਹ ਏਥੇ ਨਾ ਆਉਣ ਤਾਂ ਕਿਥੇ ਜਾਣ? ਇਹ ਭੈਣੀ ਸਾਹਿਬ ਕੋਈ ਮਾਮੂਲੀ ਥਾਂ ਨਹੀਉਂ, ਭਾਰਤੀ ਆਜ਼ਾਦੀ ਦੇ ਸ਼ਾਨਾਂ-ਮੱਤੇ ਇਤਿਹਾਸ ਦਾ ਮੁੱਢ ਹੈ ਇਹ। ਕਾਸ਼! ਭਾਰਤ ਦੇ ਲੋਕ ਆਪਣੇ ਇਤਿਹਾਸ ਪ੍ਰਤੀ ਜਾਗਰੂਪ ਹੋਂਦੇ ਤਾਂ ਪਰਤ ਪਰਤ ਇਸ ਪਵਿੱਤਰ ਧਰਤੀ ਨੂੰ ਸੀਸ ਝੁਕਾਣ ਲਈ ਆਉਂਦੇ।

ਮੈਂ ਸਤਿਗੁਰਾਂ ਦੇ ਦਰਸ਼ਨ ਕੀਤੇ ਤੇ ਇਸ ਭਾਗਾਂ ਵਾਲੀ ਧਰਤੀ ਨੂੰ ਪ੍ਰਣਾਮ ਕਰਕੇ ਮੁੜ ਆਇਆ ਸਾਂ।

ਹੁਣ ਦੂਜੀ ਵਾਰ ਆਇਆ ਹਾਂ ਤਾਂ ਨਕਸ਼ਾ ਹੀ ਹੋਰ ਦਾ ਹੋਰ ਹੋ ਗਿਆ ਹੈ।

ਨਾਮਧਾਰੀਆਂ ਦੇ ਦੀਵਾਨਾਂ ਦੀ ਚਰਚਾ ਆਮ ਪੜ੍ਹੀ ਸੁਣੀ ਸੀ। ਚੰਡੀਗੜ੍ਹ ਤੋਂ ਮੁੜ ਰਿਹਾ ਸਾਂ। ਸੋਚਿਆਂ ਚਲੋ—ਇਸ ਵਾਰ ਮਾਛੀਵਾੜਾ ਦੇ ਦਰਸ਼ਨ ਕੀਤੇ ਜਾਣ, ਤੇ ਜਾਂਦਿਆਂ ਜਾਂਦਿਆਂ ਇਕ ਸਵੇਰ ਭੈਣੀ ਸਾਹਿਬ ਵੀ ਗੁਜ਼ਾਰੀ ਜਾਵੇ।

ਸਮਰਾਲੇ ਬੱਸ ਛੱਡ ਦਿਤੀ ਸੀ। ਪਹਿਲਾਂ ਮਾਛੀਵਾੜਾ ਤੇ ਫਿਰ ਦਿਨ ਡੁਬਦੇ ਨੂੰ ਭੈਣੀ ਸਾਹਿਬ।

ਅਲਾਟ ਹੋਏ ਕਮਰੇ ਵਿੱਚ ਅਟੈਚੀ ਟਿਕਾ ਕੇ ਸੋਚਿਆ ਸਵੇਰੇ ਜਲਦੀ ਚਲੇ ਜਾਣਾ ਹੈ। ਕੀਰਤਨ ਦਾ ਸਵਾਦ ਤਾਂ ਅੰਮ੍ਰਿਤ ਵੇਲੇ ਹੀ ਮਾਣਿਆ ਜਾਵੇਗਾ, ਪਰ ਕਿਉਂ ਨਾ ਇਕ ਚੱਕਰ ਭੈਣੀ ਸਾਹਿਬ ਵਿਚਲੀਆਂ ਗੁਰੂ-ਘਰ ਨਾਲ ਸੰਬੰਧਤ ਥਾਵਾਂ ਦਾ ਹੋ ਜਾਵੇ ?

ਕੀਰਤਨ ਹਾਲ ਤੋਂ ਅਗਾਂਹ ਹੋਇਆ ਤਾਂ ਅੱਖਾਂ ਨੇ ਇਕ ਅਚੰਭਾ ਤੱਕਿਆ—ਰਾਮਸਰ। ਬਸ ਵੇਂਹਦਾ ਹੀ ਰਹਿ ਗਿਆ। ਖੂਬਸੂਰਤੀ ਦਾ ਇਕ ਮੁਜੱਸਮਾ। ਪਹਿਲੀ ਵਾਰ ਜਦੋਂ ਆਇਆ ਸਾਂ ਤਾਂ ਏਥੇ ਪੁਟੇ ਜਾ ਰਹੇ ਇਕ ਟੋਏ ਵਲ ਇਸ਼ਾਰਾ ਕਰਦਿਆਂ ਸੁਰਜੀਤ ਖੁਰਸ਼ੀਦੀ ਨੇ ਕਿਹਾ ਸੀ—ਏਥੇ ਸਰੋਵਰ ਬਣੇਗਾ।

ਬੜਾ ਹੈਰਾਨ ਹੋਇਆ ਸਾਂ ਕਿ ਖੁਰਸ਼ੀਦੀ ਖੂਹ ਵਰਗੀ ਸ਼ੈਅ ਨੂੰ ਸਰੋਵਰ ਦਸ ਰਿਹਾ ਸੀ। ਪਰ ਅੱਜ ਜੋ ਵੇਖਿਆ ਉਹ ਮਨੁੱਖ ਨੂੰ ਵਿਸਮਾਦਕ ਅਵਸਥਾ ਵਿੱਚ ਲੈ ਜਾਣ ਵਾਲਾ ਇਕ ਨਜ਼ਾਰਾ ਹੀ ਸੀ। ਸਰੋਵਰ ਦੇ ਅੱਠ ਕੋਨੇ, ਅੱਠ ਬਾਹੀਆਂ, ਦੁਧ ਧੋਤਾ ਚਿੱਟਾ ਸੰਗਮਰਮਰ। ਸਭ ਚਿੱਟ-ਚਟੈਣ। ਮਨ ਨੂੰ ਧੂਹ ਪਾਂਦਾ। ਦੁਆਲੇ ਰੇਲਿੰਗ, ਕੁਝ ਪੌੜੀਆਂ ਨਿਰੋਲ ਸੰਗਮਰਮਰ, ਫਿਰ ਇਕ ਪੱਟੀ ਚੁਫੇਰੇ ਗੋਲ ਚਿੱਟੇ ਪੱਥਰਾਂ ਦੀ, ਫਿਰ ਸੰਗਮਰਮਰੀ ਪੌੜੀਆਂ ਤੇ ਅਖੀਰ ਹੇਠਾਂ ਹੀਰੇ ਦੀ ਭਾਹ ਮਾਰਦਾ ਹਲਕਾ ਨੀਲਾ ਕੁਦਰਤੀ ਸਰੋਤ ਤੋਂ ਮਿਲਿਆ ਜਲ। ਬਹੁਤਾ ਕੀ ਆਖਾਂ, ਜਦੋਂ ਇਸ ਸਰੋਵਰ ਦੀ ਚਰਚਾ ਫੈਲੀ, ਲੋਕ ਇਸ ਨੂੰ ਵੀ ਇੰਜ ਹੀ ਵੇਖਣ ਆਇਆ ਕਰਨਗੇ ਜਿਵੇਂ ਤਾਜ ਮਹਲ ਜਾਂ ਦਿੱਲੀ ਵਿਚਲੇ ਭਾਈ, ਕੰਵਲ ਮੰਦਰ ਨੂੰ ਵੇਖਣ ਜਾਂਦੇ ਹਨ। ਨਿਸ਼ਚੇ ਹੀ ਇਹ ਇਕ ਅਜੇਹੀ ਵਡਮੁਲੀ ਉਸਾਰੀ ਹੋਈ ਹੈ ਜਿਸ ਤੇ ਪੂਰਾ ਨਾਮਧਾਰੀ ਜਗਤ ਮਾਣ ਕਰ ਸਕਦਾ ਹੈ।

ਇਸ ਤੋਂ ਅੱਗੇ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦਾ ਵੱਡ-ਅਕਾਰਾ ਹਾਲ ਸੀ। ਏਡਾ ਵੱਡਾ ਹਾਲ ਤੇ ਬਗੈਰ ਥੰਮਿਆਂ ਤੋਂ ਖੜ੍ਹਾ ਸੀ। ਕਮਾਲ!

ਰਾਹ ਦੇ ਦੂਹੀਂ ਪਾਸੀ ਪਾਰਕ, ਕਿਆਰੀਆਂ ਵਿੱਚ ਖਿਲੇ ਫੁੱਲ ਹੀ ਫੁੱਲ, ਟੁਰਦਾ ਟੁਰਦਾ ਰਾਹ ਦੇ ਸਿਰੇ ਤੇ ਬਣੇ ਸ਼ਮਸ਼ਾਨ-ਘਾਟ ਵਿੱਚ ਜਾ ਵੜਿਆ। ਇਹ ਸ਼ਮਸ਼ਾਨ ਘਾਟ ਹੈ ਕਿ ਸਿਰੀਨਗਰ ਦਾ ਸ਼ਾਲੀਮਾਰ ਬਾਗ ? ਜੇ ਮਰਨ ਤੋਂ ਬਾਦ ਇਹੋ ਜਹੀ ਥਾਂ ਦਾ ਵਾਸ ਮਿਲੇ ਤਾਂ ਮੇਰਾ ਖਿਆਲ ਹੈ ਮਰਨਾ ਕੋਈ ਦੁਖਦਾਈ ਘਟਨਾ ਨਹੀਂ ਹੋਵੇਗੀ। ਅਪੀਲ ਕਰਨੀ ਚਾਂਹਦਾ ਹਾਂ ਪੰਜਾਬ ਭਰ ਦੇ ਪਿੰਡਾਂ ਦੇ ਸਰਪੰਚਾਂ ਨੂੰ ਕਿ ਉਹ ਭੈਣੀ ਸਾਹਿਬ ਦੇ ਸ਼ਮਸ਼ਾਨ-ਘਾਟ ਵਰਗੇ ਸ਼ਮਸ਼ਾਨ-ਘਾਟ ਪਿੰਡ ਪਿੰਡ ਬਨਾਣ, ਜਿਸ ਨੂੰ ਦੇਖ ਕੇ ਪ੍ਰਾਣੀ ਨੂੰ ਇਹ ਧਰਵਾਸ ਮਿਲੇ ਕਿ ਜੇ ਉਹ ਮਰ ਵੀ ਗਏ ਤਾਂ ਕਿਸੇ ਸੁਖਾਵੀਂ ਥਾਂ ਹੀ ਜਾਣਗੇ। ਨਰਕਾਂ ਨੂੰ ਨਹੀਂ ਜਾਣ ਲੱਗੇ।

ਵਾਪਿਸ ਮੁੜਿਆ, ਮੁਖ ਗੇਟ ਤੋਂ ਬਾਹਰ ਹੋ ਕੇ ਦੂਜੇ ਪਾਸੇ ਵਲ ਨੂੰ ਗਿਆ ਜਿਥੇ ਕਦੇ ਸਤਿਗੁਰੂ ਰਾਮ ਸਿੰਘ ਸਿਮਰਨ



Sri Satguru Jagjit Singh Ji eLibrary NamdhariElibrary@gmail.com

ਕਰਿਆ ਕਰਦੇ ਸਨ, ਤੇ ਜਿਥੇ ਪਹਿਲੀ ਵਾਰ ਆਇਆ ਸਾਂ ਤਾਂ ਕੱਖਾਂ ਕਾਨਿਆਂ ਦੀ ਝੌਂਪੜੀ ਜਹੀ ਖੜ੍ਹੀ ਸੀ। ਉਥੇ ਹੁਣ ਸ਼ਾਨਦਾਰ ਭਵਨ ਖੜਾ ਸੀ ਜਿਸਦੇ ਆਲੇ ਦੁਆਲੇ ਪਾਰਕ, ਮਖਮਲੀ ਘਾਹ ਤੇ ਡੇਲ੍ਹੀਏ ਦੇ ਫੁੱਲ, ਅੱਖਾਂ ਨੂੰ ਤਰਾਵਟ ਦੇਂਦਾ ਚੁਗਿਰਦਾ।

ਵਾਪਿਸ ਕਮਰੇ ਨੂੰ ਮੁੜਦਿਆਂ ਹੋਇਆਂ ਰਾਹ ਵਿੱਚ ਲੰਗਰ ਛਕਿਆ। ਵਿਛੇ ਟਾਟ ਤੇ ਚੌਂਕੜਾ ਮਾਰ ਕੇ ਪੰਗਤ ਵਿੱਚ ਬੈਠਾ, ਸਾਹਮਣੇ ਚੌਂਕੀ ਦਾ ਕੰਮ ਦੇਂਦੀ ਲੰਮ-ਸਲੰਮੀ ਸੰਗਮਰਮਰ ਦੀ ਪੱਟੀ, ਥਾਲੀਆਂ ਟਿਕਾਣ ਵਾਸਤੇ। ਥਾਲੀ ਮਿਲੀ। ਮਾਂਹ ਦੀ ਦਾਲ ਵਰਤਾਂਦੇ ਸਜਨ ਦੇ ਪਿੱਛੇ ਨਾਲ ਨਾਲ ਟੁਰਦੇ ਸਜਨ ਹੱਥ ਸ਼ੁਧ ਦੇਸੀ ਘਿਉ ਦਾ ਬਰਤਨ। ੮੮ ਕਿਸੇ ਦੀ ਦਾਲ ਵਿੱਚ ਇਕ ਇਕ ਪਲੀ ਘਿਉ ਦੀ ਪੈਂਦੀ ਤਕ ਤੇ ਬਚਪਨ ਦੇ ਦਿਨਾਂ ਦੀ ਯਾਦ ਆਈ। ਉਹਨਾਂ ਦਿਨਾਂ 'ਚੋਂ ਚੌਲਾਂ ਉਤੇ ਖੰਡ ਧੂੜ ਕੇ ਬਿਲਕੁਲ ਇੰਜ ਹੀ ਘਿਉ ਪਾਇਆ ਜਾਂਦਾ ਸੀ।

ਰਾਤ ਆਰਾਮ ਕੀਤਾ।

ਅੰਮ੍ਰਿਤ ਵੇਲਾ, ਸਵੇਰੇ ਚਾਰ ਵਜੇ ਉਠਿਆ। ਬਾਹਰ ਕਿਣ-ਮਿਣ, ਕਿਣ-ਮਿਣ ਹੋ ਰਹੀ ਸੀ। ਹੋ ਰਹੇ ਕੀਰਤਨ ਦੀ ਆਵਾਜ਼ ਮਾਹੌਲ ਵਿੱਚ ਮਿਠਾਸ ਘੋਲ ਰਹੀ ਸੀ। ਉਠਿਆ, ਨਹਾਤਾ ਤੇ ਕੀਰਤਨ-ਹਾਲ ਜਾ ਹਾਜ਼ਰ ਹੋਇਆ। ਬਾਹਰ ਬਰਾਂਡੇ ਵਿੱਚ ਸੇਵਾਦਾਰ ਖੜ੍ਹੇ ਮਿਲੇ ਜੋ ਬੀਬੀਆਂ ਦੀ ਅਗਵਾਈ ਕਰਕੇ ਉਹਨਾਂ ਨੂੰ ਵਖਰੇ ਬਣੇ ਪ੍ਰਵੇਸ਼-ਦਵਾਰ ਰਾਹੀਂ ਅੰਦਰ ਘੱਲ ਰਹੇ ਸਨ ਤੇ ਮਰਦਾਂ ਨੂੰ ਮਰਦਾਂ ਲਈ ਨਿਸ਼ਚਤ ਕੀਤੇ ਬਾਰ ਰਾਹੀਂ।

ਅੰਦਰ ਲੰਘਿਆ, ਤੇ ਮਨ ਮੁਗਧ ਹੋਇਆ। ਸੱਜੇ ਹੱਥ ਦੀ ਕੰਧ ਲਾਗੇ ਡੱਠੇ ਤਖਤ-ਪੋਸ਼ ਉਤੇ ਚਿਟਾ ਚਾਦਰਾ ਚਿਟੀ ਵਛਾਈ ਕੀਤੀ ਹੋਈ ਸੀ। ਉਤੇ ਚਿਟੀ ਪੋਸ਼ਾਕ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਬਰਾਜਮਾਨ ਸਨ। ਹੱਥ ਵਿੱਚ ਚਿਟੀ ਉੱਨ ਦੀ ਅਠੌਂਤਰੀ ਮਾਲਾ, ਨੈਣ ਮੁੰਦੇ ਹੋਏ। ਸਿਰ ਦੁਆਲੇ ਇਕ ਤਰ੍ਹਾਂ ਦੇ ਵਿਲੱਖਣ ਚਾਨਣੇਂ ਦਾ ਆਭਾ-ਮੰਡਲ।

ਸਾਹਮਣੇ ਦੋ ਹੱਥ ਦੀ ਵਿਥ ਤੇ ਦੂਜਾ ਤਖਤ-ਪੋਸ਼ ਜਿਸ ਉਤੇ ਸਜਿਆ ਰਾਗੀ-ਜਥਾ। ਪੂਰੇ ਹਾਲ ਵਿੱਚ ਵਿਛੇ ਚਿੱਟੇ ਚਾਦਰੇ। ਚਿਟੀਆਂ ਪੋਸ਼ਾਕਾਂ ਵਿੱਚ ਸਜੇ ਨਰ ਨਾਰੀ ਚੌਂਕੜੇ ਵੱਜੇ ਹੋਏ, ਹੱਥਾਂ 'ਚ ਅਠੌਂਤਰੀਆਂ ਮਾਲਾਵਾਂ। ਇਕ ਸਵਛ ਤੇ ਨਿਰਮਲ ਸ਼ਾਂਤ ਮਾਹੌਲ। ਆਸਾ ਦੀ ਵਾਰ ਦਾ ਕੀਰਤਨ, ਪੱਕੇ ਰਾਗਾਂ ਦਾ ਗਾਇਨ, ਇਹ ਸਭ ਕੁਝ ਮਿਲ ਕੇ ਇਕ ਤਰ੍ਹਾਂ ਦਾ ਸ੍ਵਰਗੀ ਵਾਤਾਵਰਣ ਸਿਰਜ ਰਹੇ ਸਨ। 'ਕਬੀਰਾ ਸਹਿਜ ਸਮਾਧਿ ਭਲੀ' ਸਮਾਧੀ ਲਾਣ ਦੇ ਜਤਨਾਂ ਤੋਂ ਬਗੈਰ ਸਮਾਧੀ ਲੱਗ ਜਾਣੀ ਸ਼ਾਇਦ ਏਸੇ ਨੂੰ ਕਹਿੰਦੇ ਹਨ। ਹੋਰ ਕੀ ਆਖਾਂ ? ਬਸ ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪ੍ਰਵਾਨ। 'ਰਿਮ-ਝਿਮ ਬਰਸੇ ਅੰਮ੍ਰਿਤ ਧਾਰਾ।' ਅਨੇਕਾਂ ਵਾਰ ਪੜ੍ਹਿਆ ਤੇ ਸੁਣਿਆ ਸੀ। ਪਰ ਸਹੀ ਅਰਥਾਂ ਵਿੱਚ ਰਿਮਝਿਮ ਪੈਂਦੀ ਇਲਾਹੀ ਨਾਮ ਦੀ ਧਾਰਾ ਉਸ ਪ੍ਰਭਾਤ ਉਥੇ ਹੀ ਅਨੁਭਵ ਹੋਈ ਸੀ।

ਭੈਣੀ ਸਾਹਿਬ ਦੀ ਇਸ ਯਾਤਰਾ ਨੂੰ ਤਿੰਨ ਮਹੀਨੇ ਹੋ ਚਲੇ ਨੇ। ਨੇਮ ਅਨੁਸਾਰ ਸਵੇਰੇ ਜਾਗਦਾ ਹਾਂ। ਨਿਤਾ-ਕਰਮ ਤੋਂ ਬਾਦ ਪ੍ਰਭੂ ਦੀ ਯਾਦ ਵਿੱਚ ਬੈਠਦਾ ਹਾਂ, ਤਾਂ ਮੱਲੋ-ਮੱਲੀ ਕਲਪਣਾ ਵਿੱਚ ਭੈਣੀ ਸਾਹਿਬ ਦੀ ਉਹ ਸਵੇਰ ਸਾਕਾਰ ਹੋ ਜਾਂਦੀ ਹੈ। ਰਿਮ ਝਿਮ, ਰਿਮ ਝਿਮ.........

*੧੯੦ ਫੈਕਟਰੀ ਏਰੀਆ*
*ਗੋਇੰਦਵਾਲ ਸਾਹਿਬ*
*ਫੋਨ: (੦੧੮੫੯) ੨੨੩੧੮*

## ਤਰਲੋਕ ਮਨਸੂਰ ਵੀ ਚਲੇ ਗਏ



ਤਰਲੋਕ ਮਨਸੂਰ ਜੀ ਚਲੇ ਗਏ ਹਨ। ਉਹ ਅਕ:ਜ਼ਰ ਯਾਤਰਾ ਤੇ ਰਹਿੰਦੇ। ਇਸ ਯਾਤਰਾ ਦੌਰਾਨ ਉਹ ਬਹੁਤ ਸਾਰੇ ਮਿੱਤਰਾਂ ਨੂੰ ਜਾ ਜਾ ਕੇ ਮਿਲਦੇ, ਗੋਸ਼ਟੀਆਂ ਤੇ ਹਾਜ਼ਰ ਹੁੰਦੇ ਅਤੇ ਬਹਿਸਾਂ ਵਿਚ ਹਿੱਸਾ ਲੈਂਦੇ। ਅਕਸਰ ਉਹ ਆਪਣੀ ਨਵੀਂ ਕਿਤਾਬ ਦੇਣ ਆਉਂਦੇ। ਇਕ ਵਾਰ ਉਹ ਪਾਕਿਸਤਾਨ ਵਿਚ ਰਹਿ ਗਏ ਨਾਰੋਵਾਲ ਤਹਿਸੀਲ ਵਿਚ ਆਪਣੇ ਪਿੰਡ ਆਲੋਮੁਹਾਰ ਵੀ ਹੋ ਆਏ ਸਨ। ਵਰਿਆਮ ਵਿਚ ਉਹ ਅਕਸਰ ਛਪਦੇ। ਸਾਨੂੰ ਸੁਰਜੀਤ ਖੁਰਸ਼ੀਦੀ ਹੋਰਾਂ ਮਨਸੂਰ ਸਾਹਿਬ ਨਾਲ ਮਿਲਾਇਆ ਸੀ। ਇਹ ਦੋਵੇਂ ਸਜਨ ਹੀ ਹੁਣ ਰੁਖਸਤ ਹੋ ਚੁੱਕੇ ਹਨ। ਉਹ ਬਹੁਤ ਮਿੱਠੇ, ਮੋਹ ਭਿੱਜੇ ਅਤੇ ਸੁਹਿਰਦ ਇਨਸਾਨ ਸਨ। ਮਿੱਤਰਾਂ ਨੂੰ ਖੁਸ਼ ਵੇਖ ਕੇ ਖੁਸ਼ ਹੋਣ ਵਾਲੇ। ਇਸੇ ਕਰਕੇ ਉਹਨਾਂ ਦੇ ਮਿੱਤਰ ਮੰਡਲ ਦਾ ਘੇਰਾ ਬਹੁਤ ਵਿਸ਼ਾਲ ਹੈ। ਅਜੇ ੧੭ ਅਗਸਤ ੨੦੦੨ ਨੂੰ ਹੀ ਉਹ ਸਾਨੂੰ ਮਿਲ ਕੇ ਗਏ ਸਨ ਅਤੇ ਆਪਣੀ ਨਵੀਂ ਪੁਸਤਕ "ਚੁੱਪ ਦੀ ਆਵਾਜ਼ ਸੁਣੋ" ਦੇ ਕੇ ਗਏ ਸਨ। ਇਤਿਹਾਸਕ ਥਾਵਾਂ ਦੀ ਯਾਤਰਾ ਦਾ ਉਹਨਾਂ ਨੂੰ ਸ਼ੌਕ ਸੀ ਅਤੇ ਉਹਨਾਂ ਦੀ ਸੋਚ ਵਿਤਕਰਾ ਰਹਿਤ ਸੀ। ਦਰਜਨ ਪੁਸਤਕਾਂ ਦੇ ਇਸ ਸਫਲ ਲੇਖਕ ਨੇ ਹਮੇਸ਼ਾ ਵਰਿਆਮ ਨੂੰ ਯਾਦ ਰੱਖਿਆ। ਕੋਈ ਨਾ ਕੋਈ ਕਹਾਣੀ ਲੇਖ ਕਵਿਤਾ ਭੇਜਦੇ ਹੀ ਰਹੇ। ਉਹਨਾਂ ਦਾ ਆਖਰੀ ਭੇਜਿਆ ਲੇਖ 'ਰਿਮ ਝਿਮ ਬਰਸੇ' ਅਸੀਂ ਸਤਿਕਾਰ ਨਾਲ ਛਾਪਿਆ ਹੈ। ਇਸ ਲੇਖ ਨੂੰ ਉਹ ਛੱਪਿਆ ਨਹੀਂ ਵੇਖ ਸਕੇ। ਘਰ ਪਰਿਵਾਰ ਅਤੇ ਵਿਸ਼ਾਲ ਮਿੱਤਰ ਮੰਡਲ ਦੇ ਦੁਖ ਵਿਚ ਅਸੀਂ ਸ਼ਾਮਲ ਹੈ। ਉਹਨਾਂ ਨਮਿਤ ਪਾਠ ਦਾ ਭੋਗ ਐਤਵਾਰ ੨੯ ਸਤੰਬਰ ਨੂੰ ਗੋਇੰਦਵਾਲ ਵਿਖੇ ਪਾਇਆ ਗਿਆ।

*—ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

# ਚਾਰ ਨਹੀਂ ਪੰਜ !

*—ਸਵਰਨ ਸਿੰਘ ਸਨੇਹੀ (ਐਮ.ਏ)*

ਸੰਨ ੧੮੭੧ ਵਿੱਚ ਅੰਮ੍ਰਿਤਸਰ ਵਿੱਚ ਸ਼ਹੀਦ ਹੋਣ ਵਾਲੇ ਨਾਮਧਾਰੀ ਸਿੰਘਾਂ ਦੀ ਯਾਦ ਵਿੱਚ ਹਰ ਸਾਲ ਸ਼ਹੀਦੀ ਸਮਾਗਮ ਕੀਤੇ ਜਾਂਦੇ ਹਨ। ਉਹਨਾਂ ਦੀ ਯਾਦ ਵਿੱਚ ਸ਼ਹੀਦੀ ਸਮਾਰਕ ਵੀ ਬਣਿਆ ਹੈ। ੧੫ ਸਤੰਬਰ ੧੮੭੧ ਨੂੰ ਚਾਰ ਨਾਮਧਾਰੀ ਸਿੰਘਾਂ ਨੇ ਇਥੇ ਫਾਂਸੀ ਦੇ ਰੱਸੇ ਆਪ ਗਲਾਂ ਵਿੱਚ ਪੁਆਏ ਸਨ। ਇਹਨਾਂ ਸ਼ਹੀਦਾਂ ਦੀ ਕੀਰਤੀ ਨਾਮਧਾਰੀ ਦੀਵਾਨਾਂ ਵਿੱਚ ਸ਼ਰਧਾ ਨਾਲ ਗਾਈ ਜਾਂਦੀ ਹੈ। ਸ੍ਰੀ ਸਵਰਨ ਸਿੰਘ ਸਨੇਹੀ ਇਤਿਹਾਸ ਅਤੇ ਸਾਹਿਤ ਦੇ ਸਿਰੜੀ ਖੋਜੀ ਹਨ। ਉਹਨਾਂ ਨੇ ਆਪਣੇ ਲੇਖ ਵਿੱਚ ਧਿਆਨ ਦੁਆਇਆ ਹੈ ਕਿ ਇਸ ਕਾਂਡ ਨਾਲ ਸਬੰਧਤ ਪੰਜ ਸਿੰਘਾਂ ਨੇ ਸ਼ਹਾਦਤ ਪ੍ਰਾਪਤ ਕੀਤੀ ਸੀ। ਚਾਰ ਨੇ ਇਕ ਵਾਰ ਅਤੇ ਪੰਜਵੇਂ ਨੇ ਬਾਅਦ ਵਿੱਚ। ਉਹਨਾਂ ਇਸ ਤੱਥ ਵੱਲ ਧਿਆਨ ਦੁਆਇਆ ਹੈ ਕਿ ਇਹ ਪੰਜੇ ਸ਼ਹੀਦ ਹੀ ਸਾਡੀ ਅਕੀਦਤ ਦੇ ਹੱਕਦਾਰ ਹਨ। *—ਸੰਪਾਦਕ*

ਕੌਮੀ ਮੁਕਤੀ ਸੰਘਰਸ਼ ਦੇ ਪਹਿਲੇ ਦੌਰ ਨਾਲ ਸਬੰਧਤ ਹੋਣ ਕਰਕੇ ੧੫ ਸਤੰਬਰ ਜਾਂ ੩੧ ਭਾਦੋਂ ਦੇ ਦਿਨ ਦਾ ਕੌਮੀ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਤਾਂ ਹੈ ਪਰ ਸਾਡਾ ਭਾਰਤੀਆਂ ਦਾ ਬਾਬਾ ਆਦਮ ਕੁਛ ਨਿਰਾਲਾ ਹੀ ਹੈ। ਅਸੀਂ ਦੇਸ ਦੀਆਂ ਵੰਡੀਆਂ ਪਾਉਣ ਵਿਚ ਰੁਝੇ ਹੋਏ ਹਾਂ ਕਿਉਂਕਿ ਸਾਡੇ ਤੇ ਦੋ ਸਦੀਆਂ ਦੇ ਕਾਬਜ਼ ਰਹਿਣ ਵਾਲਾ ਬਦੇਸ਼ੀ ਪ੍ਰਸਪਰ ਫਟ ਕੇ ਰਹਿਣ ਦੀ ਗੱਲ ਸਾਡੇ ਜ਼ਿਹਨ ਵਿਚ ਬਿਠਾ ਗਿਆ ਹੈ। ਦੇਸ ਤੇ ਕੌਮ ਦਾ ਸਰਬ-ਪੱਖੀ ਪੱਥ-ਪ੍ਰਦਰਸ਼ਨ ਕਰਨ ਵਾਲੇ ਤੇ ਏਕਤਾ ਦਾ ਸਬਕ ਸਿਖਾਉਣ ਵਾਲੇ ਗੁਰੂ, ਪੀਰ, ਪੈਗੰਬਰ ਵੀ ਵੰਡੇ ਜਾ ਰਹੇ ਹਨ ਤੇ ਅਫ਼ਸੋਸ ਦੀ ਗੱਲ ਹੈ ਕਿ ਕੌਮੀ ਇਤਿਹਾਸ ਬਣਾਉਣ ਵਾਲੇ ਸ਼ਹੀਦਾਂ ਨਾਲ ਵੀ ਅਸੀਂ ਲਿਹਾਜ਼ ਨਹੀਂ ਕਰਦੇ।

ਕੌਮੀ ਸੁਤੰਤਰਤਾ ਦੀ ਮੁਦਈ ਬਣਨ ਵਾਲੀ ਸਰਬ ਹਿੰਦ ਕਾਂਗਰਸ ਦੇ ਜਨਮ ਤੇ ਵੀ ਪਹਿਲਾਂ, ਪੰਜਾਬ ਦੇ ਨਵੇਂ ਬਣੇ ਸ਼ਾਸਕਾਂ ਵਲੋਂ ਭਾਰਤੀਆਂ ਤੇ ਵਿਸ਼ੇਸ਼ ਕਰਕੇ ਪੰਜਾਬੀਆਂ ਦੀ ਧਾਰਮਕ ਸਹਿਹੋਂਦ ਦੀ ਨੀਤੀ ਤੇ ਕੌਮੀ ਅਣਖ ਨੂੰ ਪਾਈ ਵੰਗਾਰ ਨੂੰ ਖਿੜੇ ਮੱਥੇ ਕਬੂਲਣ ਵਾਲੇ ਉਨ੍ਹਾਂ ਸਿਰਲੱਥਾਂ ਦੀ ਸ਼ਹੀਦੀ ਦਾ ਦਿਨ ੧੫ ਸਤੰਬਰ ੧੮੭੧ ਸੀ, ਜਿਨ੍ਹਾਂ ਨੇ ਇਕ ਪਾਸੇ ਭਾਰਤ ਦੀ ਬਰਤਾਨਵੀ ਸਰਕਾਰ ਦੀ ਨਿਆਇਸ਼ਲੀਤਾ ਦਾ ਭਾਂਡਾ ਚੌਰਾਹੇ ਵਿਚ ਭੰਨਿਆ ਤੇ ਦੂਜੇ ਪਾਸੇ ਚਿੱਟੇ ਲੋਕਾਂ ਦੀ ਸਰਕਾਰ ਦੇ ਕਾਲੇ ਕਾਨੂੰਨ ਸਮੇਤ ਉਨ੍ਹਾਂ ਦੀ ਕਥਿਤ ਦਿਆਨਤਦਾਰੀ ਤੇ ਈਮਾਨਦਾਰੀ ਦਾ ਜਨਾਜ਼ਾ ਵੀ ਕਢਿਆ ਸੀ।

ਗੱਲ ਉਦੋਂ ਦੀ ਹੈ ਜਦੋਂ ਅੰਮ੍ਰਿਤਸਰ ਸਥਿਤ ਦਰਬਾਰ ਸਾਹਿਬ ਦੀ ਪ੍ਰਕਰਮਾ ਨਾਲ ਲਗਦੇ ਵਰਤਮਾਨ ਘੰਟਾ ਘਰ ਵਾਲੇ ਥਾਂ ਬੁੱਚੜਖਾਨਾ ਖੋਲ੍ਹ ਕੇ ਪੰਜਾਬੀਆਂ ਦੀਆਂ ਹਿੱਕਾਂ ਤੇ ਬਰਤਾਨਵੀ ਸਾਮਰਾਜੀਆਂ ਵਲੋਂ ਪੀਸੇ ਗਏ ਲੂਣ ਦੇ ਫਲਸਰੂਪ ਹੋਏ ਜ਼ਖਮਾਂ ਦਾ ਇਲਾਜ ਸਥਾਨਕ ਸਾਧਾਰਨ ਬਿਰਤੀ ਵਾਲੇ ਹਿੰਦੂ ਸਿਖ ਦਰਖਾਸਤਾਂ-ਪਰਚਿਆਂ ਵਿਚੋਂ ਲੱਭਣੋਂ ਅਸਮਰਥ ਹੋ ਗਏ ਸਨ। ਇਲਾਂ ਤੇ ਕਾਂ ਆਦਿ ਜਾਨਵਰ ਇਥੇ ਕਤਲ ਹੋਈਆਂ ਗਊਆਂ ਦੇ ਹੱਡ ਚੁਕ ਕੇ ਦਰਬਾਰ ਸਾਹਿਬ ਦੀ ਪ੍ਰਕਰਮਾ ਤੇ ਸਰੋਵਰ ਵਿਚ ਲਿਆ ਸੁਟਦੇ ਤੇ ਇਨ੍ਹਾਂ ਦੀ ਪਵਿਤਰਤਾ ਭੰਗ ਕਰਦੇ ਸਨ। ਇਸ ਪ੍ਰਸਥਿਤੀ ਵਿਚ ਗੁਰੂ ਕੀ ਨਗਰੀ ਅਤੇ ਨੇੜ-ਪੁਆਹੇ ਦੇ ਕੁਛ ਸਿਰਲੱਥ ਸੂਰਮੇ ਸਿਰਾਂ ਤੇ ਕੱਫਣ ਬੰਨ੍ਹ ਕੇ ਮੈਦਾਨ ਵਿਚ ਨਿਤਰੇ, ਜਿਨ੍ਹਾਂ ਵਿਚ ਕੁਛ ਕੁ ਨਿਰਸੰਦੇਹ ਅਜਿਹੇ ਵੀ ਸਨ ਜਿਨ੍ਹਾਂ ਨੇ ਨਵੇਂ ਬਦੇਸ਼ੀ ਹਾਕਮਾਂ ਨੂੰ ਆਪਣੇ ਸਰੀਰ ਤਾਂ ਭਾਵੇਂ ਵੇਚ ਦਿਤੇ ਸਨ ਪਰ ਆਤਮਾਵਾਂ ਅਜੇ ਆਪਣੇ ਅਧਿਕਾਰ ਵਿਚ ਰੱਖੀਆਂ ਹੋਈਆਂ ਸਨ।

ਇਹ ਸਾਰੇ ਗਰੀਬ ਕਿਰਤੀ ਸ਼੍ਰੇਣੀ ਦੇ ਲੋਕ ਸਨ ਜਿਨ੍ਹਾਂ ਨੇ ਅੰਮ੍ਰਿਤਸਰ ਨਿਵਾਸੀ ਮਿਸਤਰੀ ਲਹਿਣਾ ਸਿੰਘ ਦੇ ਘਰ ਕਈ ਵਾਰ ਇਕਠਿਆਂ ਹੋਕੇ ਵਿਉਂਤਾਂ ਵਿਉਂਤੀਆਂ ਤੇ ਅੰਤ ੧੪-੧੫ ਜੂਨ ੧੮੭੧ ਦੀ ਵਿਚਕਾਰਲੀ ਰਾਤੇ ਆਪਣੇ ਉਦੇਸ਼ ਵਿਚ ਸਫਲ ਹੋ ਹੀ ਗਏ। ਗੁਰੂ ਰਾਮ ਸਿੰਘ ਤੋਂ ਵਰੋਸਾਏ, ਗੁਜਰਪੁਰੇ ਵਾਲੇ ਸਵਾਮੀ ਤਖਤ ਸਿੰਘ ਜੀ ਦੇ ਦੱਸਣ ਅਨੁਸਾਰ ਇਨ੍ਹਾਂ ਸਿੰਘਾਂ ਨੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚੋਂ ਪੌੜੀ ਲਾ ਕੇ ਬੁੱਚੜਖਾਨੇ ਤੇ ਹਮਲਾ ਕੀਤਾ। ਚਾਰ ਬੁੱਚੜ ਥਾਂ ਹੀ ਮਾਰੇ ਗਏ ਤੇ ਤਿੰਨ ਜ਼ਖਮੀ ਹੋਏ। ਗਊਆਂ ਦੇ ਰੱਸੇ ਵੱਢ ਕੇ ਸਿੰਘ ਫਰਾਰ ਹੋ ਗਏ।

ਇਨ੍ਹਾਂ ਕਤਲਾਂ ਦੇ ਕਾਤਲਾਂ ਦਾ ਖੁਰਾ ਖੋਜ ਕਢਣ ਲਈ ਜਲੰਧਰ ਦਾ ਸੂਹੀਆ ਪੁਲਸ ਅਫਸਰ ਕ੍ਰਿਸਟੀ ਜੋ ਉਸ ਸਮੇਂ ਛੁੱਟੀ ਤੇ ਧਰਮਸਾਲਾ ਗਿਆ ਹੋਇਆ ਸੀ, ਉਚੇਰੇ ਤੌਰ ਤੇ ਅੰਮ੍ਰਿਤਸਰ ਮੰਗਵਾਇਆ ਗਿਆ। ਉਹਨੇ ਬੜੇ ਪਾਪੜ ਵੇਲੇ। ਉਦਾਸੀ ਸਾਧੂ ਦਾ ਭੇਸ ਧਾਰ ਕੇ ਰਾਤਾਂ ਨੂੰ ਗਸ਼ਤ ਵੀ



Sri Satguru Jagjit Singh Ji eLibrary NamdhariElibrary@gmail.com

ਕਰਦਾ ਰਿਹਾ, ਪਰ ਸਹੀ ਅਰਥਾਂ ਵਿਚ ਸਫਲ ਨਾ ਹੋਣ ਤੇ ਆਪਣਾ ਨੱਕ ਬਚਾਉਣ ਲਈ ਸ਼ਹਿਰ ਦੇ ਬਾਰਾਂ ਵਿਅਕਤੀ ਫੜ ਕੇ, ਜਿਨ੍ਹਾਂ ਵਿਚ ਬਹੁਗਿਣਤੀ ਹਿੰਦੂਆਂ ਦੀ ਸੀ, ਉਨ੍ਹਾਂ ਤੋਂ ਆਪਣੇ ਜਬਰ-ਤਸ਼ੱਦਦ ਨਾਲ ਬੁੱਚੜਬੱਧ ਦਾ ਦੋਸ਼ ਇਕਬਾਲ ਕਰਵਾ ਲਿਆ ਜਿਸ ਦੇ ਆਧਾਰ ਤੇ ਇਨ੍ਹਾਂ ਵਿਚਾਰਿਆਂ ਬਾਰਾਂ ਨਿਰਦੋਸ਼ਾਂ ਨੂੰ ਜ਼ਿਲ੍ਹਾਂ ਮੈਜਿਸਟਰੇਟ ਨੇ ਫ਼ਾਂਸੀ ਦੀ ਸਜ਼ਾ ਸੁਣਾ ਦਿਤੀ।

ਅੰਮ੍ਰਿਤਸਰ ਕਾਂਡ ਤੋਂ ਪੂਰਾ ਇਕ ਮਹੀਨਾ ਪਿਛੋਂ, ਰਾਇਕੋਟ ਜ਼ਿਲਾ ਲੁਧਿਆਣੇ ਦੇ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਦੁਆਰੇ ਕੋਲ ਖੋਲ੍ਹੇ ਗਏ ਬੁਚੜਖਾਨੇ ਤੇ ਵੀ ਅਜੇਹਾ ਹੀ ਹਮਲਾ ਹੋਇਆ ਜਿਸ ਦੇ ਦੋਸ਼ੀ ਮਹਾਰਾਜਾ ਪਟਿਆਲਾ ਦ। ਚੁਸਤੀ ਫੁਰਤੀ ਤੇ ਸਹਾਇਤਾ ਨਾਲ ਫੜੇ ਗਏ। ਇਨ੍ਹਾਂ ਦੋਹਾਂ ਹਮਲਿਆਂ ਵਿਚਕਾਰ ਅੰਮ੍ਰਿਤਸਰ ਕਾਂਡ ਨਾਲ ਸਬੰਧਤ ਕੁਛ ਸਿਖ ਭੈਣੀ ਸਾਹਿਬ ਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਰਥ ਗਏ ਜਿਥੇ ਗੁਰੂ ਜੀ ਨੇ ਹਾਲਾਤ ਦੀ ਚਰਚਾ ਕਰਦਿਆਂ ਸਿੰਘਾਂ ਨੂੰ ਅਦਾਲਤ ਵਿਚ ਪੇਸ਼ ਹੋ ਕੇ ਆਪਣਾ ਦੋਸ਼ ਇਕਬਾਲ ਕਰਨ ਤੇ ਨਿਰਦੋਸ਼ਾਂ ਨੂੰ ਮੌਤ ਤੇ ਮੂੰਹੋਂ ਬਚਾਉਣ ਦਾ ਆਦੇਸ਼ ਦਿਤਾ।

ਕੁਛ ਲੇਖਕਾਂ ਨੇ ਕਿਆਸ-ਅਰਾਈਆਂ ਅਨੁਸਾਰ ਇਹ ਲਿਖ ਦਿਤਾ ਹੈ ਕਿ ਅੰਮ੍ਰਿਤਸਰ ਕਾਂਡ ਦੇ ਜ਼ਿਮੇਵਾਰ ਸਿੰਘ ਤੁਰਤ ਹੀ ਭੈਣੀ ਸਾਹਿਬ ਚਲੇ ਗਏ ਸਨ ਜੋ ਨਾ ਤਾਂ ਤਰਕ ਆਧਾਰਤ ਹੈ ਤੇ ਨਾ ਹੀ ਇਤਿਹਾਸਕ ਪੱਖੋਂ ਦਰੁਸਤ। ਜੇ ਇਹ ਯਾਤਰਾ ਹਮਲੇ ਤੋਂ ਤੁਰੰਤ ਪਿਛੋਂ ਹੋਈ ਹੁੰਦੀ ਤਦ-ਇਕ ਤਾਂ ਉਹ ਸਾਰੇ ਦੇ ਸਾਰੇ ਹੀ ਜਾਂਦੇ, ਕਿਸੇ ਦੇ ਪਿਛੇ ਰਹਿਣ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਦੂਜੇ, ਜੇ ਸਾਰੇ ਹੀ ਗਏ ਹੁੰਦੇ ਤਦ ਗੁਰੂ ਜੀ ਦਾ ਹੁਕਮ ਸਭਨਾਂ ਲਈ ਸਾਂਝਾ ਤੇ ਇਕੋ ਹੁੰਦਾ ਜਿਸ ਅਨੁਸਾਰ ਸਾਰੇ ਦੇ ਸਾਰੇ ਹੀ ਅਦਾਲਤ ਵਿਚ ਆਤਮ-ਸਮਰਪਣ ਕਰਦੇ, ਪਰ ਇੰਜ ਹੋਇਆ ਨਹੀਂ। ਦੂਜੀ ਗੱਲ ਇਹ ਵੀ ਹੈ ਕਿ ਪਹਿਲੀ ਹਾਲਤ ਵਿਚ ਨਿਰਦੋਸ਼ ਲੋਕਾਂ ਨੂੰ ਤਸੀਹੇ ਤਾਂ ਭਾਵੇਂ ਦੇਣੇ ਆਰੰਭੇ ਜਾ ਸਕਦੇ ਸਨ, ਪਰ ਇੰਨੀ ਛੇਤੀ ਫ਼ਾਸੀ ਦੀ ਸਜ਼ਾ ਨਹੀਂ ਸੀ ਸੁਣਾਈ ਜਾ ਸਕਣੀ। ਇਸ ਦਾ ਭਾਵ ਇਹ ਨਿਕਲਦਾ ਹੈ ਕਿ ਭੈਣੀ ਸਾਹਿਬ ਜਾਣ ਦਾ ਸਿੰਘਾਂ ਦਾ ਫੈਸਲਾ ਨਾ ਸਮੂਹਿਕ ਸੀ ਤੇ ਨਾ ਹੀ ਤਤਕਾਲਿਕ ਸਗੋਂ ਪਿਛੋਂ ਬਣੀ ਸਲਾਹ ਤੇ ਆਧਾਰਤ ਸੀ ਜਦ ਤਕ ਕਈ ਸਾਥੀ ਰੂਪੋਸ਼ ਹੋ ਚੁਕੇ ਸਨ।

ਇਸ ਮੁਕੱਦਮੇ ਦੇ ਅਗਲੇ ਇਤਿਹਾਸ ਵਿਚ ਜਾਣ ਦਾ ਸਾਡਾ ਪ੍ਰਯੋਜਨ ਇਸ ਕਰਕੇ ਨਹੀਂ ਕਿ ਸੁਤੰਤਰ ਭਾਰਤ ਵਿਚ ਲਿਖੀਆਂ ਗਈਆਂ ਵਖ-ਵਖ ਅਖਬਾਰੀ ਲਿਖਤਾਂ ਰਾਹੀਂ ਉਹ ਆਮ ਕਰਕੇ ਪਾਠਕਾਂ ਦੇ ਦ੍ਰਿਸ਼ਟੀਗੋਚਰ ਹੋ ਚੁਕਾ ਹੈ। ਪਾਠਕ ਦਰਬਾਰ ਵਿਚ ਹੁਣ ਤਕ ਨਾਂ ਪਹੁੰਚੇ ਕੁਛ ਤੱਥ ਹੀ ਵਿਚਾਰਨੇ ਇਸ ਲੇਖ ਦਾ ਉਦੇਸ਼ ਹੈ।

ਭਾਵੇਂ ਸਰਕਾਰੀ ਰਿਕਾਰਡ ਅਤੇ, ਇਕ ਅੱਧ ਨੂੰ ਛਡ ਕੇ, ਸਮਕਾਲੀ ਲਿਖਤਾਂ ਤੋਂ ਅਜੇ ਤਕ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਨਾਮਧਾਰੀ ਸਿੰਘਾਂ ਨੇ ਅੰਮ੍ਰਿਤਸਰ ਦੀ ਅਦਾਲਤ ਵਿਚ ਕਿਸ ਦਿਨ ਆਤਮ ਸਮਰਪਣ ਕੀਤਾ ? ਕਿਸ ਨਿਆਇਧੀਸ਼ ਅਗੇ ਕੀਤਾ ਪਰ ਨਿਰਦੋਸ਼ 'ਦੋਸ਼ੀਆਂ' ਨੂੰ ਰਿਹਾ ਕਰਨ ਵਾਲਾ ਕਮਿਸ਼ਨਰ ਤੇ ਨਿਆਇਧੀਸ਼ ਐਲਸਮਾਈ ਆਪਣੇ ੯ ਅਗਸਤ ੧੮੭੧ ਦੇ ਨਿਜੀ ਰੋਜ਼ਨਾਮਚੇ ਵਿਚ ਇਹ ਇੰਦਰਾਜ ਕਰਦਾ ਹੈ ਕਿ ਪੁਲਸ ਵਲੋਂ ਫੜੇ ਗਏ ਬਹੁਤ ਸਾਰੇ ਵਿਅਕਤੀ ਉਸ ਨੇ "ਅਜ ਇਸ ਕਰਕੇ ਰਿਹਾ ਕਰ ਦਿਤੇ ਕਿਉਂਕਿ ਪੁਲਸ ਨੇ ਉਸ ਅਗੇ ਇਹ ਇਕਬਾਲ ਕਰ ਲਿਆ ਕਿ ਉਹ ਇਸ ਮਾਮਲੇ ਵਿਚ ਔਝੜੇ ਪਈ ਰਹੀ ਹੈ।" ਇਸ ਦਿਨ ਵੀ ਪੁਲਸ ਵਲੋਂ ਕੋਈ ਸਿਧਾ ਰਸਤਾ ਅਖਤਿਆਰ ਕਰਨ ਦੀ ਨਾ ਤਾਂ ਇਛਾ ਹੀ ਪ੍ਰਗਟਾਈ ਤੇ ਨਾ ਹੀ ਇਸ ਕਾਰਜ ਲਈ ਕੁਛ ਹੋਰ ਮੁਹਲਤ ਮੰਗੇ ਜਾਣ ਦਾ ਸੰਕੇਤ ਮਿਲਦਾ ਹੈ। ਸਾਡਾ ਕਿਆਸ ਹੈ ਕਿ ਨਾਮਧਾਰੀ ਸਿੰਘ ਇਸ ਦਿਨ ਜਾਂ ਇਸ ਤੋਂ ਇਕ ਅੱਧ ਦਿਨ ਪਹਿਲਾਂ ਆਤਮ ਸਮਰਪਣ ਕਰ ਚੁਕੇ ਸਨ। ਪੁਲਸ ਤੇ ਨਿਆਇਧੀਸ਼ ਇਸ ਤੱਥ ਤੋਂ ਜਾਣੂ ਸਨ ਪਰ ਨਿਆਇਧੀਸ਼ ਵੀ ਆਪਣੀ ਰੋਜ਼ੀਦਹਿੰਦ ਸਰਕਾਰ ਦੀ ਆਬਰੂ ਬਚਾਉਣ ਹਿਤ ਇਹ ਗੱਲ ਗੁਪਤ ਰਖ ਗਿਆ ਜਾਪਦਾ ਹੈ ਨਹੀਂ ਤਾਂ ਉਹ ਮੁਕੱਦਮਾ ਖਾਰਜ ਕਰ ਸਕਦਾ ਸੀ ਜਾਂ ਪੁਲਸ ਨੂੰ ਸਹੀ ਰਸਤਾ ਲੱਭਣ ਲਈ ਹਦਾਇਤਾਂ ਜਾਰੀ ਕਰ ਸਕਦਾ ਸੀ ਪਰ ਇਹ ਕੁਛ ਵੀ ਨਹੀਂ ਹੋਇਆ। ਪੁਲਸ ਦਾ ਇਕਬਾਲ ਸਿੰਘਾਂ ਦੇ ਪੇਸ਼ ਹੋਣ ਦਾ ਸੰਕੇਤ ਦਿੰਦਾ ਹੈ।

ਸੋਚਣ ਵਾਲੀ ਦੂਜੀ ਗੱਲ ਇਹ ਵੀ ਹੈ ਕਿ ਜੇ ਪੁਲਸ ਸ੍ਰੀਮਾਨ ਐਲਸਮਾਈ ਅਗੇ ਆਪਣੇ ਔਝੜੇ ਪਏ ਰਹਿਣਾ ਸਵੀਕਾਰ ਕਰਦੀ ਹੈ ਤਾਂ ਹੇਠਲੀ ਅਦਾਲਤ ਵਿਚ ਡਿਪਟੀ ਕਮਿਸ਼ਨਰ ਬਰਚ ਕੋਲ ਇਹ ਭੇਦ ਕਿਉਂ ਨਾ ਖੁਲ੍ਹਿਆ ? ਤੇ ਉਸ ਨੇ ਬਾਰਾਂ ਨਿਰਦੋਸ਼ਾਂ ਨੂੰ ਦੋਸ਼ੀ ਮੰਨ ਕੇ ਫਾਂਸੀ ਦੀ ਸਜ਼ਾ ਕਿਵੇਂ ਸੁਣਾ ਦਿਤੀ ?

ਇਸ ਮੁਕੱਦਮੇ ਦਾ ਇਕ ਦਿਲਚਸਪ ਪਹਿਲੂ ਇਹ ਵੀ ਹੈ ਕਿ ਇਕ ਸਮਕਾਲੀ ਇਤਿਹਾਸਕਾਰ ਤੇ ਨਾਮਧਾਰੀ ਸਮਕਾਲੀ ਲਿਖਤ ਅਨੁਸਾਰ ਇਨ੍ਹਾਂ ਅਸਲ ਦੋਸ਼ੀ ਸਿੰਘਾਂ ਨੇ ਤੂੜੀ ਦੀਆਂ ਧੜਾਂ ਵਿਚੋਂ ਆਪਣੇ ਲਹੂ-ਲਿਬੜੇ ਹਥਿਆਰ ਲਭਾ ਕੇ ਆਪਣੇ ਦੋਸ਼ੀ ਹੋਣ ਦਾ ਸਬੂਤ ਅਦਾਲਤ ਅਗੇ ਪੇਸ਼ ਕੀਤਾ ਸੀ। ਗਿਆਨੀ ਗਿਆਨ ਸਿੰਘ ਵੀ ਇਕ ਸਮਕਾਲੀ ਇਤਿਹਾਕਾਰ ਸੀ ਜਿਹੜਾ ਅੰਗਰੇਜ਼ਾਂ ਵਲੋਂ ਨਿਰਦੋਸ਼ਾਂ ਨੂੰ ਤਸੀਹੇ ਦਿਤੇ ਜਾਣ ਦਾ ਜ਼ਿਕਰ ਵੀ ਕਰਦਾ ਹੈ ਤੇ ਅਗਲੀ ਸੱਚਾਈ ਵੀ ਦੱਸਦਾ ਹੈ—



Sri Satguru Jagjit Singh Ji eLibrary NamdhariElibrary@gmail.com

ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ।
ਅੰਗ੍ਰੇਜ਼ੋਂ ਗਹਿ ਕੈ ਦੁਖਯਾਰੇ ਕੀਨੇ ਗੌਰ ਪੈ।
ਦੈਨ ਲਾਗੇ ਫਾਂਸੀ ਜਬ, ਆਇ ਖੁਦ ਕੂਕੇ ਤਬਿ,
ਕਾਤਲ ਸਬੂਤ ਆਪ ਥੀਏ ਸਭ ਤੌਰ ਪੈ।
(ਪੰਥ ਪ੍ਰਕਾਸ਼, ਉਤ੍ਰਾਰਧ, ਬਿ- ੫੮)

ਸਰਕਾਰੀ ਰਿਕਾਰਡ ਅਗਸਤ ਦੇ ਪਹਿਲੇ ਹਫਤੇ ਤੂੜੀ ਦੀਆਂ ਧੜਾਂ ਵਿਚੋਂ ਹਥਿਆਰ ਲੱਭਣ ਤੇ ਕੂਕਿਆਂ ਦੀਆਂ ਗ੍ਰਿਫਤਾਰੀਆਂ ਦਾ ਵਰਨਣ ਕਰਦਾ ਹੈ ਜਦ ਕਿ ਵਿਸ਼ਵਾਸਯੋਗ ਉਕਤ ਲਿਖਤ ਅਨੁਸਾਰ ੯ ਅਗਸਤ ਨੂੰ ਪੇਸ਼ ਹੋਣ ਦੀ ਗੱਲ ਸਿੱਧ ਹੁੰਦੀ ਹੈ। ਤੇ ਜੇ ਇਕ ਪਲ ਲਈ ਇਹ ਫਰਜ਼ ਕਰ ਵੀ ਲਿਆ ਜਾਵੇ ਕਿ ਪੁਲਸ ਨੇ ਨਾਮਧਾਰੀ ਸਿੰਘ ਫੜ ਕੇ ਹਥਿਆਰ ਲਭੇ ਸਨ ਤਦ ਪੁਲਸ ਨੇ ਆਪਣੀ ਤਫਤੀਸ਼ੀ ਕਮਜ਼ੋਰੀ ਦਾ ਇਕਬਾਲ ੯ ਅਗਸਤ ਨੂੰ ਕਿਵੇਂ ਕੀਤਾ ? ਫਿਰ, ਫਾਂਸੀ ਦਾ ਹੁਕਮ ਸੁਣਨ ਵਾਲੇ 'ਕਾਤਲਾਂ' ਵਿਚ ਇਕ ਸੇਠ ਜੈਰਾਮ ਵੀ ਸੀ ਜਿਸ ਤੋਂ ਇਕਬਾਲੀਆ ਬਿਆਨ ਕਢਾਉਣ ਲਈ ਪੁਲਸ ਨੇ ਉਸ ਨੂੰ ਪੱਥਰ ਤੇ ਨੰਗਿਆਂ ਬਿਠਾ ਕੇ ਮਰਨਹਾਰਾ ਕੀਤਾ ਹੋਇਆ ਸੀ ਜਿਸ ਉਪਰ ਤੇਜ਼ਾਬ ਪਾਇਆ ਹੋਇਆ ਸੀ। ਇਨ੍ਹਾਂ ਕਥਿਤ ਕਾਤਲਾਂ ਵਲੋਂ ਇਸ ਸੇਠ ਵਿਰੁਧ ਮੁਕੱਦਮਾ ਕਰਨ ਦੀ ਆਗਿਆ ਸਰਕਾਰ ਪਾਸੋਂ ਮੰਗੀ ਗਈ ਗਈ ਪਰ ਸਰਦਾਰ ਨਾਹਰ ਸਿੰਘ ਦੇ ਸ਼ਬਦਾਂ ਵਿਚ "ਭਾਵੇਂ ਡਿਪਟੀ ਕਮਿਸ਼ਨਰ ਬਰਚ ਇਸ ਮਨਜ਼ੂਰੀ ਦੇ ਹੱਕ ਵਿਚ ਸੀ, ਪਰ ਜੈ ਰਾਮ ਨੇ ਪੇਸ਼ ਹੋ ਕੇ ਐਸੇ ਬਿਆਨ ਦੇਣ ਦੀ ਧਮਕੀ ਦਿਤੀ ਜਿਸ ਨਾਲ ਮਿਸਟਰ ਕਰਿਸਟੀ ਅਤੇ ਹੋਰ ਅਫਸਰਾਂ ਦੇ ਖਿਲਾਫ ਦੋਸ਼ੀਆਂ ਤੇ ਕਈ ਤਰ੍ਹਾਂ ਦੀਆਂ ਸਖਤੀਆਂ ਕਰਨ ਦੇ ਇਲਜ਼ਾਮ ਸਿਧ ਹੁੰਦੇ ਹਨ। ਇਹ ਮਨਜ਼ੂਰੀ ਨਾ ਦਿਤੀ ਗਈ।" ਜਦ ਕਿ ਮੰਨਾਂ ਸਿੰਘ, ਰਾਮ ਕਿਸ਼ਨ ਅਤੇ ਮਈਆ ਨੂੰ ਹੀਰਾ, ਆਹੀਆ ਤੇ ਜੈਮਲ ਵਿਰੁਧ ਮੁਕੱਦਮਾ ਕਰਨ ਦੀ ਆਗਿਆ ਦਿਤੀ ਜਾ ਚੁਕੀ ਸੀ ਤੇ ਆਹੀਏ ਨੂੰ ਦੋ ਸਾਲ ਦੀ ਕੈਦ ਬਾਮੁਸ਼ੱਕਤ ਤੇ ਤਿੰਨ ਮਹੀਨੇ ਕੋਠੜੀਬੰਦ ਦੀ ਕੈਦ ਹੋਈ ਵੀ ਸੀ।

ਜਿਵੇਂ ਪਹਿਲਾਂ ਸੰਕੇਤ ਦਿਤਾ ਹੀ ਜਾ ਚੁਕਾ ਹੈ, ਅੰਮ੍ਰਿਤਸਰ ਹਮਲੇ ਤੋਂ ਪਿਛੋਂ ਕੁਛ ਸਿੰਘ ਲੁਕ ਛਿਪ ਗਏ ਸਨ। ਉਨ੍ਹਾਂ ਨੂੰ ਅਦਾਲਤ ਨੇ ਭਗੌੜੇ ਕਰਾਰ ਦੇ ਦਿਤਾ ਸੀ। ਇਹ ਸਨ ਮੇਹਰ ਸਿੰਘ ਲੋਪੋਕੇ, ਝੰਡਾ ਸਿੰਘ ਠੱਠਾ ਤੇ ਲਛਮਣ ਸਿੰਘ ਗੁਰਦਾਸਪੁਰ। ਨਾਮਧਾਰੀ ਇਤਿਹਾਸਕਾਰ ਇੰਦਰ ਸਿੰਘ ਚਕ੍ਰਵਰਤੀ ਅਨੁਸਾਰ ਮੇਹਰ ਸਿੰਘ ਜੀ "ਕਾਬਲ ਕੰਧਾਰ ਵਲ ਚਲੇ ਗਏ ਅਤੇ ਸ਼ਾਂਤੀ ਹੋ ਜਾਣ ਤੇ ਸ੍ਰੀ ਭੈਣੀ ਸਾਹਿਬ ਆ ਕੇ ਕਾਫੀ ਚਿਰ ਰਹਿ ਕੇ ੧੯੧੬-੧੯੧੭ ਈਸਵੀ ਵਿਚ ਸਮਾਏ ਸਨ। ਮੈਂ ਇਨ੍ਹਾਂ ਦੇ ਚੰਗੀ ਤਰ੍ਹਾਂ ਦਰਸ਼ਨ ਹੀ ਨਹੀਂ ਸਨ ਕੀਤੇ ਸਗੋਂ ਸੋਝੀ ਆਣ ਤੇ ਅੰਮ੍ਰਿਤ ਪਾਨ ਵੀ ਇਨ੍ਹਾਂ ਕੋਲੋਂ ਹੀ ਕੀਤਾ ਸੀ।"

ਦੂਜਾ ਭਗੌੜਾ ਝੰਡਾ ਸਿੰਘ ਵੀ ਦੋ ਸਾਲ ਦੇ ਕਰੀਬ ਇਧਰ ਉਧਰ ਵਿਚਰਦਾ ਰਿਹਾ। ਪੰਜਾਬ ਦੇ ਇਕ ਸਾਬਕਾ ਲੈਫਟੀਨੈਂਟ ਗਵਰਨਰ ਨੇ ਆਪਣੀ ਰੂਸ ਯਾਤਰਾ ਦੌਰਾਨ ਇਕ ਸ਼ੱਕੀ ਵਿਅਕਤੀ ਦੇ ਮਿਲਣ ਦਾ ਜ਼ਿਕਰ ਕੀਤਾ ਹੈ। ਇਸ ਵਲੋਂ ਪੁਛੇ ਜਾਣ ਤੇ ਉਸ ਵਿਅਕਤੀ ਨੇ ਆਪਣਾ ਨਾ ਤਾਂ ਨਾਂ ਦਸਿਆ, ਜਾਂ ਹੋ ਸਕਦਾ ਹੈ ਕਿਸੇ ਕਾਰਨ ਇਸ ਨੇ ਆਪ ਹੀ ਗੁਪਤ ਰਖਣਾ ਯੋਗ ਸਮਝ ਕੇ ਨਾ ਲਿਖਿਆ ਹੋਵੇ, ਪਰ ਉਸ ਨੇ ਇਸ ਭੇਦ ਤੋਂ ਪਰਦਾ ਜ਼ਰੂਰ ਚੁਕਿਆ ਕਿ ਉਹ ਅੰਮ੍ਰਿਤਸਰ ਬੁੱਚੜਬੱਧ ਕਾਂਡ ਵਿਚੋਂ ਭਗੌੜਾ ਹੈ ਤੇ ਰੂਸ ਵਿਚ ਦਿਨ ਕਟੀ ਕਰ ਰਿਹਾ ਹੈ। ਰੂਸ ਤੇ ਬਰਤਾਨੀਆ ਦੀ ਉਨ੍ਹੀਂ ਦਿਨੀ ਪ੍ਰਸਪਰ ਘਟ ਬਣਦੀ ਸੀ ਤੇ ਸ਼ਾਇਦ ਇਸੇ ਕਰਕੇ ਨਾਮਧਾਰੀਆਂ ਦਾ ਝੁਕਾਉ ਰੂਸ ਵਲ ਵਧੇਰੇ ਰਿਹਾ ਹੋਵੇ! ਉਸ ਭਗੌੜੇ ਨੇ ਲੈਫਟੀਨੈਂਟ ਗਵਰਨਰ ਨੂੰ ਇਹ ਵੀ ਪੁਛਿਆ ਕਿ ਕੀ ਪੁਲਸੀਆ ਕ੍ਰਿਸਟੀ ਅਜੇ ਉਥੇ ਹੈ ? ਇਸ ਨੇ ਕ੍ਰਿਸਟੀ ਨੂੰ ਇਹ ਗੱਲ ਦਸਣ ਦਾ ਜ਼ਿਕਰ ਵੀ ਕੀਤਾ ਹੈ ਕਿ ਉਸ ਦੇ ਨਾਂ ਦਾ ਕਿੰਨਾ ਦਬਦਬਾ ਹੈ। ਹੋ ਸਕਦਾ ਹੈ ਕਿ ਇਹ ਝੰਡਾ ਸਿੰਘ ਹੀ ਹੋਵੇ।

ਝੰਡਾ ਸਿੰਘ ੧੧ ਅਗਸਤ ੧੮੭੩ ਨੂੰ ਫੜਿਆ ਗਿਆ। ਕਿਥੋਂ ? ਕਿਵੇਂ ? ਕਿਸ ਪ੍ਰਸਥਿਤੀ ਵਿਚ ਤੇ ਕਿਸ ਵਲੋਂ ? ਇਹ ਗੱਲਾਂ ਅਜੇ ਵੀ ਖੋਜ ਦੀਆਂ ਮੁਥਾਜ ਹਨ ਪਰ ਸੱਚ ਦੀ ਲਭਤ ਕੁਛ ਸ਼ੱਕੀ ਜਾਪਦੀ ਹੈ ਕਿਉਂਕਿ ਉਸਦੇ ਸਮਕਾਲੀ ਇਸ ਜਹਾਨੋਂ ਕੂਚ ਕਰ ਚੁਕੇ ਹਨ ਤੇ ਸਰਕਾਰੀ ਮਿਸਲਾਂ ਵਿਚ ਸਰਕਾਰੀ ਦ੍ਰਿਸ਼ਟੀਕੋਣ ਤੋਂ ਹੀ ਘਟਨਾ-ਵੇਰਵੇ ਦਰਜ ਕੀਤੇ ਜਾਇਆ ਕਰਦੇ ਹਨ ਜਿਵੇਂ ਅਸੀਂ ਆਤਮ ਸਮਰਪਣ ਵਿਚ ਦੇਖ ਹੀ ਚੁਕੇ ਹਾਂ। ਝੰਡਾ ਸਿੰਘ ਤੇ ੧੨ ਅਗਸਤ ਨੂੰ ਮੁਕਦਮਾ ਚਾਲੂ ਹੋਇਆ ਤੇ ਉਸਨੂੰ ਵੀ ਫਾਂਸੀ ਦਿਤੀ ਗਈ। ਅੰਮ੍ਰਿਤਸਰ ਬੁੱਚੜਬੱਧ ਕਾਂਡ ਦਾ ਉਹ ਪੰਜਵਾਂ ਸ਼ਹੀਦ ਹੈ।

ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਹੋਣੋਂ ਬਚਾਉਣ ਲਈ ਸਿਰ ਧੜ ਦੀ ਬਾਜ਼ੀ ਲਾਉਣ ਵਾਲੇ ਸਿੰਘਾਂ ਦਾ ਇਹ ਪਹਿਲਾ ਤੇ ਹੁਣ ਤਕ ਆਖਰੀ ਜਥਾ ਸੀ। ਬਹੁਤੇ ਅਫਸੋਸ ਦੀ ਗੱਲ ਹੈ ਕਿ ਦਰਬਾਰ ਸਾਹਿਬ ਬਾਰੇ ਪ੍ਰਸਿਧ ਸਿਖ ਇਤਿਹਾਸਕਾਰਾਂ ਵਲੋਂ ਲਿਖੀਆਂ ਗਈਆਂ ਖੋਜ ਭਰਪੂਰ ਪੁਸਤਕਾਂ ਵਿਚ ਅਬਦਾਲੀ ਵਲੋਂ ਸਰੋਵਰ ਦੀ ਪਵਿਤਰਤਾ ਭੰਗ ਕਰਨ ਤੇ ਸਮਕਾਲੀ ਸਿੰਘਾਂ ਵਲੋਂ ਪਵਿਤਰਤਾ ਬਹਾਲ ਕਰਨ ਦੇ ਪ੍ਰਣ ਲੈ ਕੇ ਸਿਰੇ ਚਾੜ੍ਹਨ ਦਾ ਵਰਨਣ ਤਾਂ ਵਿਸਥਾਰ ਸਹਿਤ ਕੀਤਾ ਗਿਆ ਮਿਲਦਾ ਹੈ, ਪਰ ਅੰਗਰੇਜ਼ਾਂ ਵਲੋਂ ਕੀਤੀ ਕੀਤੀ ਗਈ ਪਵਿਤਰਤਾ ਭੰਗੀ ਤੇ ਉਸ ਖਾਤਰ ਅਦੁਤੀ ਸ਼ਹੀਦੀ ਪ੍ਰਾਪਤ ਕਰਨ ਵਾਲੇ ਇਨ੍ਹਾਂ ਸਿੰਘਾਂ ਦਾ ਨਾਂ ਭੋਗ ਵੀ ਨਹੀਂ ਪਾਇਆ ਗਿਆ। ਇਸ ਪਿਛੇ ਕਾਰਨ ਨੂੰ ਬਰਤਾਨਵੀ ਰਾਜ ਦੀ ਭਗਤੀ ਤਾਂ ਕਿਹਾ ਨਹੀਂ ਜਾ ਸਕਦਾ ਕਿਉਂਕਿ



Sri Satguru Jagjit Singh Ji eLibrary NamdhariElibrary@gmail.com

ਇਹ ਸੁਤੰਤਰ ਭਾਰਤ ਵਿਚ ਪ੍ਰਕਾਸ਼ਤ ਹੋਈਆਂ ਹਨ। ਸ਼ਾਇਦ ਇਹ ਸੰਪਰਦਾਇਕ ਮਤਭੇਤਾਂ ਕਾਰਨ ਜਾਣ ਬੁਝ ਕੇ ਕੀਤਾ ਗਿਆ ਜਤਨ ਹੋਵੇ ਜਾਂ ਇਸ ਕੁਰਬਾਨੀ ਦਾ ਸਿਹਰਾ ਨਾਮਧਾਰੀਆਂ ਸਿਰ ਬੰਨ੍ਹਣ ਦੇ ਡਰ ਕਾਰਨ ਹੋਵੇ। ਉਸ ਤੋਂ ਵੀ ਅਫਸੋਸ ਦੀ ਗੱਲ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਹਰ ਮਹੀਨੇ ਪ੍ਰਕਾਸ਼ਤ ਕੀਤੀ ਜਾਂਦੀ ਇਤਿਹਾਸਕ ਦਿਹਾੜਿਆਂ ਦੀ ਸੂਚੀ ਵਿਚ, ਨਾ ਤਾਂ ਮਲੇਰ-ਕੋਟਲਾ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦਾ ਜਨਵਰੀ ਵਿਚ ਜ਼ਿਕਰ ਸੀ ਤੇ ਨਾ ਹੀ ਰਾਇਕੋਟ ਵਿਚ ਫਾਂਸੀ ਲਗਣ ਵਾਲੇ ਤਿੰਨਾਂ ਸਿੰਘਾਂ ਦਾ ਅਗਸਤ ਮਹੀਨੇ ਵਿਚ। ਇਸ ਆਧਾਰ ਤੇ ਸਤੰਬਰ ਵਿਚ ਵਿਚਾਰਾਧੀਨ ਸ਼ਹੀਦਾਂ ਦਾ ਵੇਰਵਾ ਵੀ ਅਲੋਪ ਰਹਿਣ ਦਾ ਕਿਆਸ ਕਰਨਾ ਅਯੋਗ ਨਹੀ ਜਾਪਦਾ ਹਾਲਾਂ ਕਿ ਇਨ੍ਹਾਂ ਦਾ ਸਿਧੇ ਤੌਰ ਤੇ ਦਰਬਾਰ ਸਾਹਿਬ ਨਾਲ ਸਬੰਧ ਹੈ। ਕੁਛ ਵੀ ਹੋਵੇ, ਇਹ ਉਨ੍ਹਾਂ ਸ਼ਹੀਦਾਂ ਦਾ ਅਪਮਾਨ ਹੈ ਜਿਨ੍ਹਾਂ ਨੇ ਕੁਰਬਾਨੀ ਕਰਨ ਦੀ ਸਿਖੀ ਰਵਾਇਤ ਨੂੰ ਕਾਇਮ ਰਖਦਿਆਂ, ਅੰਗਰੇਜ਼ਾਂ ਵਲੋਂ ਸਮੁਚੇ ਸਿਖ ਜਗਤ ਨੂੰ ਪਾਈ ਗਈ ਵੰਗਾਰ ਨੂੰ ਕਬੂਲ ਕੇ ਆਤਮ ਬਲੀਦਾਨ ਦਿਤਾ ਸੀ ਜਿਸ ਦੇ ਬਰਾਬਰ ਦੀ ਹੋਰ ਕੋਈ ਉਦਾਹਰਣ ਲਭਣੀ ਅਸੰਭਵ ਜਾਪਦੀ ਹੈ।

ਇਨ੍ਹਾਂ ਸਿੰਘਾਂ ਦੀ ਯਾਦ ਵਿਚ ਨਾਮਧਾਰੀ ਪੰਥ ਹਰ ਸਾਲ ਕੌਮੀ ਪਧਰ ਤੇ ਸ਼ਹੀਦੀ ਸਮਾਗਮ ਕਰਦਾ ਹੈ, ਪਰ ਉਨ੍ਹਾਂ ਵਿਚ ਜਿੰਨੇ ਭਾਸ਼ਣ ਹੁੰਦੇ ਹਨ ਜਾਂ ਸ਼ਹੀਦਾਂ ਬਾਰੇ ਜਿੰਨੇ ਲੇਖ ਪ੍ਰਕਾਸ਼ਤ ਹੁੰਦੇ ਹਨ ਉਨ੍ਹਾਂ ਵਿਚ ਯਾਦ ਚਹੁੰ ਸ਼ਹੀਦਾਂ ਨੂੰ ਹੀ ਕੀਤਾ ਜਾਂਦਾ ਹੈ। ਸਾਡਾ ਵਿਚਾਰ ਹੈ ਕਿ ਝੰਡਾ ਸਿੰਘ ਨੇ ਕੋਈ ਕਮਜ਼ੋਰੀ ਨਹੀਂ ਦਿਖਾਈ। 'ਖਾ ਕੇ ਜਾਈਏ ਸੌਂ ਤੇ ਮਾਰ ਕੇ ਜਾਈਏ ਭੱਜ' ਪੰਜਾਬੀ ਤੇ ਭਾਰਤੀ ਸਮਾਜਕ ਸਭਿਆਚਾਰ ਦਾ ਅੰਗ ਰਿਹਾ ਹੈ। ਉਂਜ ਝੰਡਾ ਸਿੰਘ ਉਸੇ ਜਥੇ ਦਾ ਕਾਰਕੁਨ ਸੀ, ਸਾਥੀਆਂ ਨੂੰ ਤਿੰਨ ਤਲਵਾਰਾਂ ਲਿਆ ਕੇ ਦੇਣ ਵਾਲਾ ਵੀ ਉਹੀ ਸੀ। ਸਭ ਦਾ ਉਦੇਸ਼ ਵੀ ਇਕੋ ਸੀ ਤੇ ਕੀਤੀ ਗਈ ਕਾਰਵਾਈ ਵੀ ਸਰਬਸੰਮਤ ਸੀ। ਸਭ ਨੇ ਸ਼ਹੀਦੀ ਵੀ ਇਕੋ ਢੰਗ ਨਾਲ ਪ੍ਰਾਪਤ ਕੀਤੀ ਸੀ। ਫਿਰ ਵਿਚਾਰੇ ਝੰਡਾ ਸਿੰਘ ਦੀ ਆਤਮਾ ਨਾਲ ਇਹ ਅਨਿਆਇ ਨਹੀਂ ਹੋਣਾ ਚਾਹੀਦਾ। ਉਸ ਦੇ ਦੂਜੇ ਸਾਥੀਆਂ ਨਾਲ ਉਸ ਨੂੰ ਵੀ ਯਾਦ ਕਰਦਿਆਂ, ਉਸ ਪ੍ਰਤੀ ਵੀ ਕ੍ਰਿਤਗਤਾ ਪ੍ਰਗਟਾਉਂਦਿਆਂ, ੧੫ ਸਤੰਬਰ ਦਾ ਇਹ ਦਿਨ ਪੰਜਾਂ ਸ਼ਹੀਦਾਂ ਨੂੰ ਸਮਰਪਤ ਕੀਤਾ ਜਾਣਾ ਬਣਦਾ ਹੈ। ਗਿਆਨੀ ਗਿਆਨ ਸਿੰਘ ਜੀ ਦੇ ਸ਼ਬਦਾਂ ਵਿਚ ਹੀ—

ਗਰਜ਼ੀ ਹੈ ਅਰਜੀ ਗੁਜਾਰੀ ਮੈ ਫਰਜ਼ ਲਖ,<br>
ਮਰਜ਼ੀ ਤਿਹਾਰੀ ਆਗੇ ਮਾਨੋ ਨਾਹਿ ਮਾਨੋ ਹੈ।

—ਸ਼ਾਹਪੁਰ (ਫਿਲੌਰ)-੧੪੪੪੧੦

## ਸਾਰਾ ਹੀ ਦੁਖੁ ਪ੍ਰਮੇਸਰ ਦੇ ਭਜਨ ਤੇ ਕਟਿ ਜਾਊਗਾ

***—ਸਤਿਗੁਰੂ ਰਾਮ ਸਿੰਘ ਜੀ***

ਜਿਥੇ ਨਾ ਹੋਊ ਸਾਰੇ ਸੁਕ੍ਰਿਤ ਆ 'ਕੱਠੇ ਹੋਣਗੇ ਅਰ ਸਾਰੇ ਈ ਦੁਕ੍ਰਿਤ ਭਜਿ ਜਾਣਗੇ।

-0-

ਬਾਣੀ ਸਭ ਨੇ ਕੰਠ ਕਰਨੀ ਜਨਾਨੇ ਮਰਦਾਨੇ ਨੇ ਬੁਢੇ ਬਾਲੇ ਨੇ। ਜੋ ਬਾਣੀ ਪੜ੍ਹੇਗਾ ਅਰ ਭਜਨ ਕਰੇਗਾ ਸੋ ਉਸ ਦੇ ਵਾਸਤੇ ਸਭ ਸੁਖ ਹੋਣਗੇ। ਰਿੰਜਕ ਦੇ ਵਿੱਚ ਵੀ ਬਰਕਤ ਹੋਊਗੀ ਸਰੀਰ ਬੀ ਅਰੋਗ ਰਹੇਗਾ।

-0-

ਭਜਨ ਬਿਨਾ ਦੁਬਾਈ ਬੀ ਫੈਦਾ ਨਹੀਂ ਕਰਦੀ।

-0-

ਹੋਰੁ ਜੀ ਜਿਸ ਜਿਸ ਸਰੀਰ ਨੇ ਕਿਹਾ ਕਿ ਮੈਨੂੰ ਇਹ ਦੁਖੁ ਹੈ, ਇਹੁ ਦੁਖੁ ਹੈ, ਸੋ ਸਭੋ ਹੀ ਦੁਖੁ ਕਟਿ ਜਾਊਗਾ। ਢੁਹੀ ਦੁਖੁ, ਸੰਨਪਾਤ, ਮਿਰਗੀ ਬੀ, ਭੂਤ ਭੀ, ਹੋਰੁ ਬੀ ਜੋ ਮਾਨੁਖਾ ਕੋ ਮਾਨੁਖ ਦੁਖੁ ਦੇ ਰਹੈ, ਹੋਰ ਬੀ ਜੋ ਨੰਗ ਭੁਖ ਦਾ ਦੁਖੁ ਹੈ, ਸੋ ਸਾਰਾ ਈ ਦੁਖੁ ਪ੍ਰਮੇਸਰ ਦੇ ਭਜਨ ਤੇ ਕਟਿ ਜਾਊਗਾ। ਗੁਰੂ ਜੀ ਦਾ ਹੁਕਮੁ ਹੈ ਜੋ ਸਰਬ ਰੋਗ ਕਾ ਆਉਖਦੁ ਨਾਮੁ। ਸੋ ਜੀ ਨਾਮ ਦਾ ਤੇ ਬਾਣੀ ਪੜਨ ਦਾ ਏਹੁ ਬਡਾ ਮਹਾਤਮੁ ਹੈ। ਸੋ ਸਵਾ ਪਹਿਰੁ ਰਾਤ ਤੇ ਪਹਿਰ ਤੇ ਉਠਕੇ ਹਮੇਸ਼ਾ ਸਨਾਨ ਕਰਨਾ, ਬਾਣੀ ਪੜਨੀ ਫੇਰ ਭਜਨੁ ਕਰਨਾ ਦਿਨ ਰਾਤ ਕੰਮ ਕਾਰ ਮੈਂ ਜਿੰਨਾ ਹੋਇ ਆਵੇ ਅਰੁ ਜਥਾ ਸਕਤ ਦਾਨ ਕਰਨਾ ਅਰੁ ਕਿਸੇ ਦੀ ਕੋਈ ਬੀ ਚੀਜ ਚਕਣੀ ਚੁਰਾਉ ਨਾ ਪਰੁ ਪਿਛਾ ਰਾਤ ਨਾਉਣਾ ਜਰੂਰ ਤਾਂ ਸਾਰੇ ਹੀ, ਸਭਿ ਦੇ ਦੁਖ ਕਟਿ ਜਾਣਗੇ। ਇਹ ਸਭ ਕੋ ਸੁਣਾ ਦੇਣਾ।

-0-

ਭਜਨੁ ਬਾਣੀ ਦਾ ਹੁਕਮੁ ਸਭ ਕੋ ਸੁਣਾ ਦੇਣਾ, ਅਰੁ ਪਿਛਾ ਰਾਤ ਨਾਇਕੇ ਜੋ ਭਜਨ ਕਰੂਗਾ, ਓਸਦਾ ਸਾਰਾ ਦੁਖੁ ਜਾਊਗਾ। ਏਥੇ ਸਾਨੂੰ ਭੀ ਬਡਾ ਦੁਖੁ ਹੋਆ ਥਾ, ਸਰੀਰ ਤੜਫਦਾ ਸੀ ਰਾਤ ਦਿਨ। ਜਿਸ ਦਿਨ ਤੇ ਪਿਛਾ ਰਾਤ ਨ੍ਹਾ ਕੇ ਭਜਨੂ ਬਾਣੀ ਕਰਨ ਲੱਗੇ, ਓਸੇ ਦਿਨ ਤੇ ਠੰਢ ਬਰਤ ਗਈ ਸਾਨੂੰ।....

***—ਵੱਖ ਵੱਖ ਹੁਕਨਾਮਿਆ 'ਚੋਂ***



Sri Satguru Jagjit Singh Ji eLibrary NamdhariElibrary@gmail.com

# ਨਰਕੋਂ ਸਵਰਗ ਨੂੰ

ਇਕ ਨੌਜਵਾਨ ਮੁਸੀਬਤਾਂ ਦੇ ਚੱਕਰ ਵਿੱਚ ਐਸਾ ਫਸ ਗਿਆ ਕਿ ਜਿਸ ਤੋਂ ਬਾਹਰ ਨਿਕਲਣਾ ਉਸ ਵਾਸਤੇ ਸੰਭਵ ਨਹੀਂ ਸੀ। ਉਸ ਜੁਆਨ ਨੇ ਇਵੇਂ ਮਹਿਸੂਸ ਕੀਤਾ ਕਿ ਜੀਵਨ ਦਾ ਦੁਖ ਭਰਿਆ ਰਾਹ ਕਦੇ ਖਤਮ ਨਹੀਂ ਹੋਵੇਗਾ। ਉਸ ਜੁਆਨ ਨੇ ਭਾਰਤੀ ਵਿਦਿਆਪੀਠ ਦੀ ਉਪਾਧੀ ਹਾਸਲ ਕੀਤੀ ਸੀ, ਪਰ ਬੜੀ ਮੁਸ਼ਕਲ ਨਾਲ। ਜਿਹੜੀ ਨੌਕਰੀ ਮਿਲੀ ਉਹ ਵੀ ਛੁੱਟ ਗਈ। ਆਪਣੇ ਬਾਲ ਬੱਚਿਆਂ ਅਤੇ ਪਤਨੀ ਦੀ ਪਾਲਣਾ ਕਰਨੀ ਵੀ ਉਸ ਵਾਸਤੇ ਅਸੰਭਵ ਜਿਹਾ ਹੋ ਗਿਆ। ਕਿਹਾ ਜਾਂਦਾ ਹੈ ਕਿ ਮੁਸੀਬਤ ਇਕੱਲੀ ਨਹੀਂ ਆਉਂਦੀ। ਉਹ ਜੁਆਨ ਪਰੇਸ਼ਾਨ ਤਾਂ ਅਗੇ ਹੀ ਸੀ ਪਰ ਇਹ ਪਰੇਸ਼ਾਨੀ ਉਦੋਂ ਹੋਰ ਵੀ ਵਧ ਗਈ ਜਦੋਂ ਡਾਕਟਰ ਨੇ ਦੱਸਿਆ ਕਿ ਤੈਨੂੰ ਅਸਾਧ ਰੋਗ ਹੋ ਚੁੱਕਾ ਹੈ। ਇਹ ਸੁਣਦਿਆਂ ਹੀ ਉਸ ਦੀਆਂ ਅੱਖਾਂ ਦੇ ਸਾਹਮਣੇ ਹਨੇਰਾ ਜਿਹਾ ਛਾ ਗਿਆ। ਉਹਨੂੰ ਲਗਿਆ ਕਿ ਹੁਣ ਮੇਰੀ ਜੀਵਨ ਦੀ ਬੇੜੀ ਡੁੱਬ ਜਾਵੇਗੀ। ਉਹ ਨੌਜੁਆਨ ਇਤਨਾ ਡਰਿਆ ਹੋਇਆ ਸੀ ਕਿ ਖੁਦ ਮੌਤ ਨੂੰ ਗਲ ਲਗਾਣਾ ਚਾਹੁੰਦਾ ਸੀ ਜਿਸ ਨਾਲ ਚਿੰਤਾਵਾਂ, ਪਰੇਸ਼ਾਨੀਆਂ ਅਤੇ ਦੁਰਭਾਗੀ ਜ਼ਿੰਦਗੀ ਤੋਂ ਛੁਟਕਾਰਾ ਤਾਂ ਮਿਲ ਜਾਵੇ।

ਇਸੇ ਨਿਰਾਸ਼ਾ ਵਿੱਚ ਉਹ ਇਕ ਦਿਨ ਸ਼ਹਿਰ ਦੇ ਸੁੰਨਸਾਨ ਹਨੇਰੇ ਰਸਤੇ ਵਿੱਚ ਭਟਕ ਗਿਆ। ਜਿਥੇ ਪੈਰ ਲੈ ਜਾਂਦੇ ਉਥੇ ਹੀ ਚਲਾ ਜਾਂਦਾ। ਉਸ ਸੁੱਕੇ ਪੱਤੇ ਵਾਂਗ ਸੀ ਜਿਸ ਨੂੰ ਹਵਾ ਦਾ ਝੋਕਾ ਇਥੋਂ ਉਥੇ ਲੈ ਜਾਂਦਾ ਹੈ। ਚਲਦਿਆਂ ਚਲਦਿਆਂ ਉਹ ਪੂਜਾ ਘਰ ਕੋਲੋਂ ਲੰਘ ਰਿਹਾ ਸੀ ਕਿ ਹਵਾ ਦੇ ਝੋਕੇ ਦੇ ਨਾਲ ਉਹਦੇ ਕੰਨ ਵਿਚ ਕਿਸੇ ਗੀਤ ਦੇ ਸ਼ਬਦ ਸੁਣਾਈ ਦਿਤੇ:

ਜਾਗੋ ਹੇ ਅਮਰ ਪੁੱਤਰ ਜਾਗੋ  
ਨਾ ਤੁਮ ਹੋ ਗੁਲਾਮ ਹਾਲਤ ਕੇ,  
ਤੁਮ ਹੀ ਸਵਾਮੀ ਅਪਣੇ ਭਾਗਯ ਕੇ।  
ਇਸ ਲੀਏ ਉਠੋ, ਹਿੰਮਤ ਰਖੋ, ਦੇਖੋ—  
ਭਾਗਯ ਸਿਤਾਰਾ ਤੁਮਾਰ੍ਹੀ ਰਾਹ ਦੇਖ ਰਹਾ ਹੈ।

ਗੀਤ ਦੇ ਇਹਨਾਂ ਸ਼ਬਦਾਂ ਨੇ ਉਹਨੂੰ ਰੋਕ ਦਿਤਾ। ਕੀ ਇਹ ਗਾਣਾ ਮੇਰੇ ਵਲ ਸੇਧਤ ਤਾਂ ਨਹੀਂ ? ਮਨ ਵਿੱਚ ਉਸਨੇ ਸੋਚਿਆ। ਗੀਤ ਦਾ ਇਕ ਇਕ ਸ਼ਬਦ ਉਸ ਦੀਆਂ ਦਿਲ ਦੀਆਂ ਗਹਿਰਾਈਆਂ ਵਿੱਚ ਜਾ ਬੈਠਿਆ। ਅਨਜਾਣੇ ਵਿੱਚ ਹੀ ਉਹ ਉਸ ਪੂਜਾ ਘਰ ਦੇ ਬੂਹੇ ਤੇ ਆ ਪਹੁੰਚਾ। ਖੁਲ੍ਹੇ ਦਰਵਾਜ਼ੇ ਚੋਂ ਅੰਦਰ ਜਾ ਕੇ ਵਿਹੜੇ ਦੇ ਇਕ ਕੋਨੇ ਵਿੱਚ ਜਾ ਬੈਠਾ। ਕੁਝ ਹੀ ਛਿਨਾਂ ਵਿੱਚ ਗੀਤ ਪੂਰਨ ਹੋਇਆ ਤੇ ਕੀਰਤਨ ਸ਼ੁਰੂ ਹੋਇਆ। ਉਥੇ ਬੈਠੇ ਇਸਤਰੀ ਪੁਰਖਾਂ ਨੇ ਮਿਲਕੇ ਕੀਰਤਨ ਕਰਨਾ ਸ਼ੁਰੂ ਕੀਤਾ:

ਓ ਬੇਸਹਾਰੋਂ ਕੇ ਸਹਾਰੇ, ਓ ਨਿਰਾਧਾਰ ਕੇ ਆਧਾਰ,  
ਓ ਪਤਿਤ ਪਾਵਨ ਨਿਰਾਕਾਰ  
ਤਮਾਰ੍ਹੀ ਹੀ ਸ਼ਰਣ ਮੇਂ ਆਇਆ ਮੈਂ ਹੋਕਰ ਬੇਕਰਾਰ  
ਤੁਮ ਹੀ ਹੋ ਮੇਰੇ ਜੀਵਨਾਧਾਰ।

ਇਹਨਾਂ ਪੰਗਤੀਆਂ ਨੂੰ ਭਾਵਪੂਰਤੀ ਨਾਲ ਬਾਰ ਬਾਰ ਦੁਹਰਾਇਆ ਜਾ ਰਿਹਾ ਸੀ। ਯੁਵਕ ਉਸੇ ਕੀਰਤਨ ਵਿੱਚ ਖੁੱਭ ਗਿਆ। ਉਹਦੇ ਮੂੰਹ ਚੋਂ ਗੀਤ ਦੀਆਂ ਪੰਗਤੀਆਂ ਆਪਣੇ ਆਪ ਨਿਕਲਣ ਲਗੀਆਂ। ਗਾਂਦਿਆਂ ਗਾਂਦਿਆਂ ਇਕ ਖਿਣ ਐਸਾ ਆਇਆ ਕਿ ਯੁਵਕ ਆਪਣੇ ਆਪ ਨੂੰ, ਆਪਣੀਆਂ ਚਿੰਤਾਵਾਂ ਨੂੰ ਆਪਣੀਆਂ ਮੁਸੀਬਤਾਂ ਨੂੰ ਬਿਲਕੁਲ ਭੁੱਲ ਗਿਆ। ਕਈ ਸਾਲਾਂ ਦੇ ਬਾਦ ਉਸਦੇ ਜੀਵਨ ਵਿੱਚ ਇਕ ਐਸਾ ਖਿਣ ਆਇਆ ਸੀ ਜੋ ਉਹਦੇ ਵਾਸਤੇ ਆਨੰਦ ਖੁਸ਼ੀਆਂ ਲਿਆਇਆ ਸੀ।

ਹਰ ਸ਼ਾਮ ਪੂਜਾ ਘਰ ਵਿੱਚ ਜਾ ਕੇ ਉਹ ਪੂਜਾ ਕੀਰਤਨ ਵਿੱਚ ਸ਼ਾਮਲ ਹੁੰਦਾ ਸੀ। ਇਸ ਨਾਲ ਉਹਦੇ ਜੀਵਨ ਨੇ ਇਕ ਨਵਾਂ ਮੋੜ ਲਿਆ। ਇਸ ਪਰਿਵਰਤਨ ਨਾਲ ਨੌਜੁਆਨ ਦਾ ਜੀਵਨ ਵੱਲ ਦੇਖਣ ਦਾ ਦ੍ਰਿਸ਼ਟੀਕੋਣ ਹੀ ਬਦਲ ਗਿਆ। "ਮੈਂ ਵੀ ਕੁਝ ਕਰ ਸਕਦਾ ਹਾਂ" ਐਸਾ ਆਤਮ ਵਿਸ਼ਵਾਸ ਉਸ ਦੇ ਮਨ ਵਿੱਚ ਬਣ ਗਿਆ। ਆਪਣੀ ਹੋਂਦ ਉਹਨੇ ਮਹਿਸੂਸ ਕੀਤੀ। ਜਦੋਂ ਮਾਨਸਿਕ ਹਾਲਤ ਸੁਧਰ ਗਈ ਤਾਂ ਸਰੀਰਕ ਹਾਲਤ ਵੀ ਆਪਣੇ ਆਪ ਸੁਧਰ ਗਈ। ਅਜ ਉਹ ਜੁਆਨ ਭਾਵੇਂ ਉਮਰ ਦੇ ਲਿਹਾਜ਼ ਨਾਲ ਜੁਆਨ ਨਾ ਹੋਵੇ ਕਿਉਂਕਿ ਉਸ ਦੀ ਉਮਰ ਪੰਜਾਹ ਸਾਲ ਦੀ ਹੋ ਚੁੱਕੀ ਹੈ, ਪਰ ਮਨ ਤੋਂ ਉਹ ਜਵਾਨ ਹੈ। ਇਕ ਬਹੁਤ ਵੱਡੀ ਫਰਮ ਦੀ ਅਧਿਕਾਰਪੂਰਨ ਪਦਵੀ ਤੇ ਬਿਰਾਜਮਾਨ ਹੈ। ਭਗਵਾਨ ਨੂੰ ਆਪਣੀ ਫਰਮ ਦਾ ਭਾਗੀਦਾਰ ਮੰਨ ਕੇ ਆਪਣੇ ਲਾਭ ਦੀ ਰਾਸ਼ੀ ਦਾ ਅੱਧਾ ਹਿੱਸਾ ਜੋ ਲੱਖਾਂ ਰੁਪਏ ਤੋਂ ਘੱਟ ਨਹੀਂ ਹੋਵੇਗਾ, ਗਰੀਬਾਂ ਦੀ ਸੇਵਾ ਵਿੱਚ ਅਤੇ ਭਗਵਤ ਕੰਮਾਂ ਵਾਸਤੇ ਅਰਪਿਤ ਕੀਤਾ ਜਾਂਦਾ ਹੈ।

ਸਾਡੇ ਵਿੱਚੋਂ ਅਨੇਕਾਂ ਦਾ ਮਨ ਚਿੰਤਾ ਵਿਚ ਜਾਂ ਨਿਰਾਸ਼ਾ ਨਾਲ ਦੁਖੀ ਹੈ। ਸਾਡਾ ਮਨ ਸਾਡੇ ਤੇ ਇਕ ਤਗੜੇ ਅਧਿਕਾਰੀ ਵਾਂਗ ਰਾਜ ਕਰਦਾ ਹੈ ਅਤੇ ਅਸੀਂ ਵੇਖਦੇ ਹੀ ਵੇਖਦੇ ਉਸ ਦੇ ਗੁਲਾਮ ਬਣ ਜਾਂਦੇ ਹਾਂ।

ਜੋ ਮਨ ਦੀ ਗੁਲਾਮੀ ਤੋਂ ਮੁਕਤ ਰਹਿੰਦਾ ਹੈ ਉਹ ਹੀ ਸੱਚੇ ਅਰਥਾਂ ਵਿੱਤ ਆਨੰਦਿਤ ਹੁੰਦਾ ਹੈ। ਉਹ ਕਿਸੇ ਬੰਧਨ ਵਿੱਚ ਬੰਨ੍ਹਿਆ ਨਹੀਂ ਰਹਿੰਦਾ। ਅਜਿਹੇ ਲੋਕਾਂ ਦਾ ਮਨ ਜੀਵਨ ਵਿੱਚ ਨਿਰਮਾਣਕਾਰੀ ਕੰਮ ਕਰਦੇ ਸਮੇਂ ਉਹਨਾਂ ਦਾ ਮਿੱਤਰ ਅਤੇ ਭਾਗੀਦਾਰ ਹੁੰਦਾ ਹੈ। ਪਰ ਦੁੱਖ ਦੀ ਗੱਲ ਤਾਂ ਇਹ ਹੈ ਕਿ ਸਾਡਾ ਮਨ ਹੀ ਸਾਡਾ ਦੁਸ਼ਮਣ ਹੁੰਦਾ ਹੈ। ਵੇਦਨਾ ਵਿੱਚ ਉਹ ਡੁੱਬ ਜਾਂਦਾ ਹੈ ਅਤੇ ਅਸੀਂ ਆਪਣੇ ਆਪ ਨੂੰ ਅਭਾਗੇ ਸਮਝਣ ਲੱਗ ਪੈਂਦੇ ਹਾਂ ਅਤੇ ਫਿਰ ਐਸਾ ਲਗਦਾ ਹੈ ਕਿ ਅਸੀਂ ਬਿਲਕੁਲ ਹੱਥਲ ਹੋ ਗਏ ਹਾਂ।

ਕਿੰਨੇ ਹੀ ਰੋਗ, ਸਾਡੇ ਮਨ ਨੂੰ ਸੁਧਾਰਨ ਨਾਲ ਜਾਂ ਸਾਡਾ ਜੀਵਨ ਦ੍ਰਿਸ਼ਟੀਕੋਣ ਬਦਲਣ ਨਾਲ ਦੂਰ ਹੋ ਜਾਂਦੇ ਹਨ।

ਆਪਣੇ ਵਿਚਾਰਾਂ ਪ੍ਰਤੀ ਜਾਗਰੂਪ ਰਹੋ। ਇਸ ਵਿਚਾਰ ਪ੍ਰਕਿਰਿਆ ਨਾਲ ਹੀ ਸਾਡਾ ਭਲਾ ਬੁਰਾ ਬਣਦਾ ਹੈ।

ਸਵਰਗ ਜਾਂ ਨਰਕ ਇਹ ਦੋਵੇਂ ਸਾਡੇ ਨਿਰਮਤ ਹਨ। ਚੰਗੇ ਵਿਚਾਰਾਂ ਨਾਲ ਸੁਵਿਚਾਰਾਂ ਨਾਲ ਅਸੀਂ ਸਵਰਗੀ ਸ਼ਕਤੀ ਦੇ ਕੋਲ ਜਾਂਦੇ ਹਾਂ ਅਤੇ ਖੁਸ਼ ਹੁੰਦੇ ਹਾਂ। ਨਾ ਕੇਵਲ ਅਸੀਂ ਖੁਸ਼ ਹੁੰਦੇ ਹਾਂ ਸਗੋਂ ਜਿੱਥੇ ਵੀ ਅਸੀਂ ਜਾਂਦੇ ਹਾਂ ਖੁਸ਼ੀਆਂ ਹੀ ਖੁਸ਼ੀਆਂ, ਬਹਾਰ ਹੀ ਬਹਾਰ ਬਖੇਰ ਦਿੰਦੇ ਹਾਂ।

*ਮਾਨਯੋਗ ਜੇ. ਪੀ. ਵਾਸਵਾਨੀ*  
*"ਪੁਸਤਕ ਚਿਤ੍ਰ ਦਰਸ਼ਣ" ਚੋਂ ਅਨੁਵਾਦਤ*



Sri Satguru Jagjit Singh Ji eLibrary NamdhariElibrary@gmail.com






Sri Satguru Jagjit Singh Ji eLibrary NamdhariElibrary@gmail.com

# ਵੀਹਵੀਂ ਸਦੀ ਦੇ ਪੰਜਾਬ ਦਾ ਲੋਕ-ਨਾਇਕ
# ਕਾਮਰੇਡ ਜੰਗੀਰ ਸਿੰਘ ਜੋਗਾ

*—ਸੁਵਰਨ ਸਿੰਘ ਵਿਰਕ*

ਕਾਮਰੇਡ ਜੰਗੀਰ ਸਿੰਘ ਜੋਗਾ ੨੪ ਅਗਸਤ ੨੦੦੨ ਈ. ਨੂੰ ਆਪਣੀ ਹੋਣੀਆਂ ਭਰਪੂਰ ਜੀਵਨ ਯਾਤਰਾ ਪੂਰੀ ਕਰ ਗਏ ਹਨ। ਉਹਨਾਂ ਦੇ ਜੀਵਨ ਸੰਗਰਾਮ ਨੂੰ ਇਸ ਧਰਤੀ ਤੇ ਚੱਲਣ ਵਾਲੀਆਂ ਵੱਖ-ਵੱਖ ਵੀ ਅਤੇ ਅੰਤਰ ਸਬੰਧਿਤ ਵੀ, ਲੋਕ ਲਹਿਰਾਂ ਨਾਲੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਯੁੱਗ ਪੁਰਖ ਉਹ ਹੁੰਦਾ ਹੈ ਜਿਹੜਾ ਆਪਣੇ ਸਮੇਂ ਦੀਆਂ ਅੱਗੇ ਵਧੂ ਅਤੇ ਨਰੋਈਆਂ ਸ਼ਕਤੀਆਂ ਦੇ ਨਾਲ ਖਲੋਂਦਾ ਹੈ ਅਤੇ ਵੇਲਾ ਵਿਹਾ ਚੁੱਕੀਆਂ, ਗਲੀਆਂ ਸੜੀਆਂ ਥੋਥੀਆਂ ਕਦਰਾਂ ਕੀਮਤਾਂ ਦੇ ਵਿਰੁਧ ਘੋਲ ਵਿੱਢਦਾ ਹੈ। ਸਮੇਂ ਦੀਆਂ ਅਗਰਗਾਮੀ ਸ਼ਕਤੀਆਂ ਨੂੰ ਵੇਖਣ ਪਰਖਣ ਅਤੇ ਉਹਨਾਂ ਨਾਲ ਆਪਣੀ ਤਕਦੀਰ ਜੋੜਨ ਦੀ ਸੂਝ, ਜੋਗਾ ਜੀ ਨੂੰ ਆਪਣੇ ਚੌਗਿਰਦੇ ਵਿਚੋਂ ਹੀ ਹਾਸਲ ਹੋਈ। ਇਸ ਸੂਝ ਨੂੰ ਪ੍ਰਚੰਡ ਕਰਦਿਆਂ ਉਹਨਾਂ ਨੇ ਜਿਹੜਾ ਦੇਸ਼ ਭਗਤੀ ਅਤੇ ਲੋਕ ਸੇਵਾ ਦਾ ਮਾਰਗ ਆਪਣੇ ਲਈ ਚੁਣਿਆ ਉਸ ਤੇ ਬੜੀ ਸਹਿਜਤਾ ਅਤੇ ਅਡੋਲਤਾ ਨਾਲ ਤਾਜ਼ਿੰਦਗੀ ਪਹਿਰਾ ਦਿਤਾ।

ਜੋਗਾ ਜੀ ਲੋਕ ਲਹਿਰਾਂ ਦੇ ਪੈਦਾਵਾਰ ਵੀ ਸਨ ਅਤੇ ਆਪਣੇ ਯੋਗਦਾਨ ਨਾਲ ਮੁੜ ਇਹਨਾਂ ਲੋਕ ਲਹਿਰਾਂ ਨੂੰ ਕਾਮਯਾਬੀ ਦੀ ਮੰਜ਼ਿਲ ਤੱਕ ਪਹੁੰਚਾਉਣ ਦਾ ਸ਼ਰਫ ਵੀ ਉਹਨਾਂ ਨੂੰ ਹਾਸਲ ਹੋਇਆ। ਕਿਉਂਕਿ ਵਿਅਕਤੀ ਅਤੇ ਲਹਿਰ ਦਾ ਰਿਸ਼ਤਾ ਦਵੰਦਾਤਮਕ ਹੁੰਦਾ ਹੈ। ਜਿਸ ਦਾ ਚਿਤ੍ਰਣ ਸਾਡਾ ਸਮਕਾਲੀ ਗ਼ਜ਼ਲਗੋ ਵੀ ਇਉਂ ਕਰਦਾ ਹੈ :

"ਲਹਿਰ ਦਵੇਗੀ ਮੈਨੂੰ ਮੌਕਾ ਕੁੱਦਣ ਲਈ
ਮੈਂ ਦੇਵਾਂਗਾ ਲਹਿਰ ਨੂੰ ਮੌਕਾ ਪਰਖਣ ਲਈ",

*—ਮੱਖਣ ਕੁਹਾੜ*

ਪਿੰਡ ਜੋਗਾ ਮਾਲਵੇ ਦਾ ਇਕ ਘੁੱਗ ਵਸਦਾ ਇਤਿਹਾਸਕ ਪਿੰਡ ਹੈ। ਜਿਸ ਨੂੰ ਹਿੰਦ ਦੀ ਚਾਦਰ, ਸ੍ਰੀ ਗੁਰੂ ਤੇਗ ਬਹਾਦਰ ਦੀ ਚਰਨ-ਛੂਹ ਪ੍ਰਾਪਤ ਹੈ। ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿੱਚ ਨੰਦਣੋਂ ਆਏ ਮਲੇਛਾਂ ਦੇ ਵਿਰੁਧ, ਕੂਕੇ ਜਾਂ ਨਾਮਧਾਰੀ ਸਿੰਘਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿੱਚ ਲੋਕ ਰੋਹ ਨੂੰ ਉਤੇਜਿਤ ਕਰਨ ਲਈ, ਸਿਰਾਂ ਤੇ ਖੱਫਣ ਬੰਨ੍ਹ ਲਏ ਸਨ ਤਾਂ ਇਸ ਪਿੰਡ ਦੇ ਜੁਝਾਰੂ ਵੀ ਮਾਲਵੇ ਦੇ ਹੋਰਨਾਂ ਪਿੰਡਾਂ ਜਿਉਂ ਪਿੱਛੇ ਨਹੀਂ ਸਨ ਰਹੇ। ਨਾਮਧਾਰੀਆਂ ਦੁਆਰਾ ਬੁੱਚੜਖਾਨਿਆਂ ਤੇ ਹਮਲੇ ਓਨੇ ਮੁਸਲਮਾਨਾਂ ਵਿਰੁਧ ਹਮਲੇ ਨਹੀਂ ਗਰਦਾਨੇ ਗਏ, ਜਿੰਨੇ ਪਾੜੋ ਤੇ ਰਾਜ ਕਰੋ ਦੀ ਨੀਤੀ ਵਰਤਦਿਆਂ ਬੁੱਚੜਖਾਨੇ ਖੋਹਲਣ ਦੀ ਆਗਿਆ ਦੇਣ ਵਾਲੇ ਅੰਗਰੇਜ਼ ਹਾਕਮਾਂ ਦੇ ਵਿਰੁਧ ਹਮਲੇ ਸਮਝੇ ਗਏ। ਇਸੇ ਲਈ ਗੋਰਾਸ਼ਾਹੀ ਨੇ ਬੜੇ ਵਹਿਸ਼ੀਆਨਾ ਢੰਗ ਨਾਲ ਮਲੇਰਕੋਟਲਾ ਦੇ ਰੱਕੜ ਵਿੱਚ ਕੂਕਿਆਂ ਨੂੰ ਤੋਪਾਂ ਨਾਲ ਉਡਾ ਕੇ ਸ਼ਹੀਦ ਕਰ ਦਿੱਤਾ। ਮਲੇਰਕੋਟਲਾ ਦੇ ਸਾਕੇ ਵਿੱਚ ਸ਼ਹੀਦ ਹੋਣ ਵਾਲੇ ਅੱਸੀ ਦੇ ਲੱਗਭਗ ਕੂਕਿਆਂ ਵਿਚੋਂ ਚਾਰ ਕੂਕੇ ਜੋਗਾ ਪਿੰਡ ਨਾਲ ਹੀ ਸਬੰਧਤ ਸਨ। ਜਿਹਨਾਂ ਸੂਰਬੀਰਾਂ ਵਿਚੋਂ ਸ਼ਾਮ ਸਿੰਘ ਤਾਂ ਜੋਗਾ ਜੀ ਦੇ ਸਕੇ ਦਾਦੇ ਦਾ ਸੱਕਾ ਭਾਈ ਸੀ ਅਤੇ ਸੱਦਾ ਸਿੰਘ, ਜਵਾਹਰ ਸਿੰਘ, ਕਿਸ਼ਨ ਸਿੰਘ ਬਾਕੀ ਤਿੰਨ ਸ਼ਹੀਦ ਸਿੰਘ ਸਨ।



*ਕਾ. ਜੰਗੀਰ ਸਿੰਘ ਜੋਗਾ*

ਉਨ੍ਹੀਵੀਂ ਸਦੀਂ ਦੇ ਅਖੀਰ ਜਾਂ ਵੀਹਵੀਂ ਦੇ ਪਹਿਲੇ ਦਹਾਕੇ ਵਿੱਚ, ਆਰਥਿਕ ਮੰਦਹਾਲੀ ਕਾਰਨ ਪੰਜਾਬੀ ਕਿਸਾਨ ਅਜੇ ਪੱਛਮ ਦੇ ਦੇਸ਼ਾਂ ਵੱਲ ਜਾਣ ਦੀ ਬਜਾਏ ਪੂਰਬ ਵੱਲ ਜ਼ਿਆਦਾ ਜਾਂਦੇ ਸਨ। ਜੋਗਾ ਜੀ ਦਾ ਪਿਤਾ ਸ. ਉਤਮ ਸਿੰਘ ਲੰਬੜਦਾਰ ਸੀ ਅਤੇ ਮਾਤਾ ਜੀ ਦਾ ਨਾਂ ਨਿਹਾਲ ਕੌਰ ਸੀ। ਕਿਉਂਕਿ ਮਾਤਾ ਪਿਤਾ ਮਲਾਇਆ ਵਿੱਚ ਚਲੇ ਗਏ ਸਨ ਜਿੱਥੇ ਪਹਿਲਾ ਜੋਗਾ ਜੀ ਦੇ ਚਾਚੇ ਵੀ ਰਹਿ ਰਹੇ ਸਨ, ਇਸ ਲਈ ਆਪ ਦਾ ਜਨਮ ੧੧ ਅਕਤੂਬਰ ੧੯੦੯ ਈ. ਨੂੰ ਮਲਾਇਆ ਦੇ ਵੱਡੇ ਸ਼ਹਿਰ ਕੁਆਲਾਲੰਪਰ ਵਿਖੇ ਹੋਇਆ। ਸੰਨ ੧੯੧੪ ਈ. ਵਿੱਚ ਜਦੋਂ ਪਿਤਾ ਵਾਪਸ ਪਿੰਡ ਆਏ ਤਾਂ



Sri Satguru Jagjit Singh Ji eLibrary NamdhariElibrary@gmail.com

ਉਹ ਆਪਣੇ ਨਾਲ ਗ਼ਦਰ ਪਾਰਟੀ ਵਾਲਿਆਂ ਦਾ ਕੋਈ ਪਰਚਾ ਵੀ ਲੈ ਆਏ ਸਨ ਅਤੇ ਤਲਾਸ਼ੀ ਦੌਰਾਨ ਉਹ ਫੜਿਆ ਗਿਆ ਤਾਂ ਰਿਆਸਤ ਪਟਿਆਲਾ ਨੇ ਇਸੇ ਦੋਸ਼ ਵਿੱਚ ਉਤਮ ਸਿੰਘ ਨੂੰ ਇਕ ਸਾਲ ਲਈ ਪਿੰਡ ਵਿੱਚ ਹੀ ਨਜ਼ਰਬੰਦ ਰੱਖਿਆ। ਦਾਦੇ ਤੋਂ ਨਾਮਧਾਰੀ ਅੰਦੋਲਨ ਅਤੇ ਪਿਤਾ ਤੋਂ ਗ਼ਦਰ ਪਾਰਟੀ ਨਾਲ ਮੋਹ ਇਸ ਤਰ੍ਹਾਂ ਜੋਗਾ ਜੀ ਨੂੰ ਆਪਣੇ ਵਿਰਸੇ ਵਿੱਚ ਮਿਲਿਆ।

ਜੋਗਾ ਜੀ ਦੇ ਮਾਤਾ ਦਾ ਪਿੰਡ ਜਿਉਣੇ ਡਾਕੂ ਵਾਲਾ ਪਿੰਡ ਮੌੜ ਸੀ। ਇਉਂ ਦਾਦਕਿਆਂ ਤੇ ਨਾਨਕਿਆਂ ਵਾਲੇ ਦੋਹਾਂ ਪਾਸਿਆਂ ਤੋਂ ਹੀ ਖਾੜਕੂਪੁਣਾ ਉਹਨਾਂ ਨੂੰ ਆਪਣੀ ਵਿਰਾਸਤ ਵਿੱਚ ਮਿਲਿਆਂ ਸੀ। ਮਾਤਾ ਬੜੀ ਦਲੇਰ ਸੁਭਾਖੂ ਦੀ ਸੀ। ਪਿਤਾ ਤਾਂ ਉਹਨਾਂ ਨੂੰ ਬਚਪਨ ਵਿਚ ਹੀ ਛੱਡ ਕੇ ਗੁਜ਼ਰ ਗਏ ਸਨ, ਮਾਤਾ ਨੇ ਮਰਦਾਂ ਵਾਂਗ ਸਿਰ ਤੇ ਮੁੰਡਾਸਾ ਬੰਨ੍ਹ ਕੇ ਹਰ ਆਈ ਆਫਤ ਦਾ ਟਾਕਰਾ ਕੀਤਾ ਅਤੇ ਆਪਣੇ ਵੱਡੇ ਪਰਿਵਾਰ ਦੀ ਚਿੜੀ ਦੇ ਬੋਟਾਂ ਜਿਉਂ ਖੰਭਾਂ ਹੇਠਾਂ ਲੈ ਕੇ ਪਾਲਣਾ ਕੀਤੀ। ਜੋਗਾ ਜੀ ਅੱਠ ਭੈਣ ਭਰਾ ਸਨ, ਦੋ ਭੈਣਾਂ ਧੰਨ ਕੌਰ ਤੇ ਕਰਤਾਰ ਕੌਰ। ਛੇਆਂ ਭਰਾਵਾਂ ਵਿਚੋਂ ਸਭ ਤੋਂ ਵੱਡੇ ਆਪ ਹੀ ਸਨ ਅਤੇ ਫਿਰ ਹਮੀਰ ਸਿੰਘ, ਗੁਰਦਿਆਲ ਸਿੰਘ, ਹਰਦਿਆਲ ਸਿੰਘ, ਕਰਤਾਰ ਸਿੰਘ ਤੇ ਗੁਲਜਾਰ ਸਿੰਘ। ਇਹਨਾਂ ਵਿਚੋਂ ਵੀ ਕਰਤਾਰ ਸਿੰਘ ਦੂਜੀ ਆਲਮੀ ਜੰਗ ਸਮੇਂ ਆਜ਼ਾਦ ਹਿੰਦ ਫੌਜ ਵਿੱਚ ਸ਼ਾਮਲ ਹੋ ਕੇ ਲੜਦੇ ਹੋਏ ਵੀਰਗਤੀ ਪ੍ਰਾਪਤ ਕਰ ਗਏ ਅਤੇ ਹਮੀਰ ਸਿੰਘ ਪਿੰਡ ਆ ਪਏ ਡਾਕੂਆਂ ਦਾ ਮੁਕਾਬਲਾ ਕਰਦਾ ਹੋਇਆ ਜੂਝ ਗਿਆ ਤੇ ਇਸ ਤਰ੍ਹਾਂ ਇਹ ਦੋਵੇਂ ਵੀ ਆਪਣੀ ਕੁਲ ਕੀਰਤੀ ਨੂੰ ਬਹਾਲ ਰੱਖ ਗਏ। ਬਾਕੀ ਭਾਈ ਖੇਤੀ ਬਾੜੀ ਕਰਦੇ ਰਹੇ ਅਤੇ ਇਹਨਾਂ ਵਿਚੋਂ ਹਰਦਿਆਲ ਸਿੰਘ ਨੇ ਕਮਿਊਨਿਸਟ ਪਾਰਟੀ ਵਲੋਂ ਲਾਏ ਮੋਰਚੇ ਵਿਚ ਜੇਲ੍ਹ ਯਾਤਰਾ ਵੀ ਕੀਤੀ।

ਜਦੋਂ ਆਪ ਰਜਿੰਦਰਾ ਸਕੂਲ ਬਠਿੰਡਾ ਵਿੱਚ ਦਸਵੀਂ ਦੇ ਵਿਦਿਆਰਥੀ ਸਨ ਤਾਂ ਆਪਣੇ ਅਧਿਆਪਕਾਂ ਕਰਮ ਚੰਦ ਤੇ ਬਰਮਾ ਨੰਦ ਦੇ ਪ੍ਰਭਾਵ ਹੇਠ, ਇਥੋਂ ੧੪ ਵਿਦਿਆਰਥੀ ਦਸਵੀਂ ਦਾ ਇਮਤਿਹਾਨ ਦੇ ਕੇ ਲਾਹੌਰ ਕਾਂਗਰਸ ਦੇ ਜਲਸੇ ਵਿੱਚ ਜਾ ਸ਼ਾਮਲ ਹੋਏ, ਜੋ ਮੋਰੀ ਦਰਵਾਜ਼ੇ ਲਾਹੌਰ ਵਿਖੇ ਹੋ ਰਿਹਾ ਸੀ। ਆਜ਼ਾਦੀ ਦੀ ਲੜਾਈ ਵਿੱਚ ਉਭਾਰ ਸੀ। ਇੱਥੇ ਉਹਨਾਂ ਬਾਬਾ ਖੜਕ ਸਿੰਘ, ਲਾਲਾ ਲਾਜਪਤ ਰਾਏ, ਅਬਦੁੱਲ ਕਾਦਰ ਕਸੂਰੀ ਅਤੇ ਸਰਦੂਲ ਸਿੰਘ ਕਵੀਸ਼ਰ ਆਦਿ ਚੋਟੀ ਦੇ ਕਾਂਗਰਸੀ ਆਗੂਆਂ ਨੂੰ ਸੁਣਿਆ। ਇੱਥੋਂ ਪ੍ਰਭਾਵਿਤ ਹੋ ਕੇ ਬਰੈਡਲਾ ਹਾਲ ਵਿੱਚ ਚਲੇ ਗਏ, ਜਿੱਥੇ ਇਕ ਹੋਰ ਬੁੱਧੀਜੀਵੀ ਦੇਸ਼ ਭਗਤ ਪ੍ਰਿੰਸੀਪਲ ਛਬੀਲ ਦਾਸ ਦਾ ਭਾਸ਼ਣ ਸੁਣਿਆ। ਲੋਹਾ ਤਾਂ ਪਹਿਲਾਂ ਹੀ ਗਰਮ ਸੀ। ਪ੍ਰਿੰਸੀਪਲ ਸਾਹਿਬ ਦੀ ਤਕਰੀਰ ਦਾ ਅਜਿਹਾ ਅਸਰ ਹੋਇਆ ਕਿ ਹੋਰ ਵਿਦਿਆਰਥੀਆਂ ਸਮੇਤ ਬਦੇਸ਼ੀ ਕੱਪੜੇ ਅਤੇ ਸ਼ਰਾਬ ਦੀਆਂ ਦੁਕਾਨਾਂ ਤੇ ਪਿਕਟਿੰਗ ਜਾ ਕੀਤੀ ਅਤੇ ਗਿਰਫਤਾਰੀ ਤੋਂ ਬਾਦ ਇਕ ਸਾਲ ਦੀ ਕੈਦ ਸੁਣਾ ਦਿਤੀ ਗਈ। ਜੋਗਾ ਜੀ ਦੇ ਕਥਨ ਅਨੁਸਾਰ "ਉਸ ਵੇਲੇ ਜਿਹੜਾ ਇਕ ਵਾਰ ਜੇਲ੍ਹ ਚਲਿਆ ਗਿਆ, ਉਹ ਪੱਕ ਕੇ ਹੀ ਬਾਹਰ ਆਉਂਦਾ ਸੀ। ਮੇਰੀ ਉਮਰ ਭਾਵੇਂ ਛੋਟੀ ਸੀ ਪਰ ਮੈਂ ਪੂਰੇ ਉਤਸ਼ਾਹ 'ਚ ਜੇਹਲੋਂ ਬਾਹਰ ਆਇਆ ਸੀ। ਜਦੋਂ ਸਾਨੂੰ ਰਿਹਾਅ ਕੀਤਾ ਅਸੀਂ ਸਿੱਧੇ ਅੰਮ੍ਰਿਤਸਰ ਗਏ। ਉਥੇ ਭਾਈ ਫੇਰੂ ਗੁਰਦੁਆਰੇ ਦਾ ਮੋਰਚਾ ਲਗਿਆ ਹੋਇਆ ਸੀ। ਮੈਂ ਉਸ ਮੋਰਚੇ 'ਚ ਸ਼ਾਮਲ ਹੋ ਗਿਆ। ਉੱਥੇ ਇਕ ਸਾਲ ਦੀ ਸਜ਼ਾ ਹੋ ਗਈ। ਫਿਰ ਤਾਂ ਇਹੀ ਸਿਲਸਿਲਾ ਚੱਲਦਾ ਰਿਹਾ।"[੧]

ਉਸ ਸਮੇਂ ਗੁਰਦੁਆਰਾ ਸੁਧਾਰ ਲਹਿਰ ਦੀ ਚੜ੍ਹਤ ਸੀ। ਉਦੋਂ ਜਹੇ ਹੀ ਸ਼੍ਰੋਮਣੀ ਅਕਾਲੀ ਦਲ ਪ੍ਰਮੁੱਖ ਜਥੇਬੰਦੀ ਬਣਕੇ ਉਭਰਿਆ ਸੀ। ਸੋ ਇਹ ਇਕ ਇਤਿਹਾਸਕ ਵਰਤਾਰਾ ਹੀ ਸੀ। ਪੰਜਾਬ ਵਿਚਲੇ ਬਾਅਦ ਦੇ ਸਾਰੇ ਪ੍ਰਮੁੱਖ ਕਮਿਊਨਿਸਟ ਆਗੂਆਂ ਸੋਹਨ ਸਿੰਘ ਜੋਸ਼, ਤੇਜਾ ਸਿੰਘ ਸੁਤੰਤਰ ਤੇ ਅਰਜਨ ਸਿੰਘ ਗੜਗੱਜ ਆਦਿ ਜਿਉਂ ਜੰਗੀਰ ਸਿੰਘ ਜੋਗਾ ਵੀ ਅਕਾਲੀ ਮੋਰਚੇ ਤੇ ਡਟੇ ਹੋਏ ਸਨ ਪ੍ਰੰਤੂ ਜਦੋਂ ਉਹਨਾਂ ਵੇਖਿਆ ਕਿ ਮਾਸਟਰ ਤਾਰਾ ਸਿੰਘ ਆਦਿ ਵੱਡੇ ਅਕਾਲੀ ਲੀਡਰ ਆਪਣੇ ਨਿਜੀ ਮੁਫਾਦਾਂ ਬਦਲੇ (ਜਾਂ ਸੰਕੀਰਣ ਫਿਰਕੂ ਸੋਚ ਕਰਕੇ) ਸਿੱਖ ਰਿਆਸਤਾਂ ਦੇ ਰਾਜਿਆਂ ਦੀ ਧੱਕੇਸ਼ਾਹੀ ਵਿਰੁੱਧ ਮੁਖਰ ਨਹੀਂ ਹੋ ਰਹੇ ਤਾਂ ਉਹਨਾਂ ਨੇ ਅਕਾਲੀ ਰਾਜਨੀਤੀ ਨੂੰ ਅਲਵਿਦਾ ਕਹਿ ਦਿਤੀ।

ਰਿਆਸਤੀ ਲੋਕ ਦੂਹਰੀ ਗ਼ੁਲਾਮੀ ਦੇ ਸ਼ਿਕਾਰ ਸਨ। ਉਪਰ ਅੰਗਰੇਜ਼ ਸਰਕਾਰ ਹੇਠਾਂ ਰਾਜੇ ਰਜਵਾੜੇ ਤੇ ਹੇਠਾਂ ਜ਼ੁਲਮ ਦੀ ਚੱਕੀ ਵਿੱਚ ਪਿਸਦੀ ਸਧਾਰਨ ਕਿਸਾਨ ਜਨਤਾ। ਪ੍ਰਸਿੱਧ ਦੇਸ਼ ਭਗਤ ਬਾਬਾ ਭਗਤ ਸਿੰਘ ਬਿਲਗਾ ਲਿਖਦੇ ਹਨ :

"ਆਮ ਉਸ ਵੇਲੇ ਦੀ ਕਹਾਵਤ ਸੀ ਕਿ ਤੁਸੀਂ ਅੰਗਰੇਜ਼ਾਂ ਦੇ ਗੁਲਾਮ ਹੋ ਅਤੇ ਅਸੀਂ ਰਿਆਸਤੀ ਲੋਕ ਗੁਲਾਮਾਂ ਦੇ ਗੁਲਾਮ ਹਾਂ। ਇਸ ਵਾਸਤੇ ਸਾਨੂੰ ਦੂਹਰੀ ਗੁਲਾਮੀ ਦੀ ਸੱਟ ਵੱਜਦੀ ਹੈ। ਰਾਜੇ ਦੀ ਇੱਛਿਆ ਤੇ ਅੱਜ ਦਾ ਮਾਲਕ ਕਿਸਾਨ ਕੱਲ੍ਹ ਨੂੰ ਮੁਜ਼ਾਰਾ ਬਣਾ ਦਿੱਤਾ ਜਾਂਦਾ ਸੀ। ਰਾਜੇ ਦੇ ਚਾਪਲੂਸ ਟੋਡੀ ਨੂੰ ਬਿਸਵੇਦਾਰ ਕਿਹਾ ਜਾਂਦਾ ਸੀ। ਕਿਤੇ ਮੀਲਾਂ ਬੱਧੀ ਕੋਈ ਸਕੂਲ ਨਜ਼ਰ ਆਉਂਦਾ ਸੀ। ਨਾ ਹਸਪਤਾਲ ਨਾ ਸੜਕਾਂ ਇੱਥੋਂ ਤੱਕ ਦੇ ਰਿਆਸਤੀ ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਵੀ ਮਹਿਫ਼ੂਜ਼ ਨਹੀਂ ਸੀ।...... ਇਸ ਰਾਜ ਦੇ ਖਿਲਾਫ ਜਿਨ੍ਹਾਂ ਲੋਕਾਂ ਨੇ ਆਵਾਜ਼ ਉਠਾਈ ਉਨ੍ਹਾਂ ਨੂੰ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰ ਰਿਆਸਤ 'ਚੋਂ ਕੱਢ ਦਿੱਤਾ ਜਾਂਦਾ ਸੀ।"[੨]



Sri Satguru Jagjit Singh Ji eLibrary NamdhariElibrary@gmail.com



ਜੋਗਾ ਜੀ ਦੇ ਭੋਗ ਦੇ ਅਵਸਰ ਤੇ ਪੁੱਜੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਸ਼ੇਸ਼ ਪ੍ਰਤੀਨਿਧ ਸ. ਹਰਵਿੰਦਰ ਸਿੰਘ ਹੰਸਪਾਲ ਪ੍ਰਧਾਨ ਪੰਜਾਬ ਕਾਂਗਰਸ, ਜੋਗਾ ਜੀ ਦੇ ਸਪੁੱਤਰ ਡਾ. ਗੁਰਦਰਸ਼ਨ ਸਿੰਘ ਅਤੇ ਨੂੰਹ ਡਾਕਟਰ ਹਰਮੰਦਰਜੀਤ ਕੌਰ ਨਾਲ

ਇਸ ਮਾਰਮਿਕ ਸਥਿਤੀ ਦਾ ਚਿਤ੍ਰਣ ਉਸ ਵੇਲੇ ਦੀ ਪਰਜਾ ਮੰਡਲ ਲਹਿਰ ਦੇ ਪ੍ਰਸਿੱਧ ਕਵੀ ਸਰਦਾਰਾ ਸਿੰਘ ਯੂਥਪ ਇਸ ਤਰ੍ਹਾਂ ਕਰਦੇ ਹਨ :

"ਮਲਬੇ, ਮਾਮਲੇ ਤੇ ਟੈਕਸ ਆਬਿਆਨੇ,
ਭਰਦੇ ਥੱਕ ਜਾਂਦੇ, ਐਪਰ ਮੁੱਕਦੇ ਨਾ।
ਕਰਜ਼ੇ ਜੰਗ ਵਾਲੇ, ਚੰਦੇ ਜੁਬਲੀਆਂ ਦੇ,
ਨਿਉਂਦੇ ਟਿੱਕਿਆਂ ਦੇ ਸਿਰੋਂ ਚੁੱਕਦੇ ਨਾ।
ਬੰਦੋ ਬਸਤ ਸਲਾਬੇ ਦੀ ਝਾੜ ਕਿਧਰੇ,
ਵਾਧੂ ਮਾਮਲੇ ਲੈਣੇ ਉਹ ਉੱਕਦੇ ਨਾ।
ਕੁੱਤੇ ਆਪਣੇ, ਉਨ੍ਹਾਂ ਦੇ ਨੱਕ ਵੱਟਣ,
ਭੋਰੇ ਲੱਭਦੇ ਅਸਾਂ ਨੂੰ ਟੁੱਕਦੇ ਨਾ।
ਰਾਤੀਂ ਰੋਂਦਿਆਂ ਨੈਣਾਂ ਦਾ ਨੀਰ ਸੁੱਕਾ,
ਸਾਗਰ ਦੁੱਖਾਂ ਦਾ ਹੋਇਆ ਅਸਗਾਹ ਸਾਡਾ।
ਸਾਡੀ ਕੂਕ ਪੁਕਾਰ ਨਾਂ ਸੁਣੇ ਕੋਈ,
ਜੰਮੇ ਰਿਆਸਤੀ ਇਹੋ ਗੁਨਾਹ ਸਾਡਾ।"[੩]

ਰਿਆਸਤੀ ਲੋਕਾਂ ਦੀਆਂ ਦੁੱਖਾਂ ਤਕਲੀਫਾਂ ਵਿਰੁੱਧ ਆਵਾਜ਼ ਉਠਾਉਣ ਲਈ ਇਕ ਮਜ਼ਬੂਤ ਜਥੇਬੰਦੀ ਦੀ ਲੋੜ ਸੀ। ਸਰਦਾਰ ਭਗਵਾਨ ਸਿੰਘ ਲੌਂਗੋਵਾਲੀਆ ਨੇ ਉਦਮ ਕੀਤਾ। ਕਾਮਰੇਡ ਜੋਗਾ ਦੇ ਆਪਣੇ ਕਥਨ ਅਨੁਸਾਰ, "ਭਗਵਾਨ ਸਿੰਘ ਲੌਂਗੋਵਾਲੀਆ ਨਾਗਪੁਰ ਵਿਖੇ ਗਾਂਧੀ ਜੀ ਨੂੰ ਮਿਲੇ ਤੇ ਬੇਨਤੀ ਕੀਤੀ ਕਿ ਕਾਂਗਰਸ ਰਿਆਸਤਾਂ ਵਿੱਚ ਵੀ ਬਣਾਈ ਜਾਵੇ, ਪਰ ਮਹਾਤਮਾ ਗਾਂਧੀ ਨੇ ਕਿਹਾ ਕਿ ਸਾਡੀ ਅਸਲ ਲੜਾਈ ਅੰਗਰੇਜ਼ਾਂ ਖਿਲਾਫ਼ ਹੈ। ਕਾਂਗਰਸ ਰਾਜਿਆਂ ਨਾਲ ਸਿੱਧਾ ਪੰਗਾ ਲੈ ਕੇ ਰਾਜ਼ੀ ਨਹੀਂ ਸੀ। ਭਾਵੇਂ ਰਾਜੇ ਬੇਹਦ ਜਾਹਲ ਕਿਸਮ ਦੇ ਹਨ ਪਰ ਬਿਹਤਰ ਇਹ ਹੋਵੇਗਾ ਕਿ ਸਾਰੀਆਂ ਰਿਆਸਤਾਂ ਦੀ ਸਾਂਝੀ ਜਥੇਬੰਦੀ ਬਣਾਈ ਜਾਵੇ, ਜਿਸ ਦੀ ਅਗਵਾਈ ਕਾਂਗਰਸ ਨੇਤਾ ਹੀ ਕਰਨਗੇ। ਮਹਾਤਮਾ ਗਾਂਧੀ ਤੇ ਪੰਡਿਤ ਨਹਿਰੂ ਨੇ ਆਪਣੇ ਪੂਰੇ ਮਿਲਵਰਤਣ ਦਾ ਭਰੋਸਾ ਦਿੱਤਾ। ਇਸ ਤਰ੍ਹਾਂ ਵੱਖ ਵੱਖ ਰਿਆਸਤਾਂ ਦੇ ਲੋਕਾਂ ਨੇ ਨਾਗਪੁਰ ਤੋਂ ਵਾਪਸ ਆ ਕੇ ਆਪਣੀਆਂ ਆਪਣੀਆਂ ਰਿਆਸਤਾਂ ਵਿੱਚ ਪਰਜਾ ਮੰਡਲ ਦੀ ਨੀਂਹ ਰੱਖੀ। ਪੰਜਾਬ ਰਿਆਸਤੀ ਪਰਜਾ ਮੰਡਲ ਦੀ ਨੀਂਹ ੧੯੨੮ ਈ. ਵਿੱਚ ਮਾਨਸਾ ਵਿਖੇ ਰਖੀ ਗਈ ਤੇ ਦਫਤਰ ਖੋਲ੍ਹਿਆ ਗਿਆ। ਇਸ ਦਾ ਪਹਿਲਾ ਅਖਬਾਰ "ਰਿਆਸਤੀ ਦੁਨੀਆਂ" ਕੱਢਿਆ। ਪਰਜਾ ਮੰਡਲ ਦੇ ਪਰਮੁਖ ਨੇਤਾ ਸਰਦਾਰ ਸੇਵਾ ਸਿੰਘ ਠੀਕਰੀ ਵਾਲਾ, ਸਰਦਾਰ ਭਗਵਾਨ ਸਿੰਘ ਲੌਂਗੋਵਾਲੀਆ, ਸਰਦਾਰ ਜਸਵੰਤ ਸਿੰਘ ਦਾਨੇਵਾਲੀਆ, ਮਾਸਟਰ ਹਰੀ ਸਿੰਘ, ਚੌਧਰੀ ਸ਼ੇਰ ਜੰਗ ਅਤੇ ਦਾਸ (ਜੰਗੀਰ ਸਿੰਘ ਜੋਗਾ) ਸ਼ਾਮਲ ਸੀ।[੪]

੧੯੨੮ ਵਿੱਚ ਸਟੇਟ ਪੀਪਲਜ਼ ਕਾਨਫਰੰਸ ਦੀ ਸਭਾ ਬੰਬਈ ਵਿੱਚ ਹੋਈ ਜਿਸ ਵਿੱਚ ਸੇਵਾ ਸਿੰਘ ਠੀਕਰੀਵਾਲਾ, ਭਗਵਾਨ ਸਿੰਘ ਲੌਂਗੋਵਾਲੀਆ 'ਕਾਹਲਾ ਸਿੰਘ ਪਲਾਸੌਰੀਆ' ਵਜੀਰ ਸਿੰਘ ਦਰਦੀ ਅਤੇ ਜੋਗਾ ਜੀ ਸ਼ਾਮਲ ਹੋਏ। ਇੱਥੇ ਹੀ ਉਹ ਪਹਿਲੀ ਵੇਰ ਡਾ. ਸੈਫ-ਉਦ-ਦੀਨ ਕਿਚਲੂ, ਡਾ. ਸੱਤਿਆਪਾਲ (ਦੋਵੇਂ ਜਲ੍ਹਿਆਂਵਾਲਾ ਬਾਗ ਸਾਕੇ ਦੇ ਹੀਰੋ) ਤੇ ਸਰਦੂਲ ਸਿੰਘ ਕਵੀਸ਼ਰ ਨੂੰ ਨੇੜਿਉਂ ਹੋ ਕੇ ਮਿਲੇ। ਰਿਆਸਤੀ



Sri Satguru Jagjit Singh Ji eLibrary NamdhariElibrary@gmail.com

ਪਰਜਾ ਮੰਡਲ ਨੇ ੧੯੨੯ ਵਿੱਚ ਕਾਂਗਰਸ ਦੀ ਮੰਗ ਦੀ ਹਮਾਇਤ ਕਰਦਿਆਂ ਮੁਕੰਮਲ ਆਜ਼ਾਦੀ ਦੀ ਮੰਗ ਦੁਹਰਾਈ। ਲਾਹੌਰ ਦੇ ਇਸ ਇਜਲਾਸ ਸਮੇਂ ਹੀ ਜੋਗਾ ਜੀ ਪੰਡਿਤ ਜਵਾਹਰ ਲਾਲ ਨਹਿਰੂ, ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਮਹਾਤਮਾ ਗਾਂਧੀ ਨੂੰ ਮਿਲੇ। ੧੯੩੧ ਈ. ਵਿੱਚ ਰਾਜਿਆਂ ਦੇ ਜ਼ੁਲਮਾਂ ਦੇ ਖਿਲਾਫ ਕੁੰਦਨ ਸਿੰਘ ਪਤੰਗ ਦੀ ਲਿਖੀ ਕਵਿਤਾ ਬਰਨਾਲਾ ਵਿਖੇ ਪੜ੍ਹਨ ਤੇ ਆਪ ਨੂੰ ਦੋ ਸਾਲ ਕੈਦ ਦੀ ਸਜ਼ਾ ਹੋ ਗਈ। ਫਿਰ ਉਹ ਆਪਣੀਆਂ ਸਰਗਰਮੀਆਂ ਰਿਆਸਤ ਦੀ ਜੂਹ ਤੋਂ ਬਾਹਰ ਲਾਹੌਰ ਅਤੇ ਅੰਮ੍ਰਿਤਸਰ ਤੋਂ ਚਲਾਉਂਦੇ ਰਹੇ। ਜੱਲਿਆਂ ਵਾਲੇ ਬਾਗ ਹੱਤਿਆ ਕਾਂਡ ਦਾ ਬਦਲਾ ਲੈਣ ਵਾਲੇ ਅਮਰ ਸ਼ਹੀਦ ਊਧਮ ਸਿੰਘ ਦਾ ਪਾਸਪੋਰਟ ਬਨਾਉਣ ਵਿੱਚ ਵੀ ਜੋਗਾ ਜੀ ਨੇ ਅੰਮ੍ਰਿਤਸਰ ਹੁੰਦਿਆਂ ਸਹਾਇਤਾ ਕੀਤੀ।"[੫]

ਲੁਧਿਆਣਾ, ਉਦੇਪੁਰ, ਜੈਪੁਰ ਆਦਿ ਦੁਰੇਡੀਆਂ ਥਾਵਾਂ ਤੇ ਹੀ ਸਟੇਟ ਪੀਪਲਜ਼ ਕਾਨਫਰੰਸ (ਪੰਜਾਬੀ ਵਿੱਚ ਰਿਆਸਤੀ ਪਰਜਾ ਮੰਡਲ) ਦੇ ਮਹਾਂ ਸੰਮੇਲਨ ਹੁੰਦੇ ਰਹੇ। ਜਿੱਥੇ ਜੋਗਾ ਜੀ ਹਿੰਦ ਪੱਧਰ ਦੇ ਆਗੂਆਂ ਨੂੰ ਮਿਲਕੇ ਰਿਆਸਤੀ ਲੋਕਾਂ ਦੇ ਮੁਕਤੀ ਸੰਗਰਾਮ ਨੂੰ ਤਿੱਖਿਆਂ ਕਰਨ ਬਾਰੇ ਵਿਚਾਰਾਂ ਕਰਦੇ। ਪਰਜਾ ਮੰਡਲ ਦਾ ਮੈਨੀਫੈਸਟੋ ਵੀ ੧੯੩੫ ਈ. ਵਿੱਚ ਜੋਗਾ ਜੀ ਨੇ ਲਿਖਿਆ। ੧੯੩੫ ਈ. ਵਿੱਚ ਪਟਿਆਲਾ ਜਿਹਲ ਵਿੱਚ ੯ ਮਹੀਨੇ ਦੀ ਲੰਮੀ ਭੁਖ ਹੜਤਾਲ ਬਾਦ ਸ. ਸੇਵਾ ਸਿੰਘ ਠੀਕਰੀਵਾਲਾ ਜਾਮੇ-ਸ਼ਦਾਹਤ ਨੋਸ਼ ਕਰ ਗਏ ਤਾਂ ਲੋਕ ਰੋਹ ਹੋਰ ਪ੍ਰਚੰਡ ਹੋ ਗਿਆ। ਹੁਣ ਲੋਕ ਖੁੱਲ੍ਹਮਖੁੱਲ੍ਹਾ ਪਰਜਾ ਮੰਡਲੀਆਂ ਦੇ ਜਲਸਿਆਂ ਵਿੱਚ ਨਿਡਰ ਹੋ ਕੇ ਭਾਗ ਲੈਂਦੇ। ਜੇਲ੍ਹ ਦੀਆਂ ਸਖਤੀਆਂ, ਮਾੜੀ ਖੁਰਾਕ ਨਾਤੇ ਤੰਗੀ ਤੁਰਸ਼ੀ ਵਾਲੇ ਜੀਵਨ ਦੇ ਨਤੀਜੇ ਵਜੋਂ ਸ. ਭਗਵਾਨ ਸਿੰਘ ਲੌਂਗੋਵਾਲ ਤਪਦਿਕ ਦੀ ਨਾਮੁਰਾਦ ਬੀਮਾਰੀ ਨਾਲ ਜੀਵਨ ਸਫਰ ਦੇ ਅਧਵਾਟੇ ਹੀ ੧੯੪੩ ਈ. ਵਿੱਚ ਚਲਾਣਾ ਕਰ ਗਏ ਸਨ। ਜੋਗਾ ਜੀ ਆਪਣੇ ਇਹਨਾਂ ਦਿਵਗੰਤ ਸਾਥੀਆਂ ਦਾ ਜ਼ਿਕਰ ਬੜੇ ਮਾਨ ਸਨਮਾਨ ਨਾਲ ਕਰਿਆ ਕਰਦੇ ਸਨ। ਉਹਨਾਂ ਦੇ ਨਾਂ ਤੇ ਬਣੇ "ਕਾ: ਜੰਗੀਰ ਸਿੰਘ ਜੋਗਾ ਚੈਰੀਟੇਬਲ ਟਰਸਟ ਵਲੋਂ" ਇਕ ਦੇਸ਼ ਭਗਤ ਯਾਦਗਾਰੀ ਮੇਲਾ ਸਾਲ ਦੇ ਆਖਰੀ ਮਹੀਨਿਆਂ ਵਿੱਚ ਜੋਗਾ ਪਿੰਡ ਵਿਖੇ ਮਨਾਇਆ ਜਾਂਦਾ ਰਿਹਾ ਹੈ। ਪਹਿਲਾ ਮੇਲਾ ਮਲੇਰਕੋਟਲਾ ਦੇ ਨਾਮਧਾਰੀ ਸ਼ਹੀਦਾਂ ਨੂੰ ਸਮਰਪਿਤ ਸੀ। ਦੂਸਰਾ ਜੋਗਾ ਜੀ ਦੇ ਮੁਜ਼ਾਰਾ ਲਹਿਰ ਦੇ ਆਗੂ ਤੇ ਸਾਥੀ ਕਾ: ਤੇਜਾ ਸਿੰਘ 'ਸੁਤੰਤਰ' ਹੋਰਾਂ ਦੇ ਨਾਂ ਤੇ ਮਨਾਇਆ ਗਿਆ। ਨਾਮਧਾਰੀ ਲਹਿਰ ਨਾਲ ਉਹਨਾਂ ਦੇ ਪੁਰਾਣੇ ਸਬੰਧਾਂ ਕਾਰਨ ਪਹਿਲੇ ਦੋ ਮੇਲਿਆਂ ਵਿੱਚ ਵਧੀਆ ਸਿਹਤ ਨਾ ਹੋਣ ਦੇ ਬਾਵਜੂਦ ਵੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸੰਗਤਾਂ ਸਮੇਤ ਦਰਸ਼ਨ ਕੀਤੇ। ਤੀਸਰਾ ਮੇਲਾ ਜੋ ਪਿਛਲੀ ਦਸੰਬਰ ਵਿੱਚ ਹੋਇਆ ਉਹ ਸ. ਭਗਵਾਨ ਸਿੰਘ ਲੌਂਗੋਵਾਲ ਨੂੰ ਸਮਰਪਿਤ ਕੀਤਾ ਗਿਆ ਅਤੇ ਜੋਗਾ ਜੀ ਨੂੰ ਤਕਰੀਬਨ ਚੁੱਕ ਕੇ ਹੀ ਮੰਚ ਤੇ ਲਿਆਂਦਾ ਗਿਆ। ਪਰ ਉਹਨਾਂ ਨੇ ਆਪਣੀ ਹੈਰਾਨ ਕਰਨ ਵਾਲੀ ਯਾਦਦਾਸ਼ਤ ਦੁਆਰਾ ਛੇ ਦਹਾਕੇ ਪਹਿਲਾਂ ਵਿੱਛੜੇ ਸਾਥੀਆਂ ਦੀਆਂ ਯਾਦਾਂ ਦਾ ਅਨੰਦ ਵਿਭੋਰ ਹੋ ਕੇ ਵਰਨਣ ਕੀਤਾ। ਜੋਗਾ ਜੀ ਨੇ ਪਰਜਾ ਮੰਡਲ ਲਹਿਰ ਦੇ ਤਿੰਨ ਨਿਸ਼ਾਨੇ ਦੱਸੇ ਸਨ—(੧) ਪੂਰਨ ਆਜ਼ਾਦੀ (੨) ਰਿਆਸਤਾਂ ਦਾ ਹਿੰਦੁਸਤਾਨ ਨਾਲ ਰਲੇਵਾਂ (੩) ਰਜਵਾੜਾਸ਼ਾਹੀ ਤੇ ਜਗੀਰਦਾਰੀ ਦਾ ਖਾਤਮਾ। ਅਤੇ ਇਹ ਤਿੰਨੇ ਨਿਸ਼ਾਨੇ ਪੂਰੇ ਹੋਏ।

ਭਗਤ ਸਿੰਘ ਬਿਲਗਾ, ਬਾਬਾ ਪ੍ਰਿਥੀ ਸਿੰਘ ਦੇ ਸਟੱਡੀ ਸਰਕਲ ਲੈ ਕੇ ਉਹ ਕਮਿਊਨਿਸਟ ਪਾਰਟੀ ਵੱਲ ਖਿੱਚੇ ਗਏ। ਬਾਬਾ ਗੁਰਮੁਖ ਸਿੰਘ ਲਲਤੋਂ ਪ੍ਰਸਿੱਧ ਗਦਰੀ ਦੇਸ਼ ਭਗਤ ਦਾ ਅਨੁਸ਼ਾਸਿਤ ਜੀਵਨ ਉਹਨਾਂ ਲਈ ਪ੍ਰੇਰਨਾ ਸਰੋਤ ਬਣਿਆ। ਪਰ ਨਾਮਧਾਰੀ ਲਹਿਰ ਤੋਂ ਗਦਰ ਪਾਰਟੀ ਅਤੇ ਫਿਰ ਕਮਿਊਨਿਸਟ ਪਾਰਟੀ ਵਿੱਚ ਸਰਗਰਮੀ ਫੜਨ ਵਾਲੇ ਬਾਬਾ ਸੋਹਣ ਸਿੰਘ ਭਕਨਾ ਤੋਂ ਉਹ ਸਭ ਤੋਂ ਵੱਧ ਪ੍ਰਭਾਵਿਤ ਹੋਣਾ ਮੰਨਦੇ ਹਨ। "ਮੈਨੂੰ ਸੰਪੂਰਨ ਕਮਿਊਨਿਸਟ ਬਨਾਉਣ ਵਿੱਚ ਸਭ ਤੋਂ ਵੱਡੀ ਭੂਮਿਕਾ ਬਾਬਾ ਸੋਹਣ ਸਿੰਘ ਭਕਨੇ ਦੀ ਹੈ।"[੬] ਵੈਸੇ ਆਪਣੇ ਘੋਲ ਭਰਪੂਰ ਸਾਦਾ ਜੀਵਨ ਅਤੇ ਹੱਕ, ਸੱਚ, ਨਿਆਂ ਦੇ ਉਦਾਤ ਵਿਚਾਰਾਂ ਨਾਲ ਪ੍ਰਣਾਏ ਜਾਣ ਕਾਰਨ ਉਹਨਾਂ ਨੇ ਇਹੋ ਕੁਝ ਬਣਨਾ ਸੀ ਜੋ ਕੁਝ ਉਹ ਬਣੇ। ਉਹਨਾਂ ਦੇ ਮਾਰਕਸਵਾਦ ਦਾ ਗਿਆਨ ਵੀ ਸੁਤੇ ਸਿਧ ਅਤੇ ਸਹਿਜ ਭਾਵੀ ਅਨੁਭਵ ਪ੍ਰਕਾਸ਼ ਜਿਉਂ ਸੀ ਕਿਉਂ ਜੁ ਬਕੌਲ ਸ਼ਾਇਰ :

"ਵੋ ਖ਼ੁਦ ਹੀ ਜਾਨ ਲੇਤੇ ਹੈਂ ਬੁਲੰਦੀ ਆਸਮਾਨੋਂ ਕੀ।
ਪਰਿੰਦੋਂ ਕੋ ਨਹੀਂ ਤਾਲੀਮ ਦੀ ਜਾਤੀ ਉੜਾਨੋਂ ਕੀ।"

*—ਕਮਲੇਸ਼ ਭੱਟ "ਕਮਲ"*

ਰਿਆਸਤੀ ਲੋਕਾਂ ਦੇ ਮੁਕਤੀ ਸੰਗਰਾਮ ਦੀ ਸਫਲ ਅਗਵਾਈ ਤੋਂ ਬਾਦ ੧੯੪੭ ਈ. ਤੋਂ ਮਗਰੋਂ ਚੱਲੇ ਪੈਪਸੂ ਮੁਜ਼ਾਰਾ ਘੋਲ ਵਿੱਚ ਆਪਣੀ ਸ਼ਾਨਦਾਰ ਸ਼ਿਰਕਤ ਕਾਰਨ ਜੋਗਾ ਜੀ ਲਖੂਖਾਂ ਮੁਜਾਰਾ ਕਿਸਾਨਾਂ ਨੂੰ ਮਾਲਕ ਕਿਸਾਨ ਬਨਾਉਣ ਵਿੱਚ ਸਫਲ ਹੋਏ। ਇਸ ਲਹਿਰ ਦੀ ਅਗਵਾਈ ਕਰਨ ਵਾਲੀ ਤਰਿਗੁੱਝੀ ਵਿੱਚ ਜ. ਤੇਜਾ ਸਿੰਘ ਸੁਤੰਤਰ ਅਤੇ ਕਾ: ਧਰਮ ਸਿੰਘ ਫੱਕਰ ਦੇ ਨਾਲ ਜੋਗਾ ਜੀ ਦਾ ਨਾਂ ਵੀ ਬੋਲਦਾ ਹੈ।

ਪੈਪਸੂ ਦੇ ਮੁਜ਼ਾਰਾ ਘੋਲ ਦਾ ਉੱਚ ਮੁਲੰਕਣ ਕਰਦਿਆਂ ਕਾ: ਅਵਤਾਰ ਸਿੰਘ ਮਲਹੋਤਰਾ ਲਿਖਦੇ ਹਨ : "ਇਸ ਕਿਸਾਨੀ ਘੋਲ ਨੂੰ ਵਿਸ਼ਾਲ ਸਮਰਥਨ ਪ੍ਰਾਪਤ ਸੀ, ਪਰਜਾ ਮੰਡਲ ਵਿੱਚ ਸਰਗਰਮ ਅੱਡ ਅੱਡ ਵਿਚਾਰਾਂ ਦੇ ਲੋਕਾਂ ਦਾ



Sri Satguru Jagjit Singh Ji eLibrary NamdhariElibrary@gmail.com

ਆਮ ਦੇਸ਼ ਭਗਤ ਤੇ ਜਮਹੂਰੀ ਜਨਤਾ ਦਾ ਅਤੇ ਨਾਲ ਹੀ ਕਮਿਊਨਿਸਟ ਅਗਵਾਈ ਸੀ ਜਿਸਨੇ ਇਸਦੇ ਅੰਤਮ ਪੜਾਵਾਂ ਵਿੱਚ ਇਸ ਨੂੰ ਸਫਲਤਾਂ ਦੀ ਮੰਜ਼ਿਲ ਤੇ ਪੁਚਾਇਆ। ਇਸ ਦੇ ਅਹਿਮ ਪੱਖ ਵੀ ਸਾਹਮਣੇ ਰੱਖਣੇ ਜ਼ਰੂਰੀ ਹਨ। ਇਕ ਸੀ ਇਸਦਾ ਸਾਮੰਤੀ-ਪ੍ਰਬੰਧ ਵਿਰੋਧੀ ਖਾਸਾ, ਜਿਸ ਨੇ ਇਸਨੂੰ ਰਿਆਸਤੀ ਪਰਜਾ ਮੰਡਲ ਦੀ ਜਮਹੂਰੀ ਲਹਿਰ ਦਾ ਅੰਗ ਸੰਗ ਬਣਾ ਦਿਤਾ। ਇਹ ਲਹਿਰ ਰਜਵਾੜਾਸ਼ਾਹੀ ਦੇ ਆਪ-ਹੁਦਰੇ ਇਕ ਪੁਰਖੀ ਤੇ ਖਾਨਦਾਨੀ ਰਾਜ ਦੀ ਥਾਂ ਲੋਕਾਂ ਦੇ ਚੁਣੇ ਪ੍ਰਤੀਨਿਧਾਂ ਦੇ ਰਾਜ ਦੀ ਮੰਗ ਕਰਦੀ ਸੀ। ਇਸ ਨੇ ਪੈਪਸੂ ਦੀ ਸਥਾਪਨਾ ਦੇ ਉਪਰੰਤ ਰਾਜ-ਪਰਮੁੱਖ ਤੇ ਉਪ-ਰਾਜ-ਪਰਮੁੱਖ ਸ਼ਾਹੀ ਦੇ ਰੂਪ ਵਿੱਚ ਰਜਵਾੜਾਸ਼ਾਹੀ ਨੂੰ ਨਵਾਂ ਜਨਮ ਦੇਣ ਦਾ ਡਟਕੇ ਵਿਰੋਧ ਕੀਤਾ ਅਤੇ ਮੰਗ ਕੀਤੀ ਕਿ ਪੈਪਸੂ ਨੂੰ ਪੰਜਾਬ ਵਿੱਚ ਹੀ ਮਿਲਾਇਆ ਜਾਵੇ। ਮਾਸਟਰ ਤਾਰਾ ਸਿੰਘ ਵਰਗੇ ਅਕਾਲੀ ਲੀਡਰਾਂ ਦੇ ਕੱਟੜ ਵਿਰੋਧ ਦੇ ਬਾਵਜੂਦ ਵਿਸ਼ਾਲ ਏਕਤਾ ਦੇ ਅਧਾਰ ਤੇ ਪਰਜਾ ਮੰਡਲ ਦੀ ਇਹ ਲਹਿਰ ਜਿਸ ਵਿੱਚ ਕਮਿਊਨਿਸਟ, ਕਾਂਗਰਸੀ ਤੇ ਅਕਾਲੀ ਮਿਲ ਕੇ ਲੜਦੇ ਸੀ, ਸਫਲ ਹੋਈ। ਦੂਜਾ ਸੀ ਇਸਦਾ ਜਮਹੂਰੀ ਕਿਸਾਨ-ਪੱਖੀ ਖਾਸਾ ਭਾਵ ਇਸਨੇ ਸਫਲਤਾ ਨਾਲ "ਮੌਰੂਸ ਮੁਜ਼ਾਰਿਆਂ" ਨੂੰ ਮੁੜ ਮਾਲਕ ਬਣਾਇਆ, ਅਨੇਕਾਂ ਗੈਰ ਮੌਰੂਸੀ ਮੁਜ਼ਾਰਿਆਂ ਦੀ ਹਾਲਤ ਵਿੱਚ ਵੀ ਸੁਧਾਰ ਲਿਆਂਦਾ। ਇਉਂ ਸਾਮੰਤੀ ਪ੍ਰਬੰਧ ਨੂੰ ਕਮਜ਼ੋਰ ਕਰਦਿਆਂ ਸਾਮਰਾਜ-ਜਗੀਰੂ ਗੱਠਜੋੜ ਉਤੇ ਤਕੜੀ ਸੱਟ ਮਾਰੀ।"੭

ਕਾਮਰੇਡ ਜੋਗਾ ਜੀ ਦੇ ਜ਼ਿੰਮੇ ਕਈ ਪਹਿਲ ਕਦਮੀਆਂ ਵੀ ਹਨ। ਭਾਵੇਂ ਭਾਈਚਾਰੇ ਵਲੋਂ ਉਹਨਾਂ ਨੂੰ ਛੇਕ ਦੇਣ ਦੀਆਂ ਧਮਕੀਆਂ ਵੀ ਮਿਲਦੀਆਂ ਰਹੀਆਂ ਪਰ ਉਹ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦੇ ਗੁਰ ਵਾਕ ਤੇ ਦ੍ਰਿੜ ਰਹੇ।

ਅੰਧ ਵਿਸ਼ਵਾਸ਼ ਦੇ ਹੀ ਉਹ ਮੁੱਢ ਤੋਂ ਵਿਰੋਧੀ ਸਨ। ਪਿੰਡ ਦੇ ਗੁਰੂ ਤੇਗ ਬਹਾਦਰ ਸਾਹਿਬ ਦੇ ਗੁਰਦੁਆਰੇ ਦੀ ਪੁਨਰ ਉਸਾਰੀ ਹੋਣੀ ਸੀ। ਕੋਈ ਗੁਰੂ ਕਰੋਪੀ ਤੋਂ ਡਰਦਾ ਪਹਿਲੀ ਇਮਾਰਤ ਦੇ ਗੁੰਬਦ ਨੂੰ ਢਾਹੁਣ ਲਈ ਤਿਆਰ ਨਹੀਂ ਹੋ ਰਿਹਾ ਸੀ। ਇਹ ਕੰਮ ਕਹੀ ਹੱਥ ਵਿੱਚ ਫੜ ਕੇ ਜੋਗਾ ਜੀ ਨੇ ਹੀ ਸ਼ੁਰੂ ਕੀਤਾ ਅਤੇ ਫਿਰ ਹੋਰ ਲੋਕ ਵੀ ਆ ਰਲੇ। ਉਹਨਾਂ ਨੇ ਸਮਝਾਇਆ ਕਿ ਨਵਾਂ ਬਨਾਉਣ ਲਈ ਪੁਰਾਣਾ ਢਾਹ ਰਹੇ ਹਾਂ ਇਸ ਵਿੱਚ ਗੁਰੂ ਜੀ ਦੀ ਨਰਾਜ਼ਗੀ ਵਾਲੀ ਗੱਲ ਹੀ ਕੋਈ ਨਹੀਂ।

੧੯੯੨ ਈ. ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅੱਤਵਾਦੀਆਂ ਦੇ ਭੈ ਕਾਰਨ ਕੋਈ ਵੀ ਵਿਅਕਤੀ ਪਿੰਡ ਜਾਂ ਇਲਾਕੇ ਵਿੱਚ ਵੋਟ ਪਾਉਣ ਨਹੀਂ ਸੀ ਜਾ ਰਿਹਾ। ਗਿਆਰਾਂ ਵਜੇ ਜਦੋਂ ਜੋਗਾ ਜੀ ਨੂੰ ਪਤਾ ਲੱਗਾ ਕਿ ਅਜੇ ਤੱਕ ਕਿਸੇ ਨੇ ਇਕ ਵੀ ਵੋਟ ਨਹੀਂ ਪਾਈ, ਉਹ ਗਏ ਅਤੇ ਵੋਟ ਪਾ ਆਏ। ਫਿਰ ਕੁਝ ਹੋਰ ਵੋਟਾਂ ਵੀ ਪੈ ਗਈਆਂ। ਜਦੋਂ ਉਹਨਾਂ ਨੂੰ ਪੁੱਛਿਆ ਗਿਆ ਕਿ ਉਹਨਾਂ ਦੇ ਹੁਕਮ ਦੀ ਉਲੰਘਣਾ ਕਰਦਿਆਂ ਡਰ ਨਹੀਂ ਲੱਗਿਆ ਜਿਹਨਾਂ ਦੀ ਦਹਿਸ਼ਤ ਕਾਰਨ ਦਿਨ ਢਲਦੇ ਹੀ ਘਰਾਂ ਦੇ ਦਰਵਾਜ਼ੇ ਬੰਦ ਹੋ ਜਾਂਦੇ ਸਨ ਅਤੇ ਪਿੰਡਾਂ ਕਸਬਿਆਂ ਵਿੱਚ ਜਿਵੇਂ ਦਿਓ ਫਿਰ ਗਿਆ ਹੋਵੇ ? ਜੋਗੇ ਹੋਰਾਂ ਗੁੱਸੇ ਤੇ ਜੋਸ਼ ਨਾਲ ਜੁਆਬ ਦਿੱਤਾ : "ਉਹ ਜਦ ਮੈਂ ਰਾਜਿਆਂ ਤੋਂ ਨਹੀਂ ਡਰਿਆ, ਅੰਗਰੇਜ਼ੀ ਹਕੂਮਤ ਤੋਂ ਨਹੀਂ ਡਰਿਆ ਤਾਂ ਕੀ ਮੈਂ ਉਹਨਾਂ ਲੋਕਾਂ ਤੋਂ ਡਰਾਂਗਾ ਜੋ ਬੱਚੇ, ਔਰਤਾਂ, ਬੇਗੁਨਾਹ ਤੇ ਮਾਸੂਮ ਬੱਚਿਆਂ ਨੂੰ ਕਤਲ ਕਰਦੇ ਹਨ। ਜੇ ਮੈਨੂੰ ਕਤਲ ਵੀ ਕਰ ਦੇਣ ਤਾਂ ਮੇਰੇ ਖਿਆਲਾਂ ਤੇ ਮੇਰੇ ਅਰਮਾਨਾਂ ਦਾ ਕਤਲ ਨਹੀਂ ਕਰ ਸਕਦੇ। ਉਹ ਜੋਗੇ ਦੇ ਜਿਸਮ ਦਾ ਕਤਲ ਕਰ ਸਕਦੇ ਹਨ, ਜੋਗੇ ਦੀ ਹਿੰਮਤ ਤੇ ਉਹਦੀ ਰੂਹ ਦਾ ਕਤਲ ਨਹੀਂ ਕਰ ਸਕਦੇ।"੮

ਪਿੰਡ ਅਤੇ ਇਲਾਕੇ ਵਿੱਚ ਵਿਦਿਆ ਦਾ ਚਾਨਣ ਵੰਡਣ ਵਿੱਚ ਵੀ ਆਪਦੀ ਘਾਲਣਾ ਅਦੁੱਤੀ ਹੈ। ਰਿਆਸਤਾਂ ਦੇ ਰਾਜਿਆਂ ਨੇ ਸਕੂਲ ਤਾਂ ਕੀ ਖੋਹਲਣਾ ਸੀ ਪਿੰਡਾਂ ਵਿੱਚ ਕਿਸੇ ਸਾਧੂ ਸੰਨਿਆਸੀ ਨੇ ਟਿਕਾਣਾ ਕਰਕੇ ਮੁਜ਼ਾਰੇ ਕਿਸਾਨਾਂ ਦੇ ਬੱਚਿਆਂ ਨੂੰ ਮੁੱਢਲੀ ਸਿਖਿਆ ਦੇਣੀ ਸ਼ੁਰੂ ਕਰਨੀ ਤਾਂ ਉਹਨੂੰ ਵੀ ਉੱਥੋਂ ਡਰਾ ਧਮਕਾ ਕੇ ਭਜਾ ਦਿਤਾ ਜਾਂਦਾ ਸੀ। ਜਦੋਂ ਜੋਗਾ ਜੀ ਨੇ ਮਾਨਸਾ ਵਿਖੇ ਇਲਾਕੇ ਦਾ ਪਹਿਲਾ ਖਾਲਸਾ ਹਾਈ ਸਕੂਲ ਖੋਹਲਿਆ ਤਾਂ ਸਰਕਾਰ ਦੀ ਮਨਜ਼ੂਰੀ ਬਿਨਾਂ ਅਜੇਹਾ ਕਰਨ ਤੇ ਰਿਆਸਤ ਪਟਿਆਲਾ ਨੇ ਉਹਨਾਂ ਨੂੰ ਡੇਢ ਸਾਲ ਕੈਦ ਦੀ ਸਜ਼ਾ ਦਿਤੀ। ਕੁਝ ਕੈਦ ਕੱਟੀ ਸੀ ਕਿ ਫਿਰ ਜਸਟਿਸ ਗੁਰਨਾਮ ਸਿੰਘ ਨੇ ਰਹਿੰਦੀ ਸਜ਼ਾ ਰੱਦ ਕਰ ਦਿਤੀ। ਆਪਣੇ ਪਿੰਡ ਅਤੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਸਕੂਲ ਆਜ਼ਾਦੀ ਤੋਂ ਬਾਦ ਵੀ ਬਣਵਾਏ। ਖਾਸ ਕਰਕੇ ਲੜਕੀਆਂ ਦੀ ਸਿਖਿਆ ਵਿੱਚ ਆਪ ਨੇ ਬਹੁਤ ਦਿਲਚਸਪੀ ਵਿਖਾਈ। ਸਾਂਝੇ ਕੰਮਾਂ ਲਈ ਲੱਕ ਬੰਨ੍ਹ ਕੇ ਫੰਡ ਇਕੱਠਾ ਕਰਦੇ ਸਨ। ਲੋਕ ਵੀ ਇਸ ਤਰ੍ਹਾਂ ਖੁੱਲ੍ਹੇ ਦਿਲ ਨਾਲ ਫੰਡ ਦਿੰਦੇ ਸਨ ਕਿ ਉਹਨਾਂ ਨੂੰ ਪਤਾ ਹੈ ਕਿ ਕਾਮਰੇਡ ਜੋਗੇ ਰਾਹੀਂ ਇਕੱਠੇ ਕੀਤੇ ਫੰਡ ਦਾ ਇਕ ਇਕ ਪੈਸਾ ਆਪਣੇ ਟਿਕਾਣੇ ਤੇ ਹੀ ਪੁੱਜੇਗਾ। ਸਿਖਿਆ ਦੇ ਪਸਾਰ ਕਾਰਨ ਹੀ ਜੋਗਾ ਅਤੇ ਆਸ ਪਾਸ ਦੇ ਪਿੰਡਾਂ ਦੇ ਚੋਖੇ ਮੁੰਡੇ ਕੁੜੀਆਂ ਸਰਕਾਰੀ ਨੌਕਰੀਆਂ ਵਿੱਚ ਜਾਣ ਲਈ ਸਫਲ ਹੋਏ।

ਪਹਿਲੀ ਵੇਰ ੧੯੫੨ ਈ. ਵਿੱਚ ਜਿਹਲ ਵਿੱਚ ਬੈਠੇ ਹੀ ਵਿਧਾਇਕ ਚੁਣੇ ਗਏ। ਉਹ ਚਾਰ ਵਾਰ ਐਮ. ਐਲ. ਏ. ਬਣੇ ਪਰ ਉਹਨਾਂ ਦੀ ਜੱਦੀ ਭੂਮੀ ਚਾਰ ਏਕੜ ਦੀ ਚਾਰ ਏਕੜ ਹੀ ਰਹੀ। ਬਠਿੰਡਾ ਵਿਖੇ ਵਾਕਿਆ ਇਕ ਆਪਣਾ



Sri Satguru Jagjit Singh Ji eLibrary NamdhariElibrary@gmail.com

ਪਲਾਟ ਵੇਚਕੇ ੧੯੭੧ ਈ. ਦੀ ਲੋਕ ਸਭਾ ਚੋਣ ਵੇਲੇ ਪਾਰਟੀ ਫੰਡ ਵਿੱਚ ਪਾ ਦਿੱਤਾ। ਘਰ ਵਿੱਚ ਸਦਾ ਥੁੜ੍ਹਾਂ ਤੇ ਤੰਗੀਆਂ-ਤੁਰਸੀਆਂ ਬਣੀਆਂ ਰਹਿੰਦੀਆਂ ਸਨ। ਜੋਗਾ ਜੀ ਪਰਿਵਾਰ ਸਮੇਤ ਕਿਤੇ ਸ਼ਾਦੀ ਤੇ ਜਾ ਰਹੇ ਸਨ। ਬਠਿੰਡੇ ਬੱਸ ਅੱਡੇ ਤੇ ਪੁੱਜ ਕੇ ਜੇਬ ਵਿੱਚ ਹੱਥ ਮਾਰਿਆ ਤਾਂ ਖਾਲੀ ਸੀ। ਬੱਚਿਆਂ ਤੇ ਉਹਨਾਂ ਦੀ ਮਾਤਾ ਨੂੰ ਉਥੇ ਹੀ ਰੁਕਣ ਲਈ ਛੱਡ ਕੇ ਸ਼ਹਿਰ ਵਿੱਚ ਗਏ। ਮਾਇਆ ਦਾ ਪ੍ਰਬੰਧ ਕਰਕੇ ਮੁੜਦਿਆਂ ਨੂੰ ਬੱਸਾਂ ਆਖਰੀ ਵੀ ਲੰਘ ਗਈਆਂ। ਹੁਣ ਰੇਲ ਹੀ ਸੀ। ਸੰਗਤ ਮੰਡੀ ਤੋਂ ਉੱਤਰ ਕੇ ਗੁੜਥੜੀ ਤੱਕ ਪੈਦਲ ਰਾਤ ਦੇ ਹਨੇਰੇ ਵਿੱਚ ਜੀਅ ਜੰਤ ਸਮੇਤ ਆਪਣਾ ਸਮਾਨ ਸਿਰ ਤੇ ਚੁੱਕ ਕੇ ਤੁਰਨ ਵਾਲੇ ਇਸ 'ਦਰਵੇਸ਼' ਸਿਆਸਤਦਾਨ ਤੋਂ ਅੱਜ ਦੇ 'ਕੁਬੇਰ' ਰਾਜਨੇਤਾ ਕੋਈ ਸਬਕ ਲੈ ਸਕਦੇ ਹਨ ਭਲਾ ? ਘਰੋਂ ਚਾਹ ਪੀ ਕੇ ਜਾਣਾ ਤੇ ਰੋਟੀ ਰਾਤ ਨੂੰ ਘਰ ਹੀ ਆ ਖਾਣੀ। ਕਦੇ ਰਿਕਸ਼ੇ ਤੇ ਵੀ ਨਹੀਂ ਚੜ੍ਹਦੇ ਸਨ ਕਿ ਗਰੀਬ ਕਿਸਾਨ ਜਾਂ ਖੇਤ ਮਜ਼ਦੂਰ ਦਾ ਖਰਚਾ ਕਿਉਂ ਕਰਵਾਵਾਂ। ਸ਼ਹਿਰ ਵਿੱਚ ਭਾਵੇਂ ਕਿੰਨੀ ਦੂਰ ਕਿੰਨੇ ਦਫ਼ਤਰਾਂ ਦੇ ਗੇੜੇ ਮਾਰਨੇ ਹੁੰਦੇ ਪੈਦਲ ਯਾਤਰਾ ਨੂੰ ਤਰਜੀਹ ਦਿੰਦੇ। ਦੇਸ਼ ਭਗਤਾਂ ਨੂੰ ੧੯੭੨ ਈ. ਵਿੱਚ ਆਮ ਪੈਨਸ਼ਨ ਮਿਲ ਗਈ ਸੀ ਕਈਆਂ ਨੂੰ ਬਹੁਤ ਪਹਿਲਾਂ ਵੀ। ਪਰ ਇਹ ਪੈਨਸ਼ਨ ਲੈਣ ਲਈ ਵੀ ਜੋਗਾ ਜੀ ਨੇ ਦਸ ਵਰ੍ਹੇ ਇਹੋ ਸੋਚਦਿਆਂ ਲੰਘਾ ਦਿਤੇ "ਕੀ ਅਸੀਂ ਇਸ ਪੈਨਸ਼ਨ ਲੈਣ ਲਈ ਹੀ ਅੰਗਰੇਜ਼ਾਂ ਤੇ ਉਹਦੇ ਟੋਡੀਆਂ ਰਾਜਿਆਂ ਰਜਵਾੜਿਆਂ ਦਾ ਬਿਸਤਰਾ ਗੋਲ ਕੀਤਾ ਸੀ।"

ਜੋਗੀ ਜੀ ਦੇ ਸਿੱਧੇ ਸਾਦੇ ਸੁਭਾ ਬਾਰੇ ਉਹਨਾਂ ਦਾ ਡਾਕਟਰ ਪੁੱਤਰ ਗੁਰਦਰਸ਼ਨ ਸਿੰਘ ਲਿਖਦਾ ਹੈ :

"ਪਾਪਾ ਸਿਰਫ ਘੋਲ ਕਰ ਸਕਦੇ ਹਨ, ਜੇਲ੍ਹ ਕੱਟ ਸਕਦੇ ਹਨ ਪਰ ਉਹ ਸਿਆਸੀ ਜੋੜ ਤੋੜ ਨਹੀਂ ਕਰਨ ਜਾਣਦੇ। ਉਹਨਾਂ ਨੇ ਆਪਣੇ ਅਸੂਲਾਂ ਤੋਂ ਹਟ ਕੇ ਕਦੇ ਕੁਝ ਨਹੀਂ ਕੀਤਾ।"[੬]

ਜੋਗਾ ਜੀ ਦੀਆਂ ਮਹਾਨ ਕਰਨੀਆਂ ਸਾਹਮਣੇ ਸਿਰ ਝੁਕਾਉਂਦਿਆਂ ਕਈ ਵੇਰ ਸਾਧਾਰਨ ਜਨ ਨੂੰ ਉਹਨਾਂ ਵਿਚੋਂ ਕਿਸੇ ਅਵਤਾਰ ਦੀ ਝਲਕ ਮਹਿਸੂਸ ਹੁੰਦੀ ਹੈ, ਪ੍ਰੰਤੂ ਜੋਗਾ ਜੀ ਦਾ ਇਕ ਸਦੀ ਤੇ ਫੈਲਿਆ ਜੀਵਨ ਘੋਲ ਇਸ ਨੂੰ ਪਰਵਾਨ ਨਹੀਂ ਕਰਦਾ :

"ਮੁਝੇ ਕਿਸੀ ਭੀ ਮੁਆਜਜ਼ੇ ਦਾ ਹਮ ਰਕਾਬ ਨਾ ਕਰ,
ਮੈਂ ਖ਼ੁਦ ਕਮਾਉਂ ਜਿਸੇ, ਬੱਸ ਵੋਹ ਨੇਕ ਨਾਮੀ ਦੇ।"

੨੫ ਅਗਸਤ ਨੂੰ ਉਹਨਾਂ ਦੇ ਪਿੰਡ ਸਸਕਾਰ ਸਮੇਂ ਅਦਭੁਤ ਨਜ਼ਾਰਾ ਸੀ। ਹਜ਼ਾਰਾ ਲੋਕ ਦੂਰੋਂ ਨੇੜਿਉਂ ਪਹੁੰਚੇ। ਜੇ ਨਾਮਧਾਰੀ ਦਰਬਾਰ ਭੈਣੀ ਸਾਹਿਬ ਵੱਲੋਂ ਕੀਰਤਨੀ ਜਥਾ ਸੰਤ ਦਲੀਪ ਸਿੰਘ ਨਾਮਧਾਰੀ ਅਤੇ ਸੂਬਾ ਮੇਲਾ ਸਿੰਘ ਜੀ ਦੀ ਅਗਵਾਈ ਵਿੱਚ ਬਬਾਣ ਅੱਗੇ ਸ਼ਬਦ ਪੜ੍ਹਦਾ ਜਾਂਦਾ ਸੀ ਤਾਂ ਸੱਚਾ ਸੌਦਾ ਸਿਰਸਾ ਵਾਲਿਆਂ ਦੀ ਸੰਗਤ ਨੇ ਨਗਰ ਦੀਆਂ ਗਲੀਆਂ ਬੁਹਾਰ ਕੇ ਪਾਣੀ ਛਿੜਕਿਆ ਸੀ ਅਤੇ ਛਬੀਲਾਂ ਲਾਈਆਂ ਸਨ। ੩ ਸਤਬੰਰ ਨੂੰ ਸਾਰੇ ਪਿੰਡ ਨੇ ਉਹਨਾਂ ਦੇ ਵਿਸ਼ਾਲ ਸ਼ਰਧਾਂਜਲੀ ਸਮਾਗਮ ਦੇ ਵੱਡੇ ਪੰਡਾਲ ਲੰਗਰ ਲਾਦਿਆਂ ਵਧੀਆ ਪ੍ਰਬੰਧ ਕੀਤਾ ਸੀ ਤਾਂ ਜੋਗਾ ਜੀ ਦੀ ਕੀਰਤੀ ਦਾ ਬਖਾਨ ਕਰਨ ਵਾਲਿਆਂ ਵਿੱਚ ਪ੍ਰਸਿੱਧ ਦੇਸ਼ ਭਗਤ ਬਾਬਾ ਭਗਤ ਸਿੰਘ ਬਿਲਗਾ, ਜ. ਗੁਰਚਰਨ ਸਿੰਘ ਟੌਹੜਾ, ਬਾਦਲ ਅਕਾਲੀ ਦਲ ਦੇ ਸਕੱਤਰ ਜਨਰਲ ਸ. ਬਲਵਿੰਦਰ ਸਿੰਘ ਭੂੰਦੜ, ਤੇਜ਼ ਤਰਾਰ ਯੁਵਾ ਕਾਂਗਰਸ ਐਮ. ਪੀ. ਜਗਮੀਤ ਸਿੰਘ ਬਰਾੜ, ਡਾਂਗ ਜੋੜੀ, ਅਨੰਦ ਜੋੜੀ, ਖੱਬੀਆਂ ਪਾਰਟੀਆਂ ਦੇ ਪੰਜਾਬ ਹਰਿਆਣੇ ਦੇ ਨੇਤਾ, ਦੂਜੇ ਦਲਾਂ ਦੇ ਨੇਤਾ, ਅਨੇਕਾਂ ਐਮ. ਪੀ. ਐਮ. ਐਲ. ਏ. ਵੀ ਉਥੇ ਹਾਜ਼ਰ ਸਨ ਅਤੇ ਦੇਸ਼ ਭਗਤਾਂ ਨਾਲ ਆਪਣੀ ਲਹਿਰ ਦਾ ਅਨਿਖੜਵਾਂ ਸਾਥ ਸਮਝ ਕੇ ਉਹਨਾਂ ਨੂੰ ਉਚੇਚਾ ਮਾਨ ਸਨਮਾਨ ਦੇਣ ਵਾਲੇ ਸਤਿਗੁਰੂ ਜਗਜੀਤ ਸਿੰਘ ਹੋਰਾਂ ਦੇ ਵਿਸ਼ੇਸ਼ ਹੁਕਮ ਤਹਿਤ, ਨਵ ਨਿਯੁਕਤ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਹੰਸਪਾਲ ਹੋਰਾਂ ਦੀ ਉਥੇ ਅੰਤਮ ਤਕਰੀਰ, ਰਾਜ ਸਰਕਾਰ ਨੂੰ ਅਢੁਕਵੀਂ ਲੋਕ ਚਰਚਾ ਤੋਂ ਕੁਝ ਰਾਹਤ ਦਿਵਾ ਗਈ।

ਵੀਹਵੀਂ ਸਦੀ ਦੇ ਪੰਜਾਬ ਵਿੱਚ ਚੱਲੀਆਂ ਸਾਰੀਆਂ ਹੀ ਲੋਕ ਲਹਿਰਾਂ ਦੇ ਨਾ ਸਿਰਫ਼ ਅੰਗ ਸੰਗ ਰਹਿਕੇ ਸਗੋਂ ਇਸ ਵਿੱਚ ਆਗੂ ਭੂਮਿਕਾ ਅਦਾ ਕਰਨ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਕਾ: ਜੋਗਾ ਵੀਹਵੀਂ ਸਦੀ ਦੇ ਪੰਜਾਬ ਦਾ ਐਸਾ ਲੋਕ-ਨਾਇਕ ਸੀ ਜਿਸ ਦਾ ਉੱਚਾ ਸੁੱਚਾ ਜੀਵਨ ਲੋਕਾਂ ਨੂੰ ਆਪਣੇ ਅਧਿਕਾਰਾਂ ਅਤੇ ਫਰਜ਼ਾਂ ਪ੍ਰਤੀ ਸੁਚੇਤ ਕਰਦਾ ਰਹੇਗਾ ਅਤੇ ਉਸਨੂੰ ਸੱਚੀ ਸ਼ਰਧਾਂਜਲੀ ਉਸ ਅਤੇ ਉਸ ਜਿਹੇ ਹੋਰਨਾਂ ਸੂਰਬੀਰਾਂ ਦੁਆਰਾ ਵਿੱਢੇ ਲੋਕ ਮੁਕਤੀ ਸੰਗਰਾਮ ਵਿੱਚ ਆਪਣੀ ਬਣਦੀ ਅਹੂਤੀ ਪਾ ਕੇ ਹੀ ਦਿੱਤੀ ਜਾ ਸਕਦੀ ਹੈ।

*੯.੯.੨੦੦੨* *ਕਰੀਵਾਲਾ (ਸਿਰਸਾ) ੧੨੫੦੭੫*

---

**ਫੁੱਟ ਨੋਟ**

(੧) ਇਨਕਲਾਬੀ ਯੋਧਾ ਜੰਗੀਰ ਸਿੰਘ ਜੋਗਾ, (ਸੰਪਾਦਕ ਡਾ. ਜਗਤਾਰ ਸਿੰਘ ਜੋਗਾ) ਸਫਾ ੮ (੨) ਪਰਜਾ ਮੰਡਲ ਦਾ ਜਾਂਬਾਜ਼ ਭਗਵਾਨ ਸਿੰਘ ਲੋਂਗੋਵਾਲ—ਸਫਾ ੪੬ (੩) ਉਹੀ-ਸਫਾ ੧੧੩। (੪) ਇਨਕਲਾਬੀ ਯੋਧਾ ਜੰਗੀਰ ਸਿੰਘ ਜੋਗਾ—ਸਫਾ ੨੬-੨੭ (੫) ਉਹੀ ਸਫਾ ੨੭ (੬) ਉਹੀ ਸਫਾ ੩੮ (੭) ਪੈਪਸੂ ਮੁਜ਼ਾਰਾ ਘੋਲ ਲੇਖਕ ਛੱਜੂ ਮੱਲ ਵੈਦ (ਸਫਾ ਨੰ ੭੫) (੮) ਇਨਕਲਾਬੀ ਯੋਧਾ—ਜੰਗੀਰ ਸਿੰਘ ਜੋਗਾ, ਸਫਾ ੭੭ (੯) ਉਹੀ ਸਫਾ ੧੪੨



Sri Satguru Jagjit Singh Ji eLibrary NamdhariElibrary@gmail.com

# ਇਨਕਲਾਬੀ ਯੋਧਾ—ਕਾਮਰੇਡ ਜੰਗੀਰ ਸਿੰਘ ਜੋਗਾ

*—ਡਾ. ਜਗਤਾਰ ਸਿੰਘ ਜੋਗਾ*

ਇਨਕਲਾਬੀ ਸੰਗਰਾਮੀਏ ਜੰਗੀਰ ਸਿੰਘ ਜੋਗਾ ਜੀ ੨੪-੮-੨੦੦੨ ਨੂੰ ਸਾਨੂੰ ਸਭ ਨੂੰ ਅਲਵਿਦਾ ਕਹਿ ਗਏ, ਪਰ ਦੁਨੀਆਂ ਦੇ ਇਤਿਹਾਸ ਵਿੱਚ ਅਜਿਹੇ ਸੁਨਹਿਰੀ ਪੰਨਿਆਂ ਦੀ ਸਿਰਜਣਾ ਕਰ ਗਏ, ਜਿਨ੍ਹਾਂ ਤੇ ਆਉਣ ਵਾਲੀਆਂ ਪੀੜ੍ਹੀਆਂ ਹਮੇਸ਼ਾ ਗੌਰਵ ਕਰਦੀਆਂ ਰਹਿਣਗੀਆਂ।

ਜੋਗਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਯਾਦ ਆ ਰਿਹਾ ਹੈ ਕਿ ਦੇਸ਼ ਆਜ਼ਾਦ ਅਤੇ ਖੁਸ਼ਹਾਲ ਬਣਾਉਣ ਲਈ ਜੋਗਾ ਜੀ ਅਤੇ ਉਸ ਦੇ ਸਾਥੀਆਂ ਨੂੰ ਕਿੰਨੀਆਂ ਹੀ ਕੁਰਬਾਨੀਆਂ ਦੇਣੀਆਂ ਪਈਆਂ। ਇਤਿਹਾਸ ਦੇ ਸਿਰਜਣਹਾਰ ਕਿੰਨੇ ਹੀ ਪ੍ਰਵਾਨਿਆਂ ਨੇ ਸ਼ਹੀਦੀਆਂ ਦਿੱਤੀਆਂ ਅਤੇ ਆਪਣਾ ਸਾਰਾ ਜੀਵਨ ਮਿਹਨਤਕਸ਼ ਲੋਕਾਂ ਲਈ ਸਮਰਪਿਤ ਕੀਤਾ। ਅੱਜ ਸਾਨੂੰ ਸਭ ਨੂੰ ਵਿਸ਼ੇਸ਼ ਕਰਕੇ ਅੱਜ ਦੇ ਹੁਕਮਰਾਨਾਂ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ ਕਿ ਅਸੀਂ ਆਪਣੇ ਵਡੇਰਿਆਂ ਦੇ ਆਦਰਸ਼, ਸੁਪਨਿਆਂ ਅਤੇ ਕਾਰਨਾਮਿਆਂ ਨੂੰ ਕਿੱਥੋਂ ਤੱਕ ਸਾਕਾਰ ਕਰ ਸਕੇ ਹਾਂ। ਸੋ ਇਹਨਾਂ ਮਹਾਂਪੁਰਸ਼ਾਂ ਦੇ ਜੀਵਨ ਮੁੱਲਾਂ ਨੂੰ ਆਪਣੇ ਅੰਦਰ ਵਸਾਉਣ ਲਈ ਲੋੜ ਹੈ ਕਿ ਉਹਨਾਂ ਦੇ ਜੀਵਨ ਤੇ ਝਾਤ ਮਾਰੀਏ।

ਜੰਗੀਰ ਸਿੰਘ ਜੋਗਾ ਦਾ ਜਨਮ ੧੧ ਅਕਤੂਬਰ ੧੯੦੮ ਨੂੰ ਸਾਧਾਰਨ ਕਿਸਾਨੀ ਪਰਿਵਾਰ ਵਿੱਚ ਪਿਤਾ ਸ. ਉੱਤਮ ਸਿੰਘ ਨੰਬਰਦਾਰ ਤੇ ਮਾਤਾ ਸ੍ਰੀਮਤੀ ਨਿਹਾਲ ਕੌਰ ਜੀ ਦੇ ਘਰ ਹੋਇਆ। ਉਹ ੮ ਭੈਣ ਭਰਾ ਸਨ, ੬ ਭਰਾਵਾਂ ਵਿੱਚ ਸਭ ਤੋਂ ਵੱਡੇ ਜੋਗਾ ਜੀ ਸਨ। ਮੁੱਢਲੀ ਪੜ੍ਹਾਈ ਪਿੰਡ ਵਿੱਚ ਕਰਨ ਤੋਂ ਬਾਅਦ ਉਹਨਾਂ ਨੂੰ ਬਠਿੰਡਾ ਵਿਖੇ ਪੜ੍ਹਨੇ ਪਾ ਦਿੱਤਾ ਗਿਆ। ਉਥੇ ਉਹ ਆਪਣੇ ਅਧਿਆਪਕ ਸ਼੍ਰੀ ਕਰਮ ਚੰਦ ਤੇ ਸ਼੍ਰੀ ਬਰਮਾ ਨੰਦ ਜੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਦਸਵੀਂ ਕਲਾਸ ਦੀ ਪੜ੍ਹਾਈ ਵਿਚੇ ਛੱਡ ਕੇ ਆਜ਼ਾਦੀ ਸੰਗਰਾਮ ਵਿੱਚ ਕੁੱਦ ਪਏ।

ਜੋਗਾ ਜੀ ਦਾ ਜੀਵਨ ਸੰਗਰਾਮ ਦੇਸ਼ ਭਗਤੀ ਦੀ ਭਾਵਨਾ ਤੋਂ ਸ਼ੁਰੂ ਹੋਇਆ। ਦੇਸ਼ ਦੀ ਸੁਤੰਤਰਤਾ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਉਹ ਬਿਖੜੇ ਰਾਹਾਂ ਦਾ ਪਾਂਧੀ ਬਣ ਤੁਰਿਆ। ਉਸ ਸਮੇਂ ਰਿਆਸਤੀ ਲੋਕ ਅੰਗਰੇਜ਼ੀ ਰਾਜ ਤੇ ਰਜਵਾੜਾਸ਼ਾਹੀ ਦੀ ਦੂਹਰੀ ਗੁਲਾਮੀ ਅਤੇ ਲੁੱਟ ਦਾ ਸ਼ਿਕਾਰ ਸਨ। ਹੁਕਮਰਾਨਾਂ ਨੂੰ ਆਪਣੀ ਪੁਲਿਸ, ਫੌਜ ਤੇ ਕਾਨੂੰਨਾਂ ਉਪਰ ਮਾਣ ਸੀ। ਚਾਰ ਚੁਫੇਰੇ ਅੰਨ੍ਹੀ ਲੁੱਟ ਅਤੇ ਅੱਤਿਆਚਾਰ ਦਾ ਘੁੱਪ ਹਨੇਰਾ ਸੀ, ਪਰ ਹਨੇਰਿਆਂ ਵਿੱਚ ਛੁਪਕੇ ਨਹੀਂ ਸਗੋਂ ਅਸਮਾਨੀ ਟਿਮਟਿਮਾਉਣਾ ਜੁਗਨੂੰਆਂ ਦੀ ਫਿਤਰਿਤ ਹੈ। ਸੋ ਇਸ ਤੂਫਾਨੀ ਰਾਤ ਵਿੱਚ ਜੋਗਾ ਜੀ ਲਈ ਸਿੱਖ ਗੁਰੂ ਸਾਹਿਬਾਨਾਂ ਦਾ ਜੀਵਨ ਅਤੇ ਪਿੰਡ ਜੋਗਾ ਦੇ ਕੂਕਾ ਲਹਿਰ ਦੇ ਸਿਰਲੱਥ ਯੋਧਿਆਂ ਦੀ ਕੁਰਬਾਨੀ ਚਾਨਣ ਦੀ ਕਿਰਨ ਸੀ। ਦੁਨੀਆਂ ਵਿੱਚ ਕ੍ਰਾਂਤੀ ਦੀ ਚਿਣਗ ਵੀ ਉਨ੍ਹਾਂ ਦਾ ਮਾਰਗ ਦਰਸ਼ਕ ਕਰਦੀ ਸੋ ਮਾਂ ਦੀ ਮੋਹ ਮਮਤਾ, ਭਰਾਵਾਂ ਚੋਂ ਵੱਡੇ ਹੋਣ ਦੀ ਜ਼ਿੰਮੇਵਾਰੀ ਅਤੇ ਘਰ ਦੀਆਂ ਤੰਗੀਆਂ ਤੁਰਸ਼ੀਆਂ ਵੀ ਜੋਗਾ ਜੀ ਦੇ ਆਜ਼ਾਦੀ ਪ੍ਰਤੀ ਦ੍ਰਿੜ ਇਰਾਦੇ ਨੂੰ ਮੱਠਾ ਨਾ ਕਰ ਸਕੀਆਂ।

੧੯੨੩ ਵਿੱਚ ਗਾਂਧੀ ਜੀ ਨੇ ਅੰਗਰੇਜ਼ੀ ਰਾਜ ਖਿਲਾਫ ਸ਼ਰਾਬ ਅਤੇ ਵਿਦੇਸ਼ੀ ਮਾਲ ਦੀਆਂ ਦੁਕਾਨਾਂ ਤੇ ਪਿਕਟਿੰਗ ਦਾ ਨਾਹਰਾ ਦਿੱਤਾ। ਜੋਗਾ ਜੀ ਇਸ ਅੰਦੋਲਨ ਵਿੱਚ ਸ਼ਾਮਲ ਹੋਏ। ਜਿਸ ਕਾਰਨ ਉਨ੍ਹਾਂ ਨੂੰ ਛੋਟੀ ਉਮਰੇ ਤਿੰਨ ਮਹੀਨਿਆਂ ਦੀ ਸਜ਼ਾ ਕਰਕੇ ਕੈਂਬਲਪੁਰ ਜੇਲ੍ਹ ਭੇਜ ਦਿੱਤਾ। ਇਸ ਦੇ ਨਾਲ ਹੀ ਗੁਰਦੁਆਰਾ ਲਹਿਰ ਵਿੱਚ ਭਾਈ ਫੇਰੂ ਦੇ ਮੋਰਚੇ ਵਿੱਚ ਉਨ੍ਹਾਂ ਨੂੰ ਛੇ ਮਹੀਨਿਆਂ ਦੀ ਕੈਦ ਹੋਈ। ਬਟਲਰ ਤੇ ਸਾਈਮਨ ਕਮਿਸ਼ਨ ਦੇ ਬਾਈਕਾਟ ਕਰਨ ਲਈ ਜੋਗਾ ਜੀ ਵੱਲੋਂ ਕੀਤੀਆਂ ਤਕਰੀਰਾਂ ਦੇ ਸਬੰਧ ਵਿੱਚ ਇੱਕ ਸਾਲ ਦੀ ਕੈਦ ਹੋਈ ਅਤੇ ਜੋਗਾ ਜੀ ਦੀ ਨੰਬਰਦਾਰੀ ਵੀ ਤੋੜ ਦਿੱਤੀ ਗਈ। ੧੯੨੯ ਵਿੱਚ ਕਾਂਗਰਸ ਦਾ ਨੈਸ਼ਨਲ ਸਮਾਗਮ ਹੋਇਆ। ਕਾਂਗਰਸ ਨੇ ਰਿਆਸਤੀ ਲੋਕਾਂ ਦੀ ਆਜ਼ਾਦੀ ਬਾਰੇ ਕੋਈ ਠੋਸ ਅਗਵਾਈ ਨਾ ਕੀਤਾ ਤਾਂ ਉਥੇ ਜੁੜੇ ਵੱਖ-ਵੱਖ ਰਿਆਸਤੀ ਆਗੂਆਂ ਨੇ ਸਰਬ ਹਿੰਦ ਆਗੂਆਂ ਨੇ ਸਰਬ ਹਿੰਦ ਰਿਆਸਤੀ ਪਰਜਾ ਮੰਡਲ ਦਾ ਮੁੱਢ ਬੰਨ੍ਹਿਆ। ਜੋਗਾ ਜੀ ਇਨ੍ਹਾਂ ਵਿਚੋਂ ਇੱਕ ਸਨ। ਉਸੇ ਸਾਲ ਪਰਜਾ ਮੰਡਲ ਪਟਿਆਲਾ ਰਿਆਸਤ ਦੀ ਨੀਂਹ ਮਾਨਸਾ ਵਿਖੇ ਰੱਖੀ ਗਈ। ਇਸ ਦੇ ਪ੍ਰਧਾਨ ਸ. ਸੇਵਾ ਸਿੰਘ ਠੀਕਰੀਵਾਲਾ ਸਨ ਅਤੇ ਇਸ ਦੇ ਪ੍ਰਮੁੱਖ ਆਗੂ ਸ. ਭਗਵਾਨ ਸਿੰਘ ਜੀ ਲੌਂਗੋਵਾਲ, ਸ. ਜਸਵੰਤ ਸਿੰਘ ਜੀ ਦਾਨੇਵਾਲ, ਚੌਧਰੀ ਸ਼ੇਰ ਜੰਗ ਅਤੇ ਜੋਗਾ ਜੀ ਸਨ।



Sri Satguru Jagjit Singh Ji eLibrary NamdhariElibrary@gmail.com

ਜੋਗਾ ਜੀ ਕਾਂਗਰਸ ਦੇ ਲਾਹੌਰ ਸਮਾਗਮ ਵਿੱਚ ਵੱਡਾ ਜੱਥਾ ਲੈ ਕੇ ਸ਼ਾਮਲ ਹੋਏ, ਉਸ ਤੋਂ ਬਾਅਦ ੨੫ ਮੈਂਬਰਾਂ ਦਾ ਜਥਾ ਪਿਸ਼ਾਵਰ ਜਾਂਦਿਆਂ ਜਿਹਲਮ ਵਿਖੇ ਗ੍ਰਿਫਤਾਰ ਕਰ ਲਿਆ ਗਿਆ। ਜੋਗਾ ਜੀ ਨੂੰ ਫਿਰ ਇੱਕ ਸਾਲ ਦੀ ਕੈਦ ਹੋਈ। ੧੯੩੧ ਵਿੱਚ ਪਰਜਾ ਮੰਡਲ ਦੀ ਪਟਿਆਲਾ ਕਾਨਫਰੰਸ ਵਿੱਚ ਜ਼ਿਲ੍ਹਾ ਮੈਜਿਸਟਰੇਟ ਆ ਕੇ ਰੋਹਬ ਦਾਹਬਾ ਪਾਉਣਾ ਲੱਗ ਪਿਆ ਤਾਂ ਜੋਗਾ ਜੀ ਨੇ ਉਸ ਦੇ ਥੱਪੜ ਕੱਢ ਮਾਰਿਆ, ਜਿਸ ਕਰਕੇ ਇਨ੍ਹਾਂ ਨੂੰ ਢਾਈ ਸਾਲ ਕੈਦ ਹੋਈ। ਪਰ ਗੋਲਮੇਜ਼ ਕਾਨਫਰੰਸ ਮਗਰੋਂ ਆਮ ਰਿਹਾਈਆਂ ਵਿੱਚ ਨੌਂ ਮਹੀਨਿਆਂ ਮਗਰੋਂ ਰਿਹਾਅ ਹੋ ਗਏ। ਇਸ ਤੋਂ ਬਾਅਦ ਪਰਜਾ ਮੰਡਲ ਲਹਿਰ ਦਾ ਹਫਤਾਵਾਰੀ ਅਖਬਾਰ *ਰਿਆਸਤੀ ਦੁਨੀਆਂ* ਲਾਹੌਰ ਤੋਂ ਕੱਢਣਾ ਸ਼ੁਰੂ ਕਰ ਦਿੱਤਾ। ਸ਼ੇਖ ਅਬਦੁੱਲਾ ਜੀ ਵੱਲੋਂ ਕਸ਼ਮੀਰ ਵਿੱਚ ਡੋਗਰਾਸ਼ਾਹੀ ਦੇ ਖਿਲਾਫ ਚਲਾਏ ਜਾ ਰਹੇ ਅੰਦੋਲਨ ਦੀ ਹਿਮਾਇਤ ਵਿੱਚ ਜੋਗਾ ਜੀ ਨੇ ਮੁੱਖ ਲੇਖ ਲਿਖਿਆ। ਜਿਸ ਦੇ ਸਬੰਧ ਵਿੱਚ ਜੋਗਾ ਜੀ ਨੂੰ ਤਿੰਨ ਮਹੀਨਿਆਂ ਜੀ ਸਜ਼ਾ ਹੋਈ ਅਤੇ ਅਖਬਾਰ ਜ਼ਬਤ ਕਰ ਲਿਆ। ਹਕੂਮਤ ਨੇ ਰਿਆਸਤੀ ਦੁਨੀਆਂ ਤੋਂ ੫੦੦੦ ਦੀ ਜ਼ਮਾਨਤ ਮੰਗ ਕੇ ਅਖਬਾਰ ਨੂੰ ਇੱਕ ਵਾਰ ਦਬਾ ਦਿੱਤਾ ਗਿਆ। ੧੯੩੫ ਈ. ਵਿੱਚ ਇੱਕ ਹੋਰ ਹਫਤਾਵਾਰ ਅਖਬਾਰ *ਦੇਸ਼ ਦਰਦੀ* ਸ਼ੁਰੂ ਕੀਤਾ, ਇਹ ਤਿੰਨ ਸਾਲ ਤੱਕ ਰਿਆਸਤੀ ਲੋਕਾਂ ਦੇ ਭਖਵੇਂ ਮਸਲਿਆਂ ਨੂੰ ਪੇਸ਼ ਕਰਦਾ ਰਿਹਾ। ਸ਼ਹੀਦ ਭਗਤ ਸਿੰਘ ਦਾ ਇੱਕ ਸਾਥੀ ਮਹਾਂਵੀਰ ਸਿੰਘ ਕਾਲੇ ਪਾਣੀਆਂ ਵਿੱਚ ਭੁੱਖ ਹੜਤਾਲ ਕਰਕੇ ਚਲਾਣਾ ਕਰ ਗਿਆ ਤਾਂ ਜੋਗਾ ਜੀ ਨੇ ਇੱਕ ਲੇਖ ਲਿਖ ਕੇ ਉਸ ਸੰਗਰਾਮੀ ਦੀ ਭੁੱਖ ਹੜਤਾਲ ਦਾ ਵਰਨਣ ਕੀਤਾ। ਇਸ ਬਹਾਨੇ ਜੋਗਾ ਜੀ ਨੂੰ ਛੇ ਮਹੀਨਿਆਂ ਦੀ ਕੈਦ ਕੀਤੀ ਗਈ ਅਤੇ ਅਖਬਾਰ ਦੀ ੨੦੦੦ ਦੀ ਜ਼ਮਾਨਤ ਜ਼ਬਤ ਕਰ ਲਈ। ੧੯੩੭ ਵਿੱਚ ਜੋਗਾ ਜੀ ਨੇ ਕਿਰਤੀ ਪ੍ਰੈਸ ਅੰਮ੍ਰਿਤਸਰ ਤੋਂ ਪਰਜਾ ਮੰਡਲ ਰਿਆਸਤ ਪਟਿਆਲਾ ਦਾ ਅਮਲੀ ਪ੍ਰੋਗਰਾਮ ਛਪਵਾਇਆ। ਜਿਸ ਤੋਂ ਘਬਰਾ ਕੇ ਹਕੂਮਤ ਨੇ ਪ੍ਰਕਾਸ਼ਕ ਜੋਗਾ ਜੀ, ਖਰੜਾ ਲਿਖਣ ਵਾਲੇ ਡਾ. ਭਾਗ ਸਿੰਘ ਤੇ ਪ੍ਰੈਸ ਮੈਨੇਜਰ ਜਿਲਾਨੀ ਜੀ ਨੂੰ ਤਿੰਨ-ਤਿੰਨ ਮਹੀਨਿਆਂ ਵਾਸਤੇ ਜੇਲ੍ਹ ਭੇਜ ਦਿੱਤਾ ਅਤੇ ਪ੍ਰੈਸ ਦੀ ੧੦੦੦/- ਰੁਪਏ ਦੀ ਜ਼ਮਾਨਤ ਜਬਤ ਕਰ ਲਈ ਗਈ। ਪ੍ਰੈਸ ਨੂੰ ਮਜ਼ਬੂਰਨ ਮੇਰਠ ਲਿਜਾਣਾ ਪਿਆ ਅਤੇ ਪੰਜਾਬ ਦੇ ੬ ਜ਼ਿਲ੍ਹਿਆਂ ਵਿੱਚ ਰਜਵਾੜਾਸ਼ਾਹੀ ਰਾਖਾ ਐਕਟ ਲਾਗੂ ਕਰ ਦਿੱਤਾ ਗਿਆ।

੧੯੨੮ ਤੋਂ ੧੯੩੯ ਜੋਗਾ ਜੀ ਪਟਿਆਲਾ ਰਿਆਸਤੀ ਪਰਜਾ ਮੰਡਲ ਦੇ ਜਨਰਲ ਸਕੱਤਰ ਰਹੇ। ੧੯੩੯ ਵਿੱਚ ਸਰਬ ਹਿੰਦ ਪਰਜਾ ਮੰਡਲ ਦਾ ਸਮਾਗਮ ਲੁਧਿਆਣਾ ਵਿੱਚ ਹੋਇਆ। ਉਥੇ ਜੋਗਾ ਜੀ ਨੂੰ ਪਰਜਾ ਮੰਡਲ ਰਿਆਸਤ ਪਟਿਆਲਾ ਦਾ ਪ੍ਰਧਾਨ ਚੁਣ ਲਿਆ ਗਿਆ। ਦੋ ਤਿੰਨ ਹਫਤਿਆਂ ਮਗਰੋਂ ਹੀ ਉਨ੍ਹਾਂ ਨੂੰ ਫੱਤਾ ਮਾਲੋਕਾ ਵਿਖੇ ਕੀਤੀ ਤਕਰੀਰ ਦੇ ਇਲਜ਼ਾਮ ਵਿੱਚ ਡੇਢ ਸਾਲ ਦੀ ਕੈਦ ਹੋਈ ਅਤੇ ਘਰਦਿਆਂ ਨੂੰ ੧੦੦/- ਰੁਪਏ ਜੁਰਮਾਨਾ ਵੀ ਕੀਤਾ ਗਿਆ। ਇਸ ਸਮੇਂ ਦੌਰਾਨ ਜੋਗਾ ਜੀ ਦੇ ਘਰ ਦੀ ਕੁਰਕੀ ਦਾ ਐਲਾਨ ਵੀ ਕੀਤਾ ਗਿਆ। ਜੰਗ ਦੇ ਦੌਰਾਨ ਉਨ੍ਹਾਂ ਨੂੰ ਲਾਹੌਰ ਅਤੇ ਮੀਆਂਵਾਲੀ ਜੇਲ੍ਹ ਵਿੱਚ ਬੰਦ ਰੱਖਿਆ। ਜੰਗ ਤੋਂ ਪਿੱਛੋਂ ਪਰਜਾ ਮੰਡਲ ਦੀ ਲਹਿਰ ਲੋਕਾਂ ਵਿੱਚ ਹਰਮਨ ਪਿਆਰੀ ਜਨਤਕ ਜਥੇਬੰਦੀ ਬਣ ਗਈ। ਰਜਵਾੜਾਸ਼ਾਹੀ ਨੇ ਇਸ ਨੂੰ ਤੋੜਨ ਦੀ ਅਤੇ ਜੋਗਾ ਜੀ ਨੂੰ ਰਸਤੇ 'ਚੋਂ ਹਟਾਉਣ ਲਈ ਹਰ ਹਰਬਾ ਵਰਤਿਆ ਪ੍ਰੰਤੂ ਸਫਲਤਾ ਨਹੀਂ ਮਿਲੀ। ੧੫ ਅਗਸਤ ੧੯੪੭ ਨੂੰ ਆਜ਼ਾਦੀ ਦੇ ਜਸ਼ਨ ਮਨਾਏ ਜਾ ਰਹੇ ਸਨ ਪਰ ਇਹ ਸੁਤੰਤਰਤਾ ਸੰਗਰਾਮੀ ਪਟਿਆਲਾ ਸੇਫਟੀ ਐਕਟ ਅਧੀਨ ਜੇਲ੍ਹ ਦੀ ਕਾਲ ਕੋਠੜੀ ਵਿਚ ਡੱਕਿਆ ਹੋਇਆ ਸੀ। ੬ ਮਹੀਨੇ ਬਾਅਦ ਰਿਹਾ ਹੋਣ ਸਮੇਂ ਜੇਲ੍ਹ ਦੇ ਬੂਹੇ ਤੋਂ ਹੀ ਉਨ੍ਹਾਂ ਨੂੰ ਮੁੜ ਗ੍ਰਿਫਤਾਰ ਕਰ ਲਿਆ ਗਿਆ। ਪਰਜਾ ਮੰਡਲ ਦੇ ਸਹਿਯੋਗੀ ਵਕੀਲਾਂ ਨੇ ਉਨ੍ਹਾਂ ਵਲੋਂ ਨਜਾਇਜ਼ ਗ੍ਰਿਫਤਾਰੀ ਦਾ ਦਾਅਵਾ ਦਾਇਰ ਕੀਤਾ ਅਤੇ ਲੋਕਾਂ ਦੇ ਜ਼ੋਰਦਾਰ ਵਿਰੋਧ ਕਰਕੇ ਇੱਕ ਮਹੀਨਾ ਪਿਛੋਂ ਜੋਗਾ ਜੀ ਨੂੰ ਰਿਹਾਅ ਕਰਨਾ ਪਿਆ।

੧੯੪੭ ਤੋਂ ਜਲਦੀ ਬਾਅਦ ਪੈਪਸੂ ਦੀ ਅੰਤ੍ਰਿਮ ਸਰਕਾਰ ਬਣਾਉਣੀ ਸੀ। ਕਾਂਗਰਸ ਦਾ ਇੰਚਾਰਜ ਸ. ਪਟੇਲ ਸੀ। ਜੋਗਾ ਜੀ ਦੇ ਕਹਿਣ ਅਨੁਸਾਰ "ਸ. ਪਟੇਲ ਪਰਜਾ ਮੰਡਲ ਦੇ ਆਗੂਆਂ ਦੀ ਰਾਏ ਲੈਣ ਲਈ ਆਇਆ ਸੀ ਤਾਂ ਬਹੁਤ ਸਾਰੇ ਆਗੂਆਂ ਦੀ ਰਾਏ ਸੀ ਕਿ ਪੈਪਸੂ ਦਾ ਮੁੱਖ ਮੰਤਰੀ ਕੁਰਬਾਨੀ ਵਾਲੇ ਸੁਘੜ ਲੋਕ ਆਗੂ ਨੂੰ ਬਣਾਇਆ ਜਾਵੇ ਪਰ ਸ: ਪਟੇਲ ਨੇ ਕਿਸੇ ਦੀ ਇੱਕ ਨਾ ਸੁਣੀ, ਉਸ ਨੇ ਪਟਿਆਲੇ ਵਾਲੇ ਰਾਜੇ ਦੇ ਰਿਸ਼ਤੇਦਾਰ ਸ: ਗਿਆਨ ਸਿੰਘ ਰਾੜੇਵਾਲੇ ਨੂੰ ਮੁੱਖ ਮੰਤਰੀ ਬਣਾ ਦਿੱਤਾ। ਸ: ਪਟੇਲ ਦੀ ਇਸ ਨੀਤੀ ਨੇ ਸਾਡਾ ਮਨ ਖੱਟਾ ਕਰ ਦਿੱਤਾ, ਅਸੀ ਕਿਹਾ ਕਿ ਰਾਜਿਆਂ ਨੇ ਸੁਤੰਤਰਤਾ ਸੰਗਰਾਮੀਆਂ ਨਾਲ ਬਹੁਤ ਬੁਰਾ ਸਲੂਕ ਕੀਤਾ ਹੈ ਪ੍ਰੰਤੂ ਪਟੇਲ ਨੇ ਕੁਰਬਾਨੀਆਂ ਦਾ ਮੁੱਲ ਨਹੀਂ ਪਾਇਆ। ਅਸੀਂ



Sri Satguru Jagjit Singh Ji eLibrary NamdhariElibrary@gmail.com

ਮੀਟਿੰਗ ਦਾ ਬਾਈਕਾਟ ਕਰ ਦਿੱਤਾ। ਮੈਂ ਅਤੇ ਮੇਰੇ ਬਹੁਤ ਸਾਰੇ ਸਾਥੀਆਂ ਨੇ ਕਾਂਗਰਸ ਪਾਰਟੀ ਵਿੱਚੋਂ ਅਸਤੀਫਾ ਦੇ ਕੇ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿਤਾ"। ੧੯੪੮ ਵਿੱਚ ਕਾਮਰੇਡ ਤੇਜਾ ਸਿੰਘ ਸੁਤੰਤਰ ਨੂੰ ਕਮਿਊਨਿਸਟ ਪਾਰਟੀ ਵਿੱਚੋਂ ਵੱਖ ਹੋਕੇ ਲਾਲ ਕਮਿਊਨਿਸਟ ਪਾਰਟੀ ਬਣਾਉਣੀ ਪਈ। ਉਹ ਜਨਤਕ ਅਤੇ ਹਥਿਆਰਬੰਦ ਘੋਲ ਰਾਹੀਂ ਕ੍ਰਾਂਤੀ ਦੇ ਹਾਮੀ ਸਨ। ਸੁਤੰਤਰ ਜੀ ਦੀ ਸ਼ਖ਼ਸੀਅਤ ਤੇ ਵਿਚਾਰਾਂ ਤੋਂ ਜੋਗਾ ਜੀ ਬੇਹੱਦ ਪ੍ਰਭਾਵਿਤ ਸਨ, ਸੋ ਜੋਗਾ ਜੀ ਲਾਲ ਕਮਿਊਨਿਸਟ ਪਰਾਟੀ ਵਿੱਚ ਸ਼ਾਮਲ ਹੋ ਗਏ ਅਤੇ ਲਾਲ ਕਮਿਊਨਿਸਟ ਪਾਰਟੀ ਅਤੇ ਮੁਜਾਰਾ ਵਾਰ ਕੌਂਸਲ ਦੀ ਤਰਫੋਂ ਪੈਪਸੂ ਮੁਜਾਰਾ ਲਹਿਰ ਨੂੰ ਜਥੇਬੰਦ ਕੀਤਾ ਗਿਆ। ਉਸ ਸਮੇਂ ਆਗੂਆਂ ਨੂੰ ਅਨੇਕਾਂ ਤਸੀਹੇ ਅਤੇ ਕਈ ਥਾਈ ਖੂਨੀ ਟੱਕਰਾਂ ਵੀ ਲੈਣੀਆਂ ਪਈਆਂ। ੧੬ ਮਾਰਚ ੧੯੪੯ ਨੂੰ ਕਿਸ਼ਨਗੜ੍ਹ ਸੇਢਾ ਸਿੰਘ ਵਾਲਾ (ਮਾਨਸਾ) ਵਿਖੇ ਪੁਲਿਸ / ਫੌਜ ਨਾਲ ਇਤਿਹਾਸਕ ਟੱਕਰ ਹੋਈ। ਇਸ ਮੈਦਾਨ ਵਿੱਚ ਬਹੁਤ ਸਾਰੇ ਆਗੂਆਂ ਨੂੰ ਖੂਨ ਦੀ ਆਹੂਤੀ ਦੇਣੀ ਪਈ। ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਯੋਗ ਅਗਵਾਈ ਸਦਕਾ ਮੁਜਾਰਾ ਲਹਿਰ ਦੇ ਲਾਲ ਝੰਡੇ ਪਿੰਡਾਂ ਅਤੇ ਖੇਤਾਂ ਵਿੱਚ ਝੂਲਣ ਲੱਗ ਪਏ। ੨੯ ਮਈ ੧੯੫੨ ਨੂੰ ਕਾਮਰੇਡ ਜੰਗੀਰ ਸਿੰਘ ਜੋਗਾ ਜੀ ਦੀ ਅਗਵਾਈ ਵਿੱਚ ਮਾਨਸਾ ਵਿਖੇ ਰਿਆਸਤ ਦੇ ੨ ਵਜ਼ੀਰਾਂ ਸ: ਦਾਰਾ ਸਿੰਘ ਸ: ਇੰਦਰ ਸਿੰਘ ਜੀ ਦੀ ਮੌਜੂਦਗੀ ਵਿੱਚ ੨੪ ਪਿੰਡਾਂ ਦੇ ਵਿਸਵੇਦਾਰਾਂ ਨੂੰ ਬਿਨਾਂ ਕੋਈ ਮੁਆਵਜ਼ਾ ਲਏ ਲਿਖਤੀ ਰੂਪ ਵਿੱਚ ਜ਼ਮੀਨ ਦੇ ਮਾਲਕੀ ਹੱਕ ਆਪਣੇ ਮੁਜਾਰਿਆਂ ਨੂੰ ਦੇ ਦਿੱਤੇ। ਜ਼ਮੀਨੀ ਸੁਧਾਰਾਂ ਬਾਰੇ ੩ ਮਹੱਤਵਪੂਰਨ ਕਾਨੂੰਨ ਵੀ ਸਰਕਾਰ ਨੂੰ ਜਨਤਕ ਦਬਾਅ ਹੇਠ ਆ ਕੇ ਬਣਾਉਣੇ ਪਏ।

ਜੋਗਾ ਜੀ ਦੀ ਕੁਰਬਾਨੀ, ਦ੍ਰਿੜਤਾ, ਇਮਾਨਦਾਰੀ ਤੇ ਸੁਘੜ ਆਗੂ ਦੇ ਤੌਰ ਤੇ ਆਮ ਲੋਕਾਂ ਵਿੱਚ ਬਹੁਤ ਹਰਮਨਪਿਆਰਤਾ ਹੋ ਗਈ ਸੀ। ਇਸੇ ਕਾਰਨ ੧੯੫੪ ਦੀਆਂ ਜ਼ਿਮਨੀ ਚੋਣਾਂ ਵਿੱਚ ਕਾਮਰੇਡ ਜੰਗੀਰ ਸਿੰਘ ਜੋਗਾ ਜੀ ਅਤੇ ਧਰਮ ਸਿੰਘ ਫੱਕਰ ਜੀ ਜੇਲ੍ਹ ਵਿੱਚ ਬੈਠਿਆਂ ਹੀ ਲੋਕਾਂ ਨੇ ਜਿਤਾ ਦਿੱਤੇ। ਇਸ ਤੋਂ ਇਲਾਵਾ ਜੋਗਾ ਜੀ ੧੯੬੨, ੧੯੬੭ ਅਤੇ ੧੯੭੨ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਪੰਜਾਬ ਵਿਧਾਨ ਸਭਾ ਦੀ ਚੋਣ ਜਿੱਤਦੇ ਰਹੇ। ਭਾਰਤੀ ਕਮਿਊਨਿਸਟ ਪਾਰਟੀ ਦੇ ਪ੍ਰਮੁੱਖ ਅਹੁਦਿਆਂ ਤੋਂ ਇਲਾਵਾ ਜੋਗਾ ਜੀ ਪੰਜਾਬ ਕਿਸਾਨ ਸਭਾ ਦੇ ਲੰਬਾ ਸਮਾਂ ਪ੍ਰਧਾਨ ਦੇ ਅਹੁਦੇ ਤੇ ਰਹੇ। ਉਹਨਾਂ ਦੀ ਅਗਵਾਈ ਵਿੱਚ ਖੁਸ਼ਹਾਲੀ ਕਰ ਵਿਰੁੱਧ ਸੰਘਰਸ਼ ਤੋਂ ਇਲਾਵਾ ਹੋਰ ਕਿੰਨੇ ਹੀ ਬੁਨਿਆਦੀ ਮਸਲਿਆਂ ਤੇ ਸੰਘਰਸ਼ ਲੜੇ ਗਏ। ਜੋਗਾ ਜੀ ਆਜ਼ਾਦ ਭਾਰਤ ਵਿੱਚ ਵੀ ਮਿਹਨਤਕਸ਼ ਲੋਕਾਂ ਦੇ ਹੱਕੀ ਸੰਘਰਸ਼ਾਂ ਵਿੱਚ ਕਈ ਵਾਰ ਜੇਲ੍ਹੀਂ ਡੱਕੇ ਗਏ। ਉਹਨਾਂ ਨੇ ਆਪਣੇ ਇਲਾਕੇ ਵਿਸ਼ੇਸ਼ ਕਰ ਪਿੰਡ ਜੋਗਾ ਵਿਚ ਪੜ੍ਹਾਈ ਅਤੇ ਸਿਹਤ ਸਹੂਲਤਾਂ ਵੱਲ ਵਿਸ਼ੇਸ਼ ਧਿਆਨ ਦਿੱਤਾ।

ਚਾਰ ਵਾਰ ਐਮ. ਐਲ. ਏ. ਬਨਣ ਸਮੇਂ ਤੱਕ ਵੀ ਜੋਗਾ ਜੀ ਦੇ ਘਰ ਵਿੱਚ ਪੈਸੇ ਦੀ ਬੇਹੱਦ ਤੰਗੀ ਰਹੀ। ਉਨ੍ਹਾਂ ਦਾ ਉਹੀ ਘਰ ਤੇ ਉਹੀ ਚਾਰ ਕਿੱਲੇ ਜ਼ਮੀਨ ਰਹੀ ਪ੍ਰੰਤੂ ਔਖੇ ਸੌਖੇ ਆਪਣੇ ਦੋਵੇਂ ਬੱਚੇ ਬੇਟੀ ਅੰਮ੍ਰਿਤਪਾਲ ਕੌਰ ਅਤੇ ਬੇਟੇ ਗੁਰਦਰਸ਼ਨ ਸਿੰਘ ਨੂੰ ਬੜੀ ਰੁਚੀ ਨਾਲ ਪੜ੍ਹਾਇਆ।

ਜੋਗਾ ਜੀ ਲੰਬੇ ਕੱਦ ਅਤੇ ਸਡੌਲ ਜਿਸਮ ਦੇ ਮਾਲਕ ਸਨ। ੯੪ ਸਾਲ ਦੀ ਲੰਮੀ ਆਯੂ ਭੋਗ ਕੇ ਵੀ ਉਹਨਾਂ ਦੀ ਯਾਦਾਸ਼ਤ, ਨਿਗ੍ਹਾ ਅਤੇ ਦੰਦ ਨਰੋਏ ਸਨ। ਉਹ ਰੁੱਖੀ ਮਿੱਸੀ ਖਾਣ ਅਤੇ ਸਾਦਾ ਪਹਿਨਣ ਵਾਲੇ ਸਨ। ਉਹ ਨਸ਼ਿਆਂ ਦੇ ਪੂਰੇ ਬਰਖਿਲਾਫ ਸਨ। ਉਹਨਾਂ ਨਾਲ ਠੀਕ ਗੱਲ ਕਰੋ ਤਾਂ ਉਹ ਮਿੱਠੇ ਅਤੇ ਨਿਰਮਾਨ ਸਨ। ਜੇਕਰ ਉਹਨਾਂ ਨਾਲ ਕੋਈ ਚੁਸਤ ਚਲਾਕੀਆਂ ਕਰਦਾ ਤਾਂ ਉਹ ਗਾਲ੍ਹਾਂ ਦਾ ਮੀਂਹ ਵਰਸਾ ਦਿੰਦੇ ਸਨ। ਲੋੜ ਪੈਣ ਤੇ ਉਹਨਾਂ ਦਾ ਹੱਥੀਂ ਪੈ ਜਾਣਾ ਵੀ ਸੱਚ ਸੀ। ਉਹ ਲੋਭ ਲਾਲਚ ਤੋਂ ਰਹਿਤ, ਨਿਡਰ, ਸਮਝੌਤਾ ਵਿਰੋਧੀ ਅਤੇ ਸੋਚ ਦੇ ਇਨਕਲਾਬੀ ਸਨ। ਲੋਕ ਸੰਘਰਸ਼ਾਂ ਵਿੱਚ ਰੂਹ ਪਾ ਦੇਣ ਵਾਲੇ ਆਗੂ ਸਨ। ਉਨ੍ਹਾਂ ਨੇ ਆਪਣੀ ਸਾਰੀ ਜਵਾਨੀ ਜੇਲ੍ਹਾਂ ਵਿੱਚ ਗੁਜ਼ਾਰੀ। ਤੰਗੀਆਂ ਤਕਲੀਫਾਂ ਸਹਿ ਕੇ ਵੀ ਉਹਨਾਂ ਦੇ ਚਿਹਰੇ ਤੇ ਪੂਰਾ ਜਲੌਅ ਸੀ। ਉਨ੍ਹਾਂ ਦੀ ਕਹਿਣੀ ਅਤੇ ਕਰਨੀ ਪਿੱਛੇ ਮਾਰਕਸਵਾਦੀ ਫਲਸਫਾ ਕਾਰਜਸ਼ੀਲ ਸੀ। ਉਹ ਆਪਣੇ ਜੀਵਨ ਦੇ ਅੰਤਲੇ ਪੜਾਅ ਤੇ ਆਪਣੇ ਪਰਿਵਾਰ ਦੀ ਸੇਵਾ ਸੰਭਾਲ ਤੋਂ ਪੂਰੀ ਤਰਾਂ ਸੰਤੁਸ਼ਟ ਸਨ। ਸਾਡੇ ਸਭ ਤੇ ਧੰਨਭਾਗ ਹਨ ਕਿ ਸਾਨੂੰ ਅਜਿਹੇ ਬੇਗਰਜ਼, ਸੰਨਿਆਸੀ ਆਗੂ ਦੀ ਅਗਵਾਈ ਮਿਲਦੀ ਰਹੀ।

*ਲੈਕਚਰਾਰ*

*ਐਨ.ਐਮ. ਸਰਕਾਰੀ ਕਾਲਜ ਮਾਨਸਾ।*



Sri Satguru Jagjit Singh Ji eLibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

# AMARJIT MOTOR GARAGE

G.T. Road, Opp. Jalandhar Octroi Post,
PHAGWARA



Sri Satguru Jagjit Singh Ji eLibrary NamdhariElibrary@gmail.com

# ਮੈਂ ਮਾਟੀ ਬਣ ਜਾਣਾ

—ਦਲਬੀਰ ਸਿੰਘ 'ਤਰਸ'

ਨਾ ਦੀਓ ਵਿਛੋੜਾ ਸਾਜਨ ਜੀ,
ਮੈਂ ਮਾਟੀ ਬਣ ਜਾਣਾ।
ਏਕ ਨਿਮਖ ਦਾ ਓਹਲਾ ਪ੍ਰੀਤਮ,
ਬਿਖਮ ਬੜਾ ਬਿਤਾਣਾ।

ਸੰਗ ਤੇਰਾ ਪ੍ਰਭਾਤ ਲਿਆਈ,
ਅੰਮ੍ਰਿਤ ਭਰੀ ਕਟੋਰੀ ;
ਸਾਦਕ ਸੁਹਦੇ ਸਾਡੇ ਦਰ ਤੇ,
ਕਥਾ ਅਨੰਤਰ ਤੋਰੀ।
ਚੌਂਹ ਕੂੰਟੀ ਪਰਕਾਸ਼ ਪਸਾਰਾ
ਤੈਂਡਾ ਮੀਤ ਯਰਾਣਾ।
ਸਾਜਨ ਜੀ ! ਮੈਂ ਮਾਟੀ..................।

ਪਰਬਤ ਉੱਤੇ ਝੁੰਡ ਰੁੱਖਾਂ ਦਾ,
ਝੋਇਆ ਗੀਤ ਗੁਟਾਰਾਂ ;
ਪਵਨਾਂ ਵਿੱਚ ਸਮੋ ਝੂਮੀਆਂ,
ਗੰਧ ਸਮੋਈਆਂ ਤਾਰਾਂ।
ਸੰਗ ਤੇਰਾ ਤੇ ਸਭ ਕੁਛ ਮੇਰਾ,
ਵਸਲਾਂ ਵਿੱਚ ਟਿਕਾਣਾ।
ਸਾਜਨ ਜੀ ! ਮੈਂ ਮਾਟੀ..................।

ਐਡੀ ਦੂਰੋਂ ਦਿਹੁਰੀ ਮੇਰੀ,
ਘਰ ਜੀਉਂ ਮੈਂਡਾ ਤੇਰਾ ;
ਜਿਚਰ ਤੇਰੀ ਫੇਰੀ ਸਾਜਨ,
ਤਿਚਰ ਮੇਰਾ ਬਸੇਰਾ।
ਇਤ ਨਾਤਾ ਕਿਤ ਉਮਰ ਉਚੇਰੀ,
ਗਾੜ੍ਹਿਆਂ ਹੋਣ ਨਿਭਾਣਾ।
ਸਾਜਨ ਜੀ ! ਮੈਂ ਮਾਟੀ..................।

ਨੈਣਾਂ 'ਚੋਂ ਦੋ ਨਦੀਆਂ ਤੁਰੀਆਂ,
ਸਾਗਰ ਮਾਹੇਂ ਸਮੋਈਆਂ।
ਮੰਝਧਾਰ ਦੀਆਂ ਉੱਠੀਆਂ ਛੱਲਾਂ,
ਸਹਿਜੇ ਸਹਿਜੁ ਹੀ ਹੋਈਆਂ।
ਇਨ੍ਹਾਂ ਰਾਹਾਂ ਦੇ ਰਸ ਦੇ ਰਾਹੀ,
ਸਦਾ ਸਦਕੜੇ ਜਾਣਾ।
ਸਾਜਨ ਜੀ ! ਮੈਂ ਮਾਟੀ..................।

ਅਗੰਮ ਅਗੋਚਰ ਮੀਤ ਹਮਾਰੇ,
ਅਸਾਂ ਛੂਹ ਛੂਹ ਨੇਤਰ ਠਾਰੇ ;
ਝਲਕਾਂ ਦੇਣੇ ਹੋਏ ਓਹਲੇ,
ਅਸਾਂ ਬਾਜੂ ਰਹੇ ਪਸਾਰੇ।
ਇਹ ਘਰ ਤੇਰਾ ਇਹ ਦਰ ਤੇਰਾ,
ਕਲ੍ਹ ਫੇਰ ਫੇਰੀਆਂ ਪਾਣਾ।
ਸਾਜਨ ਜੀ ! ਮੈਂ ਮਾਟੀ..................।

ਸੰਗ ਤੇਰਾ ਇਸ ਸਮੇਂ ਦੀ ਤਹਿ ਤੇ,
ਤਰ ਤਰ ਲੰਘਣ ਦਿਹਾੜਾਂ ;
ਧਰ ਤੇਰੇ ਇਹ ਮੈਂ ਫੁਲਵਾੜੀ,
ਉਗਵੀ ਵਿੱਚ ਉਜਾੜਾਂ।
ਗਤਿ ਅਵਗਤਿ ਨਾ ਕਛੂ ਪਛਾਤੋ,
ਸਗਲ ਤੇਰਾ ਮਨ ਭਾਣਾ।
ਸਾਜਨ ਜੀ ! ਮੈਂ ਮਾਟੀ..................।

'ਪਾਰਜਾਤ' ਦੀ ਛਾਉਂ ਘਨੇਰੀ,
ਅਸਾਂ ਸੁਪਨੇ ਸੇਜ ਵਿਛਾਈ ;
ਮਨ ਤੁਠੇ ਹਉਂ ਰੇਣ ਇਲਾਹੀ,
ਮਸਤਕ ਨਾਲ ਛੁਹਾਈ।
ਭਾਓ ਤਿਹਾਰੇ ਭਿੱਜੀ ਭਾਵਨਾ,
ਵਰਦਾਨ ਹੋਓ ਵਿਥਰਾਣਾ।
ਸਾਜਨ ਜੀ ! ਮੈਂ ਮਾਟੀ..................।

ਸਖੀਓ ਨੀ ਮੈਂ ਅਤਿ ਸੁਹਾਗਣ,
ਪਾਓ ਕੰਤ ਉਠਾਈ ;
ਆਪੇ ਲੀਓ ਸੰਵਾਰ ਨੀ ਸਾਜਨ,
ਰਾਵਣ ਯੋਗ ਬਣਾਈ।
ਏਸ ਧਰਤ ਦੀ ਮਾਟੀ ਨੀ ਮੈਂ,
ਅੰਬਰ ਤੀਕ ਪੁਜਾਣਾ।
ਸਾਜਨ ਜੀ ! ਮੈਂ ਮਾਟੀ..................।

ਆਪੇ ਕੀਓ ਸੀਗਾਰ ਹਮਾਰਾ,
ਰੰਗੀ, ਰੰਗ ਰਾਂਗਲੀ ਹੋਈ ;
ਤਨ ਮਨ ਹਾਥ ਅਰਪਿਓ ਆਪੇ,
ਸਾਈਆਂ ਮਾਹਿੰ ਸਮੋਈ।
ਆਵਾ ਗਵਣ ਜਾਂ ਹੋਏ ਪਰਾਹੁਣੇ,
ਇਹੁ ਰਸ ਮਿਲਿਓ ਹੰਢਾਣਾ।
ਸਾਜਨ ਜੀ ! ਮੈਂ ਮਾਟੀ..................।

ਨਾ ਦੀਓ ਵਿਛੋੜਾ ਸਾਜਨ ਜੀ,
ਮੈਂ ਮਾਟੀ ਬਣ ਜਾਣਾ।
ਇਕ ਨਿਮਖ ਦਾ ਓਹਲਾ ਪ੍ਰੀਤਮ,
ਬੀਖਮ ਬੜਾ ਬਿਤਾਣਾ।



Sri Satguru Jagjit Singh Ji eLibrary NamdhariElibrary@gmail.com

# ਦੋ ਗ਼ਜ਼ਲਾਂ

*—ਮਲਕੀਤ ਮੀਤ*

(੧)

ਨ ਭੁੱਲਦਾ ਭੁਲਾਇਆ, ਤਿਰਾ ਸੋਹਣਾ ਮੁਖੜਾ।
ਬੜਾ ਦਿਲੇ ਤੇ ਛਾਇਆ, ਤਿਰਾ ਸੋਹਣਾ ਮੁਖੜਾ।

ਬਹੁਤ ਦੇਖੇ ਮੁੱਖੜੇ, ਨਾ ਜਚਿਆ ਕੋਈ ਵੀ,
ਮੇਰੇ ਦਿਲ ਨੂੰ ਭਾਇਆ, ਤਿਰਾ ਸੋਹਣਾ ਮੁਖੜਾ।

ਖਿੜੇ ਫੁੱਲ ਦੇਖੇ ਮੈਂ ਜਦ ਵੀ ਚਮਨ ਵਿੱਚ,
ਤਾਂ ਝੱਟ ਯਾਦ ਆਇਆ, ਤਿਰਾ ਸੋਹਣਾ ਮੁਖੜਾ।

ਕਿਸੇ ਦੇ ਵੀ ਮੁਖੜੇ ਨੂੰ ਤੱਕਿਆ ਹੈ ਜਦ ਮੈਂ,
ਨਜ਼ਰ ਮੈਨੂੰ ਆਇਆ, ਤਿਰਾ ਸੋਹਣਾ ਮੁਖੜਾ।

ਭਲਾ ਹੁਣ ਖੁਦਾ ਦੀ ਜ਼ਰੂਰਤ ਕੀ ਮੈਨੂੰ,
ਮੈਂ ਦਿਲ ਵਿੱਚ ਵਸਾਇਆ, ਤਿਰਾ ਸੋਹਣਾ ਮੁਖੜਾ।

ਉਦੋਂ ਹੀ ਮੈਂ ਹੱਸਿਆ ਜਾਂ ਰੋਇਆ ਹਾਂ 'ਮੀਤ'
ਜਦੋਂ ਯਾਦ ਆਇਆ, ਤਿਰਾ ਸੋਹਣਾ ਮੁਖੜਾ।

(੨)

ਇਹ ਕੈਸਾ ਦੌਰ ਹੈ ਯਾਰੋ ? ਕਿ ਚਾਹਤ ਲਾ-ਪਤਾ ਹੋ-ਗੀ।
ਨ ਜਾਣੇ ਕਿਉਂ ਹਰਿੱਕ ਦਿਲ 'ਚੋਂ ਮੁਹੱਬਤ ਲਾ-ਪਤਾ ਹੋ-ਗੀ।

ਤਰੱਕੀ ਤਾਂ ਬਹੁਤ ਕਰ-ਲੀ ਜ਼ਮਾਨੇ ਨੇ ਮਿਰੇ ਯਾਰੋ,
ਮਗਰ ਅਫ਼ਸੋਸ ਦੀ ਗੱਲ ਹੈ ਸ਼ਰਾਫ਼ਤ ਲਾ-ਪਤਾ ਹੋ-ਗੀ।

ਮੈਂ ਜਦ ਤੱਕ ਦੂਰ ਸਾਂ, ਉਸ ਤੋਂ, ਬੜੇ ਸ਼ਿਕਵੇ ਸੀ ਦਿਲ ਅੰਦਰ,
ਨੂਰਾਨੀ ਚਿਹਰਾ ਜਦ ਤੱਕਿਆ ਸ਼ਿਕਾਇਤ ਲਾ-ਪਤਾ ਹੋ-ਗੀ।

ਅਸੀਂ ਸੁੱਖ-ਸਾਧਨਾਂ ਦੀ ਭਾਲ ਵਿੱਚ ਮਸਰੂਫ਼ ਹਾਂ ਐਨੇ,
ਕਿ ਸਾਡੀ ਜ਼ਿੰਦਗੀ 'ਚੋਂ ਅੱਜ ਫੁਰਸਤ ਲਾ-ਪਤਾ ਹੋ-ਗੀ।

ਕਿਹੀ ਭੈੜੀ ਹਵਾ ਚੱਲੀ ਹੈ, ਇਹ ਅੱਜ ਕਲ੍ਹ ਚਮਨ ਅੰਦਰ,
ਕਿ ਸਭ ਫੁੱਲਾਂ ਤੇ ਕਲੀਆਂ ਦੀ ਸਖ਼ਾਵਤ ਲਾ-ਪਤਾ ਹੋ-ਗੀ।

ਤੂੰ ਸਭ ਕੁਝ ਦੇਖਦਾ ਹੋਇਆ ਵੀ 'ਮੀਤ' ਚੁੱਪ ਧਾਰ ਕਿਉਂ ਬੈਠੋਂ ?
ਕਿ ਸੱਚ ਆਖਣ ਦੀ ਤੇਰੇ 'ਚੋਂ ਕਿਉਂ ਹਿੰਮਤ ਲਾ-ਪਤਾ ਹੋ-ਗੀ।

*ਪਿੰਡ ਤੇ ਡਾਕਖਾਨਾ ਮੰਡੀ ਕਲਾਂ*
*ਜ਼ਿਲ੍ਹਾ : ਬਠਿੰਡਾ-੧੫੧੧੦੩*

# ਗ਼ਜ਼ਲ

*—ਅਮਰ ਸਿੰਘ ਕੂਕਾ, ਜੰਮੂ*

ਹੱਕ ਹਲਾਲ ਕਮਾਈ ਕਰਕੇ, ਰੱਜਵੀਂ ਖਾਕੇ ਦੱਸੇ ਕੋਈ।
ਨੱਕ ਦੀ ਸੇਧੇ ਸਿੱਧਾ ਤੁਰਕੇ, ਦਿੱਲੀ ਜਾਕੇ ਦੱਸੇ ਕੋਈ।

ਇਕ ਦੂਜੇ ਤੋਂ ਆਪਣੇ ਐਬ ਛੁਪਾ ਕੇ ਰਖਣਾ ਤਾਂ ਮੁਮਕਿਨ ਹੈ,
ਪਰ ਆਪਣੇ ਤੋਂ ਆਪਣੀ ਕਾਲਖ ਜ਼ਰਾ ਛੁਪਾ ਕੇ ਦੱਸੇ ਕੋਈ।

ਜੀਵਨ ਦਾ ਹਰ ਸਾਜ਼ ਅਸਾਂ ਬੇ-ਸੁਰ ਕੀਤਾ ਜਾਣੇ ਅਣਜਾਣੇ,
ਬੇ-ਸੁਰ ਹੋਏ ਸਾਜ਼ਾਂ ਉੱਤੇ ਸੁਰ ਵਿੱਚ ਗਾ ਕੇ ਦੱਸੇ ਕੋਈ।

ਠੱਗਾਂ ਦੇ ਚੁੰਗਲ ਵਿੱਚ ਫਸਿਆ ਮੁਮਕਿਨ ਹੈ ਬਚ ਜਾਵੇ ਬੰਦਾ,
ਮੁਨਸਫ਼ ਦੇ ਦਰਬਾਰੋਂ ਐਪਰ ਸੁੱਕਾ ਆ ਕੇ ਦੱਸੇ ਕੋਈ।

ਵਸਲ ਹੁਲਾਰੇ ਲੈਣ ਸ਼ਮ੍ਹਾਂ ਤੋਂ ਬੇ-ਸਬਰੇ ਪਰਵਾਨੇ ਤਾਈਂ,
ਪ੍ਰੀਤਾਂ ਦੇ ਮਕਤਲ ਵਲ ਜਾਣੋਂ ਜ਼ਰਾ ਹਟਾ ਕੇ ਦੱਸੇ ਕੋਈ।

ਜੰਗਲ ਦੀ ਅੱਗ ਕੋਸ਼ਿਸ ਕਰ ਕੇ ਕਾਬੂ ਕੀਤੀ ਜਾ ਸਕਦੀ ਹੈ,
ਤ੍ਰਿਸ਼ਨਾ ਅਗਨ ਮਰਨ ਤੋਂ ਪਹਿਲੋਂ ਜ਼ਰਾ ਬੁਝਾ ਕੇ ਦੱਸੇ ਕੋਈ।

ਜੇਬ-ਤਰਾਸ਼ਾਂ ਦੇ ਚੁੰਗਲ ਵਿੱਚ ਅਜ ਹੈ ਫਸੀ ਵਿਵਸਥਾ ਸਾਰੀ,
ਲੱਖ ਜਤਨ ਕਰਕੇ ਵੀ ਆਪਣੀ ਜੇਬ੍ਹ ਬਚਾ ਕੇ ਦੱਸੇ ਕੋਈ।

ਸੁੱਤਿਆਂ ਨੂੰ ਤਾਂ ਕੋਸ਼ਿਸ਼ ਕਰਕੇ 'ਅਮਰ' ਜਗਾਇਆ ਜਾ ਸਕਦਾ ਹੈ,
ਜਾਗਦਿਆਂ ਮਚਲੇ ਲੋਕਾਂ ਨੂੰ ਜ਼ਰਾ ਜਗਾ ਕੇ ਦੱਸੇ ਕੋਈ।

# ਰੁਬਾਈ

*—ਪ੍ਰਿੰ : ਨਵਰਾਹੀ ਘੁਗਿਆਣਵੀ*

ਪਿਆਰ ਨਾਲ ਦਰਵਾਜ਼ੇ ਖੁੱਲ੍ਹਦੇ, ਮਿਲਦਾ ਖ਼ੂਬ ਸੁਆਗਤ,
ਅਮਲਾਂ ਦੀ ਕਸਵੱਟੀ ਉੱਤੇ, ਪਰਖੀ ਜਾਏ ਲਿਆਕਤ।
ਹੰਕਾਰੀ ਨੂੰ ਬੜਾ ਕ਼ਲੇਖਾ, ਹੈ ਉਹ ਸਭ ਤੋਂ ਡਾਢਾ,
ਨਵਰਾਹੀ ਮੂਰਖ ਨਾ ਜਾਣੇ, ਨਿਮ੍ਰਤਾ ਦੀ ਤਾਕਤ।

*੧੧/੫੯੬ ਮਨਜੀਤ ਇੰਦਰ ਪੁਰਾ*
*ਫ਼ਰੀਦਕੋਟ*



Sri Satguru Jagjit Singh Ji eLibrary NamdhariElibrary@gmail.com

## .ਗ਼ਜ਼ਲ

—ਅਜੀਤ ਸਿੰਘ ਚੀਮਾ

ਪੁੱਛੋ ਨ ਹਾਲ ਦੋਸਤੋ ਹਮਾਰਾ ਆਜ ਕਲ
ਮੁਸ਼ਕਲ ਦੇ ਨਾਲ ਹੋ ਰਿਹਾ ਗੁਜ਼ਾਰਾ ਆਜ ਕਲ

ਕਿਸ਼ਤੀ ਮੇਰੀ ਭੰਵਰ ਦੇ ਵਿੱਚ ਜਾ ਕੇ ਫਸ ਗਈ
ਨਜ਼ਰ ਆ ਰਿਹਾ ਨਹੀਂ ਕਿਨਾਰਾ ਆਜ ਕਲ

ਆਪਣੇ ਹੀ ਪੇਟ ਦਾ ਸਭ ਨੂੰ ਫਿਕਰ ਹੈ
ਕੌਣ ਬਣਦਾ ਕਿਸੇ ਦਾ ਸਹਾਰਾ ਆਜ ਕਲ

ਪੱਛਮ ਤੋਂ ਨੰਗੇਜ ਦੀ ਐਸੀ ਚਲੀ ਹਵਾ
ਲੈਹ ਗਿਆ ਨੰਗੇਜ ਦਾ ਲੰਗਾਰਾ ਆਜ ਕਲ

ਤਾਰਿਆਂ ਵਿੱਚ ਪਿਆਰ ਦੀ ਤਕਨੀ ਨਹੀਂ ਰਹੀ
ਹਰ ਇਕ ਸਤਾਰਾ ਜਾਪਦਾ ਸ਼ਰਾਰਾ ਆਜ ਕਲ

ਯਾਰ ਬਣ ਕੇ ਯਾਰ ਮਾਰ, ਯਾਰ ਕਰ ਰਹੇ
ਕਿਸ ਨੂੰ ਤੁਸੀ ਸਮਝੋਗੇ ਪਿਆਰਾ ਆਜ ਕਲ

ਕਿਸੇ ਦੇ ਵੀ ਔਗਣ ਛਪਾਂਦਾ ਕੋਈ ਨਹੀ
ਕਰ ਰਹੇ ਬਦਨਾਮ ਨੇ ਫੜ ਕੇ ਨਗਾਰਾ ਆਜ ਕਲ

ਕਿਦੇ ਕਿਦੇ ਦਰਦ ਦੀ ਦਵਾਈ ਕਰੇਂ ਚੀਮਿਆ
ਦੋਸਤਾਂ ਨੂੰ ਪੈ ਗਿਆ ਅਫਾਰਾ ਆਜ ਕਲ

ਕਰ ਕੇ ਇਕਰਾਰ ਕੋਈ, ਪੂਰਾ ਨਹੀ ਹੈ ਉਤਰਦਾ
ਲਾ ਰਹੇ ਨੇ ਸਾਰੇ ਝੂਠਾ ਹੀ ਲਾਰਾ ਆਜ ਕਲ

ਬੂਸੋਵਾਲ (ਸੁਲਤਾਨਪੁਰ ਲੋਧੀ)

## ਗਿਆਨ

—ਸ਼ਿਵਨਾਥ

ਨਿਗਲ ਲਈਆਂ ਨੇ ਮੈਂ ਹੁਣ ਤੱਕ
ਸੈਂਕੜੇ ਛਪੀਆਂ ਕਿਤਾਬਾਂ
ਪਾ ਲਿਆ ਹੈ ਘੋਟ ਕੇ ਅੰਦਰ ਮੈਂ
ਉਹ ਸਾਰਾ ਗਿਆਨ
ਜੋ ਮਹਾਂ-ਪੁਰਸ਼ਾਂ ਤੋਂ ਲੈ ਕੇ
ਮਾਂ-ਪਿਓ ਦੇਂਦੇ ਰਹੇ
ਪਰ ਅਜੇ ਵੀ ਜਾਪਦੈ ਮੈਨੂੰ ਮੇਰਾ
ਖ਼ਾਲੀ ਦਿਮਾਗ
ਜਦ ਕਦੇ ਪੈਂਦੇ ਨੇ ਦੇਣੇ
ਮੈਨੂੰ ਬਾਲਾਂ ਦੇ ਜਵਾਬ।
ਸੋਚਦਾ ਹਾਂ, ਕੰਮ ਕਿਸ ਆਵੇਗਾ
ਮੇਰੇ ਉਹ ਗਿਆਨ
ਜੋ ਕਿਸੇ ਬੱਚੇ ਨੂੰ ਵੀ ਸੰਤੁਸ਼ਟ
ਕਰ ਸਕਦਾ ਨਹੀਂ!!

ਪਤਾ: ੧੨੫੭-C-LIG
ਫ਼ੇਜ਼-੧੦, ਮੁਹਾਲੀ ੧੬੦੦੬੧

## ਖੋਖਲੇ ਕਿੱਸੇ

(ਪਹਾੜੀ-ਨਦੀ ਕੰਢੇ ਪਏ ਇਕ ਪੱਥਰ ਨੂੰ ਵੇਖ ਕੇ)

—ਸ਼ਿਵਨਾਥ

ਇਹ ਪੱਥਰ ਵੀ ਕਰੋੜਾਂ ਸਾਲ ਤੋਂ
ਇੱਥੇ ਪਿਐ ਸ਼ਾਇਦ
ਕਿਸੇ ਅਵਤਾਰ-ਛੁਹ ਤੋਂ ਇਹ ਅਜੇ
ਜੀਵਿਤ ਨਹੀਂ ਹੋਇਆ।

ਪਤਾ ਨਹੀਂ ਹੋਰ ਕਿੰਨੇ ਜੁਗ ਅਜੇ
ਇਸ ਤੋਂ ਗੁਜ਼ਰਨੇ ਨੇ
ਤੇ ਕਿੰਨੇ ਪੈਰ ਇਸ ਤਕ ਪਹੁੰਚਣੋਂ
ਪਹਿਲਾਂ ਹੀ ਮੁੜਨੇ ਨੇ
ਤੇ ਨਾਲੇ ਇਹ ਨਹੀਂ ਗੌਤਮ-ਰਿਸ਼ੀ ਦੀ
ਨਾਰ ਤੋਂ ਬਣਿਆ
ਜੋ ਠੱਗੀ ਜਾਣ ਤੇ ਵੀ ਰਹਿਮ ਖ਼ਾਤਰ
ਗਿੜਗਿੜਾਈ ਸੀ
ਤੇ ਵੇਲਾ ਆਉਣ ਤੇ ਜਿਸ ਨੇ,
ਮਨੁੱਖੀ ਜੂਨ ਪਾਈ ਸੀ।

ਇਹ ਉਹ ਪੱਥਰ ਹੈ ਜਿਸਨੂੰ
ਭੂ-ਗਰਭ ਨੇ ਖ਼ੁਦ ਬਣਾਇਆ ਸੀ
ਜਾਂ ਅਗਨੀ-ਦੇਵ ਨੇ ਸਦੀਆਂ ਦੇ
ਭੱਠ ਅੰਦਰ ਤਪਾਇਆ ਸੀ
ਇਹਦੇ ਸੰਗ ਜੋੜਨਾ ਔਖੈ,
ਕਿਸੇ ਅਦਭੁਤ ਕਹਾਣੀ ਨੂੰ
ਬੜਾ ਚਿਰ ਹੋਰ ਲੋੜੀਂਦਾ ਹੈ
ਇਸ ਤੋਂ ਲੰਘਦੇ ਪਾਣੀ ਨੂੰ
ਜੋ ਹੌਲੀ-ਹੌਲੀ ਇਸਨੂੰ ਖੋਰ ਕੇ
ਮਿੱਟੀ ਬਣਾਏਗਾ
ਤੇ ਆਖ਼ਰਕਾਰ ਇਹ ਪੱਥਰ ਵੀ
ਇਕ ਦਿਨ ਬਿਨਸ ਜਾਏਗਾ।
ਇਹ ਬਣਨਾ ਬਿਨਸਨਾ ਹੀ ਸ਼ਾਇਦ
ਜੀਵਨ ਦੀ ਕਹਾਣੀ ਹੈ
ਜਿਦ੍ਹੇ ਵਿੱਚ ਅੱਗ, ਹਵਾ, ਆਕਾਸ਼ ਹੈ,
ਧਰਤੀ ਹੈ, ਪਾਣੀ ਹੈ।
ਜਿਨ੍ਹਾਂ ਬਾਝੋਂ ਅਸੰਭਵ ਹੈ ਸ੍ਰਿਸ਼ਟੀ ਤੇ
ਕੋਈ ਰਚਨਾ
ਜਿਨ੍ਹਾਂ ਬਾਝੋਂ ਨਜ਼ਰ ਆਉਂਦੇ ਨੇ
ਸਾਰੇ ਖੋਖਲੇ ਕਿੱਸੇ।



Sri Satguru Jagjit Singh Ji eLibrary NamdhariElibrary@gmail.com

# ਤਰਸੇਵਾਂ

—ਚਰਨ ਸੀਚੇਵਾਲਵੀ

ਤਰਸ ਗਿਆ ਹਾਂ ਸ਼ਹਿਰ 'ਚ ਆ ਕੇ,
ਸੀਚੇਵਾਲ ਦੀ ਮਿੱਟੀ ਨੂੰ।
ਤਰਸ ਗਿਆ ਹਾਂ ਸ਼ਹਿਰ 'ਚ ਆ ਕੇ,
ਦੁੱਧ-ਚਾਨਣੀ ਚਿੱਟੀ ਨੂੰ।
ਤਰਸ ਗਿਆ ਹਾਂ ਸ਼ਹਿਰ 'ਚ ਆ ਕੇ,
ਦੁੱਧ, ਦਹੀਂ, ਘਿਉ ਦੇਸੀ ਨੂੰ।
ਤਰਸ ਗਿਆ ਹਾਂ ਸ਼ਹਿਰ 'ਚ ਆ ਕੇ,
ਘਰ ਦੇ ਗੁੜ ਦੀ ਪੇਸੀ ਨੂੰ।
ਤਰਸ ਗਿਆ ਹਾਂ ਸ਼ਹਿਰ 'ਚ ਆ ਕੇ,
ਘਰ ਦੀਆਂ ਕੱਚੀਆਂ ਕੰਧਾਂ ਨੂੰ।
ਤਰਸ ਗਿਆ ਹਾਂ ਸ਼ਹਿਰ 'ਚ ਆ ਕੇ,
ਸਰਸੋਂ ਦੀਆਂ ਸੁਗੰਧਾਂ ਨੂੰ।
ਤਰਸ ਗਿਆ ਹਾਂ ਸ਼ਹਿਰ 'ਚ ਆ ਕੇ,
ਮਾਂ ਦੀਆਂ ਮਿੱਠੀਆਂ ਗੱਲਾਂ ਨੂੰ।
ਤਰਸ ਗਿਆ ਹਾਂ ਸ਼ਹਿਰ 'ਚ ਆ ਕੇ,
ਮੇਲੇ, ਛਿੰਜਾਂ, ਮੱਲਾਂ ਨੂੰ।
ਤਰਸ ਗਿਆ ਹਾਂ ਸ਼ਹਿਰ 'ਚ ਆ ਕੇ,
ਸੂਰਜਮੁਖੀ ਸਵੇਰਾਂ ਨੂੰ।
ਤਰਸ ਗਿਆ ਹਾਂ ਸ਼ਹਿਰ 'ਚ ਆ ਕੇ,
ਝਾੜ-ਕਰੇਲੇ, ਬੇਰਾਂ ਨੂੰ।
ਤਰਸ ਗਿਆ ਹਾਂ ਸ਼ਹਿਰ 'ਚ ਤੱਕਣਾ,
ਘਰ ਮੁੜਦੇ ਚਰਵਾਹੇ ਨੂੰ।
ਤਰਸ ਗਿਆ ਹਾਂ ਸ਼ਹਿਰ 'ਚ ਸੁਣਨਾ,
ਗਾਉਂਦੇ ਚੱਕੀਰਾਹੇ ਨੂੰ।
ਤਰਸ ਗਿਆ ਹਾਂ ਸ਼ਹਿਰ 'ਚ ਆ ਕੇ,
ਪਿੰਡ ਦੀ ਦਿਲ-ਦਰਿਆਈ ਨੂੰ।
ਤਰਸ ਗਿਆ ਹਾਂ ਸ਼ਹਿਰ 'ਚ ਆ ਕੇ,
ਖੇਤਾਂ ਦੀ ਹਰਿਆਈ ਨੂੰ।
ਤਰਸ ਗਿਆ ਹਾਂ ਸ਼ਹਿਰ 'ਚ ਆ ਕੇ,
ਪਿੰਡ ਦੀਆਂ ਕਿੱਕਰਾਂ, ਬੋਰਾਂ ਨੂੰ।
ਤਰਸ ਗਿਆ ਹਾਂ ਸ਼ਹਿਰ 'ਚ ਆ ਕੇ,
ਮੋਰਨੀਆਂ ਤੇ ਮੋਰਾਂ ਨੂੰ।
ਤਰਸ ਗਿਆ ਹਾਂ ਸ਼ਹਿਰ 'ਚ ਆ ਕੇ,
ਪਿੰਡ ਦੇ ਯਾਰ ਸਹਪਣ ਨੂੰ।
ਤਰਸ ਗਿਆ ਹਾਂ ਸ਼ਹਿਰ 'ਚ ਆ ਕੇ,
ਭੋਰਾ ਅੰਬਰ ਤੱਕਣ ਨੂੰ।
ਜੀ ਕਰਦੈ ਨੱਸ ਜਾਵਾਂ, ਜਿੱਥੇ,
ਕਵਿਤਾ ਦੇ ਦਰਿਆ ਨੇ ਵੱਗਦੇ।
'ਚਰਨ' ਕਵੀ ਦੇ ਗੀਤ ਨੇ ਜਿੱਥੇ,
ਪੌਣਾ ਵਿੱਚ ਗੂੰਜਦੇ ਲੱਗਦੇ।

# ਗੀਤ

ਪੱਤ ਅੱਖਰਾਂ ਦੀ ਏਸ ਤਰ੍ਹਾਂ ਨਾ ਰੋਲ।
ਕੁਝ ਨਾ ਕੁਝ ਤਾਂ ਵਰ੍ਹਦੀਆਂ ਵਿਚ ਵੀ ਬੋਲ।

ਕਤਲ ਜਿਨ੍ਹਾਂ ਨੇ ਤੇਰਾ ਮੇਰਾ ਕੀਤਾ।
ਲਹੂ ਜਿਨ੍ਹਾਂ ਨੇ ਤੇਰਾ ਮੇਰਾ ਪੀਤਾ।
ਕੁਝ ਨਾ ਕੁਝ ਤਾਂ ਭੇਤ ਉਨ੍ਹਾਂ ਦੇ ਖੋਲ੍ਹ!
ਕੁਝ ਨਾ ਕੁਝ ਤਾਂ ਵਰ੍ਹਦੀਆਂ ਵਿਚ ਵੀ ਬੋਲ।

ਕਿੱਦਾਂ ਏਥੇ ਮਰ-ਮੁੱਕ ਗਈਆਂ ਮਾਵਾਂ।
ਕਿੱਦਾਂ ਏਥੇ ਸੜ-ਸੁੱਕ ਗਈਆਂ ਛਾਵਾਂ।
ਡਰਦੇ ਪੰਛੀ ਚੁੰਝ ਰਹੇ ਨਾ ਖੋਲ੍ਹ।
ਕੁਝ ਨਾ ਕੁਝ ਤਾਂ ਵਰ੍ਹਦੀਆਂ ਵਿਚ ਵੀ ਬੋਲ।

ਫਿਰਨ ਖੂਹਾਂ 'ਤੇ ਰਾਤ ਕਾਲੀਆਂ ਡੈਣਾਂ।
ਖ਼ਬਰੇ ਇਨ੍ਹਾਂ ਕੀ ਸਾਥੋਂ ਹੈ ਲੈਣਾ ?
ਖੁਰੇ-ਖੋਜ ਜੋ ਸਾਡੇ ਰਹੀਆਂ ਟੋਲ।
ਕੁਝ ਨਾ ਕੁਝ ਤਾਂ ਵਰ੍ਹਦੀਆਂ ਵਿਚ ਵੀ ਬੋਲ।

ਕਿੱਦਾਂ ਸਾਡੇ ਸੋਧ ਹੋਏ ਅਰਦਾਸੇ।
ਕਿੱਦਾਂ ਸਾਡੇ ਬੁੱਲੀਓਂ ਗੀਤ ਗੁਆਚੇ।
ਇਸ ਪੁਸਤਕ ਦਾ ਵਰਕਾ ਹੀ ਨਾ ਫੋਲ।
ਕੁਝ ਨਾ ਕੁਝ ਤਾਂ ਵਰ੍ਹਦੀਆਂ ਵਿਚ ਵੀ ਬੋਲ।

ਸੁਣਦਾ ਸਾਂ ਮੈਂ ਨਿੱਤ ਜਿਨ੍ਹਾਂ ਦੇ ਸੋਲ੍ਹੇ।
ਉਹ ਕਲਮਾਂ ਵੜ ਗਈਆਂ ਵਿਚ ਭੜੋਲੇ।
ਇਸ ਲਈ ਮੈਨੂੰ ਪਏ ਵਜਾਉਣੇ ਢੋਲ।
ਕੁਝ ਨਾ ਕੁਝ ਤਾਂ ਵਰ੍ਹਦੀਆਂ ਵਿਚ ਵੀ ਬੋਲ।

੪੨੮, ਗੁਰੂ ਨਾਨਕ ਪੁਰਾ (ਵੈਸਟ)
ਡਾਕਖਾਨਾ—ਚੌਗਿੱਟੀ,
ਜਲੰਧਰ—੧੪੪੦੦੯



Sri Satguru Jagjit Singh Ji eLibrary NamdhariElibrary@gmail.com

## ਇਕ ਸਾਹਿਤਕਾਰ ਪੀੜ੍ਹੀ ਦਾ ਪੱਥ-ਪਰਦਰਸ਼ਕ

# ਪ੍ਰੀਤਮ ਸਿੰਘ 'ਕਵੀ'

—ਸਵਰਨ ਸਿੰਘ ਸਨੇਹੀ (ਐਮ. ਏ.)

ਅਫਸੋਸ ਦੀ ਗੱਲ ਹੈ ਕਿ ਹੋਰਨਾਂ ਲੋਕਾਂ ਵਾਂਗ ਵਧੇਰੇ ਲੰਮੇ ਜੀਵਨ ਦੇ ਆਸਵੰਦ ਤੇ ਇਸ ਲਈ ਜਤਨਸ਼ੀਲ ਰਹਿਣ ਵਾਲੇ ਪ੍ਰੀਤਮ ਸਿੰਘ ਜੀ ਕਵੀ ਵੀ ਇਸ ਸੰਸਾਰ ਵਿਚ ਨਹੀਂ ਰਹੇ।

ਸਾਡੀ ਸਮਾਜਕ ਮਰਯਾਦਾ ਹੈ ਕਿ ਵਿਅਕਤੀ ਵਲੋਂ ਸਦੀਵੀ ਵਿਛੋੜਾ ਦਿਤੇ ਜਾਣ ਤੇ ਅਸੀਂ ਅਕਸਰ ਉਸ ਦੇ ਚਲਾਣੇ ਤੇ ਅਫਸੋਸ ਪ੍ਰਗਟ ਕਰਦੇ ਹਾਂ। ਅਫਸੋਸ ਦੀ ਡੂੰਘਾਈ ਵਿਛੜਨ ਵਾਲੇ ਵਿਅਕਤੀ ਦੇ ਵਿਅਕਤਿਤਵ, ਸਮਾਜ ਨੂੰ ਉਸ ਦੀ ਦੇਣ ਅਤੇ ਸਾਡੇ ਨਾਲ ਉਸ ਦੇ ਸਬੰਧਾਂ ਦੀ ਨੇੜਤਾ ਤੇ ਗਹਿਰਾਈ 'ਤੇ ਆਧਾਰਤ ਹੁੰਦੀ ਹੈ। ਕਵੀ ਜੀ ਦੇ ਸਾਹਿਤਕ ਕੱਦ-ਕਾਠ ਨੂੰ ਧਿਆਨ ਵਿਚ ਰਖਦਿਆਂ, ਆਮ ਵਿਅਕਤੀ ਦੇ ਸਦੀਵੀ ਵਿਛੋੜੇ ਤੇ ਹੁੰਦੇ ਅਫਸੋਸ ਨਾਲੋਂ ਉਨ੍ਹਾਂ ਦੇ ਦੁਨੀਆਂ ਨੂੰ ਅਲਵਿਦਾ ਕਹਿ ਜਾਣ ਤੇ ਵਧ ਅਫਸੋਸ ਹੈ। ਉਸ ਨਾਲੋਂ ਵੀ ਵਧ ਅਫਸੋਸ ਉਨ੍ਹਾਂ ਵਿਅਕਤੀਆਂ ਤੇ ਹੈ ਜਿਹੜੇ ਕਵੀ ਜੀ ਨੂੰ ਆਪਣਾ ਨਿਕਟ-ਵਰਤੀ, ਸਲਾਹਕਾਰ, ਪਥ-ਪਰਦਰਸ਼ਕ ਤੇ ਹੋਰ ਕਈ ਕੁਛ ਸਮਝਦੇ ਹੋਏ ਵੀ ਉਨ੍ਹਾਂ ਦੇ ਵਿਛੋੜੇ ਤੇ ਢੁਕਵੇਂ ਚਾਰ ਹੰਝੂ ਵੀ ਨਹੀਂ ਕੇਰ ਸਕੇ। ਉਨ੍ਹਾਂ ਬਾਰੇ ਅਖਬਾਰਾਂ ਵਿਚ ਜੋ ਕੁਛ ਛਪਿਆ ਹੈ ਉਹ ਅਧੂਰੇ ਤਥਾਂ ਤੇ ਆਧਾਰਤ ਹੋਣ ਕਾਰਨ ਉਨ੍ਹਾਂ ਦੀ ਵਿਅਕਤਿਤਵੀ ਬਰਾਬਰੀ ਦਾ ਝਾਉਲਾ ਵੀ ਨਹੀਂ ਪਾਉਂਦਾ। ਉਨ੍ਹਾਂ ਬਾਰੇ ਲਿਖਣ ਵਾਲੇ ਕਿਸੇ ਨੇ ਉਨ੍ਹਾਂ ਦੀ ਵਾਰਤਕ ਨਹੀਂ ਪੜ੍ਹੀ ਤੇ ਕੋਈ ਉਨ੍ਹਾਂ ਦੀ ਕਾਵਿ ਰਚਨਾ ਤੋਂ ਅਣਜਾਣ ਹੈ ਜਿਸ ਕਰਕੇ ਇਹ ਸ਼ੱਕ ਕਰਨ ਦੀ ਗੁੰਜਾਇਸ਼ ਨਿਕਲਦੀ ਹੈ ਕਿ ਪ੍ਰਤਿਮ ਸਿੰਘ ਸੱਚਮੁਚ ਕਵੀ ਸੀ ਵੀ ?

'ਕਵੀ' ਜੀ ਨਾਲ ਮੇਰਾ ਸਨੇਹ ਮੇਰੇ ਵਿਦਿਆਰਥੀ ਜੀਵਨ ਤੋਂ ਹੋਣ ਕਰ ਕੇ ਕਾਫੀ ਪੁਰਾਣਾ ਆਖਿਆ ਜਾ ਸਕਦਾ ਹੈ। ਅਸਲ ਗੱਲ ਇਹ ਹੈ ਕਿ 'ਕਵੀ' ਜੀ ਦੇ ਬੱਚਿਆਂ ਦੇ ਨਾਨਕੇ ਮੇਰੇ ਗੁਆਂਢੀ ਪਿੰਡ ਵਿਚ ਇਕ ਸਮਾਜਵਾਦੀ ਪਰਵਾਰ ਵਿਚ ਹਨ ਜਿਸ ਪਰਵਾਰ ਨਾਲ ਸਾਡੇ ਪਰਵਾਰ ਦੀ ਦੁਖ ਸੁਖ ਦੀ ਸਾਂਝ ਕਰੀਬ ਅੱਧੀ ਕੁ ਸਦੀ ਪੁਰਾਣੀ ਹੋਵੇਗੀ। ਉਸ ਪਿੰਡ ਵਿਚ ਹੀ ਨਹੀਂ, ਸਗੋਂ ਆਂਢ ਗੁਆਂਢ ਦੇ ਪਿੰਡੀਂ ਥਾਂਈਂ ਵੀ ਸਾਮਵਾਦੀ ਪਰਵਾਰ ਵਸਦੇ ਹਨ। 'ਕਵੀ' ਹੋਰਾਂ ਨੂੰ ਕੁਛ ਲੋਕ ਬਾਹਰਮੁਖੀ ਤੌਰ ਤੇ ਨਾਮਧਾਰੀ ਪਰ ਅੰਤ੍ਰੀਵੀ ਤੌਰ ਤੇ ਸਾਮਵਾਦੀ ਸਮਾਜਵਾਦੀ ਸਮਝਦੇ ਸਨ ਕਿਉਂਕਿ ਉਹ ਇਕੋ ਸਮੇਂ ਦੋ ਪਾਸਿਆਂ—ਨਾਮਧਾਰੀ ਪੰਥ ਤੇ ਕਮਿਊਨਿਸਟ (ਸਾਮਵਾਦੀ) ਪਾਰਟੀ ਦੇ ਕਾਰਕੁਨ ਰਹੇ ਹਨ। 'ਕਵੀ' ਹੋਰਾਂ ਦੇ ਮਿਤਰ ਮੰਡਲ ਦਾ ਘੇਰਾ ਇਥੇ ਦੁਆਬੇ ਵਿਚ ਵੀ ਮੋਕਲਾ ਸੀ ਤੇ ਬਹੁਤ ਲੋਕਾਂ ਵਿਚ ਉਨ੍ਹਾਂ ਪ੍ਰਤੀ ਅਪਣਤ ਭਾਵਨਾ ਸੀ।

'ਕਵੀ' ਜੀ ਦੇ ਸਬੰਧੀ ਸ੍ਰੀ ਹਰਬੰਸ ਸਿੰਘ 'ਪਰਵਾਨਾ' ਕਿਸੇ ਸਮੇਂ ਸਾਮਵਾਦੀ ਵਿਚਾਰਾਂ ਦੇ ਹੁੰਦੇ ਹੋਏ ਵੀ, ਨਾਮਧਾਰੀ ਮੁਖ ਕੇਂਦਰ ਸ੍ਰੀ ਭੈਣੀ ਸਾਹਿਬ ਵਿਚ ਰਹਿੰਦੇ ਰਹੇ ਸਨ ਤੇ ਜੇ ਮੈਂ ਗਲਤੀ ਨਹੀਂ ਕਰਦਾ ਤਾਂ ਉਥੇ ਪਸ਼ੂ-ਸ਼ਾਲਾ ਵਿਚ ਸੇਵਾਦਾਰ ਸਨ। ਨਾਮਧਾਰੀ ਸਪਤਾਹਿਕ 'ਸਤਿਜੁਗ' ਵਿਚ ਪ੍ਰਕਾਸ਼ਤ ਉਨ੍ਹਾਂ ਦੇ ਕਈ ਲੇਖ ਪੜ੍ਹਨ ਨੂੰ ਮਿਲਦੇ ਹਨ। ਪਿਛੋਂ ਜਾ ਕੇ ਸੰਤ ਮੰਗਲ ਸਿੰਘ ਲਾਇਲਪੁਰੀ ਹੋਰਾਂ ਵਲੋਂ ਦਿੱਲੀ ਦੇ ਬਾਲੀ ਨਗਰ ਤੋਂ ਕਢੇ ਗਏ (ਪਹਿਲਾਂ) ਸਪਤਾਹਿਕ ਤੇ (ਫਿਰ) ਰੋਜ਼ਾਨਾ ਨਵਾਂ ਹਿੰਦੋਸਤਾਨ ਵਿੱਚ ਵੀ ਉਹ ਇਕ ਸੁਹਿਰਦ ਕਾਰਕੁਨ ਦੀ ਸੇਵਾ ਨਿਭਾਉਂਦੇ ਰਹੇ। ਰੋਜ਼ਾਨਾ ਨਵਾਂ ਜ਼ਮਾਨਾਂ ਨਾਲ ਉਨ੍ਹਾਂ ਦਾ ਤੇਹ-ਮੋਹ ਪੁਰਾਣਾ ਸੀ। ਇਹੋ ਕਾਰਨ ਸੀ ਕਿ 'ਕਵੀ' ਹੋਰਾਂ ਦੀਆਂ ਸਾਹਿਤਕ ਰੁਚੀਆਂ ਦੇ ਵਿਕਾਸ ਵਿਚ ਇਸ ਰਿਸ਼ਤੇਦਾਰੀ ਨੇ ਬਹੁਤਾ ਯੋਗਦਾਨ ਨਾ ਵੀ ਪਾਇਆ ਹੋਵੇ ਤਾਂ ਘਟੋ ਘਟ ਰਸਤੇ ਦਾ ਰੋੜਾ ਵੀ ਨਹੀਂ ਬਣੀ।

ਪ੍ਰੀਤਮ ਸਿੰਘ 'ਕਵੀ' ਗੱਦ ਤੇ ਪਦ, ਦੋਹਾਂ ਦੇ ਹੀ ਲੇਖਕ ਸਨ। ਮੇਰੀ ਜਾਣਕਾਰੀ ਅਨੁਸਾਰ ਉਹ ਨਾਮਧਾਰੀ ਪੰਥ ਦੇ ਵਰਤਮਾਨ ਮੁਖੀ, ਸਤਿਗੁਰੂ ਜਗਜੀਤ ਸਿੰਘ ਦੇ ਸਹਿਪਾਠੀ ਕੇਵਲ ਇਸੇ ਕਰ ਕੇ ਸਨ ਕਿ ਨਾਮਧਾਰੀਆਂ ਵਲੋਂ ਬਰਤਾਨਵੀ ਸਿਖਿਆ ਪ੍ਰਣਾਲੀ ਤੇ ਵਿਦਿਅਕ ਸੰਸਥਾਵਾਂ ਦੇ ਬਾਈਕਾਟ ਕੀਤੇ ਹੋਣ ਕਾਰਨ, ਨਾਮਧਾਰੀ ਬੱਚਿਆਂ ਦੀ ਸਿਖਿਆ ਲਈ ਆਰੰਭ ਕੀਤੇ ਵਿਦਿਆਲੇ ਵਿਚ ਉਸ ਪੀੜ੍ਹੀ ਦੇ ਬਹੁਤ ਸਾਰੇ ਬੱਚੇ ਵਿਦਿਆਰਥੀ ਸਨ। ਸਿਖਿਆ ਦਾਤਿਆਂ ਵਿਚ ਇਸ ਵਿਦਿਆਲੇ ਵਿਚ ਮਹਾਂ ਵਿਦਵਾਨ ਤੇ ਸੰਗੀਤਾਚਾਰੀਆ ਵਿਅਕਤੀ ਨਿਯੁਕਤ ਸਨ ਜਿਸ ਕਰ ਕੇ ਸਾਰੇ ਨਹੀਂ ਤਾਂ ਜਮਾਂਦਰੂ ਸਾਹਿਤਕ ਰੁਚੀ ਵਾਲੇ ਵਿਦਿਆਰਥੀਆਂ ਨੇ ਉਨ੍ਹਾਂ ਦਾ ਪ੍ਰਭਾਵ ਕਬੂਲ ਕੇ ਸਾਹਿਤਕ ਖੇਤਰ ਵਲ ਨੂੰ ਰੁਖ ਕੀਤਾ। ਵਿਦਿਆਲੇ ਦੇ ਵਿਦਿਆਰਥੀ ਹੋਣ ਦੇ ਸਮੇਂ ਹੀ ਕੁਛ



Sri Satguru Jagjit Singh Ji eLibrary NamdhariElibrary@gmail.com

ਵਿਦਿਆਰਥੀਆਂ ਨੇ ਸ੍ਰੀ ਭੈਣੀ ਸਾਹਿਬ ਤੋਂ ਇਕ ਪਰਚਾ ਕਢਣ ਦਾ ਤਜਰਬਾ ਵੀ ਕੀਤਾ। ਇਸ ਜਤਨ ਵਿਚ ਦੋ ਨਾਂ ਮੇਰੇ ਧਿਆਨ ਵਿਚ ਆਉਂਦੇ ਹਨ ਤੇ ਦੋਵੇਂ ਹੀ ਪ੍ਰੀਤਮ ਸਿੰਘ ਸਨ। ਇਕ ਮੇਰੇ ਗੁਆਂਢੀ ਪਿੰਡ ਦਾ ਸਬੰਧੀ ਪ੍ਰੀਤਮ ਸਿੰਘ 'ਕਵੀ' ਤੇ ਦੂਜਾ ਮੇਰੇ ਹੋਰ ਗੁਆਂਢੀ ਪਿੰਡ ਦਾ ਵਸਨੀਕ ਪ੍ਰੀਤਮ ਸਿੰਘ 'ਪੰਛੀ'। ਇਹ ਪਰਚਾ ਇਸ ਟੋਲੀ ਨੇ ਤਦਵਕਤੀ ਪੰਥਕ ਮੁਖੀ ਤੋਂ ਡਰਦਿਆਂ ਕਢਿਆ ਤਾਂ ਚੋਰੀ ਸੀ ਪਰ ਇਸ ਦੀ ਭਿਣਕ ਪੈ ਜਾਣ ਤੇ ਸਤਿਗੁਰੂ ਪ੍ਰਤਾਪ ਸਿਘ ਜੀ ਨੇ ਇਨ੍ਹਾਂ ਨੂੰ ਲੋੜੀਂਦੀ ਸਮਗਰੀ ਪ੍ਰਦਾਨ ਕਰਕੇ ਇਨ੍ਹਾਂ ਨੂੰ ਪੱਤ੍ਰਕਾਰੀ ਲਈ ਉਤਸ਼ਾਹਤ ਕੀਤਾ। 'ਕਵੀ' ਜੀ ਬਹੁਤਾ ਨਾਮਧਾਰੀ ਪੰਥ ਨਾਲ ਸੰਬੰਧਤ ਸਾਹਿਤ ਰਚਿਆ ਜਦਕਿ 'ਪੰਛੀ' ਦਿੱਲੀ ਵਿਚ ਕਲਮੀ ਉਡਾਰੀਆਂ ਲਾ ਰਹੇ ਹਨ।

'ਕਵੀ' ਹੋਰੀਂ ਮੂਲ ਰੂਪ ਵਿਚ ਪਿੰਗਲ ਅਨੁਸਾਰੀ ਕਵੀ ਸਨ। ਉਹ, ਜਿਥੋਂ ਤਕ ਮੈਨੂੰ ਯਾਦ ਹੈ, ਬਹੁਅੰਗੀ ਨਾਮਧਾਰੀ ਸਾਹਿਤਕਾਰ ਸੰਤ ਇੰਦਰ ਸਿੰਘ 'ਚਕ੍ਰਵਰਤੀ' ਨੂੰ ਆਪਣਾ ਸਾਹਿਤਕ ਗੁਰੂ ਮੰਨਦੇ ਸਨ। ਸਰਦਾਰ ਅਵਤਾਰ ਸਿੰਘ 'ਆਜ਼ਾਦ' ਦੇ ਦਸਣ ਅਨੁਸਾਰ 'ਕਵੀ' ਹੋਰੀਂ ਇਸ ਮਹਾਂਕਵੀ ਕੋਲ ਰਹਿ ਕੇ ਵੀ ਕਾਵਿ ਗਿਆਨ ਪ੍ਰਾਪਤ ਕਰਦੇ ਰਹੇ ਸਨ।

'ਕਵੀ' ਹੋਰਾਂ ਭਾਵੇਂ ਕਵਿਤਾ ਪਿੰਗਲ ਅਨੁਸਾਰੀ ਹੀ ਰਚੀ ਹੈ ਪਰ ਇਸ ਵਿੱਚ ਕੋਰੜਾ, ਬੈਂਤ, ਦੋਹਿਰਾ ਆਦਿ ਛੰਦ ਨਜ਼ਰੇ ਨਹੀਂ ਪੈਂਦੇ। ਕਬਿੱਤ ਵੀ ਬਹੁਤ ਘਟ ਮਿਲਦਾ ਹੈ। ਇਸ ਦਾ ਇਕ ਕਾਰਨ ਮੇਰੀ ਸਮਝ ਵਿਚ ਇਹ ਪੈਂਦਾ ਹੈ ਕਿ ਪੁਰਾਣੇ ਸਮੇਂ ਵਿਚ ਕੁਛ ਕਵੀ ਬੈਂਤ ਤੇ ਕੋਰੜਾ ਆਦਿ ਨੂੰ ਜ਼ਰਾ ਘਿਰਣਾ ਦੀ ਨਿਗ੍ਹਾ ਨਾਲ ਦੇਖਦੇ ਸਨ ਕਿਉਂਕਿ ਉਨ੍ਹਾਂ ਦਾ ਖਿਆਲ ਸੀ ਕਿ ਬੈਂਤ ਜਾਂ ਕੋਰੜਾ ਤਾਂ ਕਿਸੇ ਵਿਅਕਤੀ ਨੂੰ ਸਜ਼ਾ ਦੇਣ ਲਈ ਵਰਤੇ ਜਾਂਦੇ ਸਾਧਨ ਹਨ। ਭਾਵੇਂ ਅਜ ਦੀ ਤਰਕ ਤੇ ਇਹ ਗੱਲ ਪੂਰੀ ਨਾ ਵੀ ਉਤਰੇ ਜਾਂ ਤਰਕਸ਼ੀਲ ਵਿਅਕਤੀ ਇਸ ਤੇ ਕਿੰਤੂ-ਪ੍ਰੰਤੂ ਵੀ ਕਰਨ ਪਰ ਇਹ ਗੱਲ ਇਕ ਤੋਂ ਵਧ ਕਵੀਆਂ-ਕਵੀਸ਼ਰਾਂ ਤੋਂ ਸੁਣੀ ਹੋਈ ਹੈ।

'ਕਵੀ' ਹੋਰਾਂ ਦੀ ਕਾਵਿ ਰਚਨਾ ਬਹੁਤੀ ਰੁਬਾਈਆਂ ਦੇ ਰੂਪ ਵਿਚ ਹੀ ਮਿਲਦੀ ਹੈ। ਇਸ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਇਹ ਕਵੀ ਸੂਖਮ ਭਾਵੀ ਵਿਅਕਤੀ ਸੀ ਜਿਸ ਕਿਸਮ ਦੇ ਵਿਅਕਤੀ ਨੂੰ ਰੁਬਾਈ ਛੰਦ ਵਧੇਰੇ ਮੁਆਫਿਕ ਬੈਠਦਾ ਹੈ। ਦੂਜਾ ਕਾਰਨ ਕਵੀ ਅੰਦਰਲਾ ਪਿਆਰ-ਅੰਸ਼ ਵੀ ਹੋ ਸਕਦਾ ਹੈ ਜਿਸਦੇ ਪ੍ਰਗਟਾਵੇ ਲਈ ਵੀ ਇਹ ਛੰਦ ਢੁਕਵਾਂ ਸਮਝਿਆ ਜਾਂਦਾ ਹੈ।

ਪ੍ਰਕਾਸ਼ਨ ਰੂਪ ਵਿਚ 'ਕਵੀ' ਦੀਆਂ ਕੁਛ ਕਵਿਤਾਵਾਂ 'ਸਤਿਜੁਗ' ਦੇ ਅੰਕਾਂ ਜਾਂ 'ਨਵਾਂ ਜ਼ਮਾਨਾ' ਵਿਚ ਨਘੋਚੀ ਦੇ ਫਰਜ਼ੀ ਨਾਂ ਹੇਠ ਛਪੀਆਂ ਰਚਨਾਵਾਂ ਮਿਲਦੀਆਂ ਹਨ ਜਿਨ੍ਹਾਂ ਨੂੰ ਕਰਤਾ ਨੇ ਪਤਾ ਨਹੀਂ ਕਿਉਂ ਸੰਗ੍ਰਹਿ ਨਹੀਂ ਕੀਤਾ। ਰੁਬਾਈਆਂ ਦੀ ਵੀ ਇਕੋ ਪੁਸਤਕ ਪ੍ਰਾਪਤ ਹੈ 'ਸਿਮਰਨ' ਜਿਹੜੀ' ੧੯੬੯ ਵਿਚ ਅਵਾਮੀ ਪ੍ਰੈਸ ਜਲੰਧਰ ਤੋਂ ਹੀ ਪ੍ਰਕਾਸ਼ਤ ਹੋਈ ਸੀ। ਇਸ ਵਿਚਲੀਆਂ ਬਹੁਤੀਆਂ ਰੁਬਾਈਆਂ, ਉਨ੍ਹਾਂ ਦੇ ਆਪਣੇ ਦਸਣ ਅਨੁਸਾਰ, ਉਨ੍ਹਾਂ ਦੇ ਬਾਲ-ਸਖਾਈ ਤੇ ਸਹਿਪਾਠੀ ਅਤੇ ਨਾਮਧਾਰੀ ਪੰਥ ਦੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਨਾਲ ਸਬੰਧਤ ਹਨ, ਇਹ ਜਾਂ ਤਾਂ ਉਨ੍ਹਾਂ ਦੀ ਪ੍ਰਸੰਸਾ ਵਿਚ ਹਨ ਜਾਂ ਉਨ੍ਹਾਂ ਨੂੰ ਸੰਬੋਧਤ ਹਨ ਤੇ ਜਾਂ ਫਿਰ ਉਨ੍ਹਾਂ ਦੇ ਪ੍ਰਭਾਵ ਅਧੀਨ ਰਚੀਆਂ ਗਈਆਂ ਹਨ। ਇਨ੍ਹਾਂ ਰੁਬਾਈਆਂ ਦੀ ਰਚਨਾ ਇਸ ਪ੍ਰਕਾਰ ਦੀ ਹੈ ਕਿ ਬਹੁਤੀਆਂ ਰੁਬਾਈਆਂ ਪੜ੍ਹਦਿਆਂ ਆਮ ਪਾਠਕ ਲਈ ਇਹ ਨਿਰਣਾ ਕਰਨਾ ਔਖਾ ਜਿਹਾ ਹੋ ਜਾਂਦਾ ਹੈ ਕਿ ਕਵੀ ਦਾ ਅਸਲ ਨਿਸ਼ਾਨਾ ਕੌਣ ਜਾਂ ਕੀ ਹੈ ? ਸ਼ਾਇਦ ਇਹੋ ਕਾਰਨ ਸੀ ਕਿ ਪਿਛਲੀ ਸਦੀ ਦੇ ਸੱਤਵੇਂ ਦਹਾਕੇ ਵਿਚ ਜਦੋਂ ਕਵੀ ਆਪ ਰੋਜ਼ਾਨਾ ਨਵਾਂ ਜ਼ਮਾਨਾ ਦੀ ਅਵਾਮੀ ਪ੍ਰੈਸ ਦੇ ਪ੍ਰਬੰਧਕ ਦੀ ਕੁਰਸੀ ਤੇ ਸੁਸ਼ੋਭਿਤ ਸੀ ਤਦ, ਜੇ ਮੇਰਾ ਚੇਤਾ ਸਹੀ ਸਾਥ ਦੇ ਰਿਹਾ ਹੈ, ਅਕਾਲੀ ਨੇਤਾ ਸੰਤ ਫਤਹਿ ਸਿੰਘ ਦੇ ਜਲੰਧਰੋਂ ਪ੍ਰਕਾਸ਼ਤ ਹੁੰਦੇ ਰੋਜ਼ਾਨਾ 'ਕੌਮੀ ਦਰਦ' ਦੇ ਮੁਖ ਪੰਨੇ ਤੇ, ਨਾਮਧਾਰੀ ਕਵੀ ਰਚਿਤ 'ਸਿਮਰਨ' ਵਿਚੋਂ ਲਈ ਗਈ ਇਕ ਰੁਬਾਈ ਹਰ ਰੋਜ਼ ਪ੍ਰਕਾਸ਼ਤ ਹੁੰਦੀ ਜਿਸ ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਸੀ। ਕੁਛ ਕੁ ਰੁਬਾਈਆਂ ਵੰਨਗੀ ਮਾਤਰ ਇਥੇ ਦੇਣੀਆਂ ਬੇਤੁਕੀ ਗੱਲ ਨਹੀਂ ਹੋਵੇਗੀ—

ਬਖਸ਼ ਤੇਰੀ ਦੇ ਚਸ਼ਮੇ ਕੰਢੇ, ਬਹਿਕੇ ਮੌਜਾਂ ਲਈਆਂ।
ਤ੍ਰਿਸ਼ਨਾ-ਤ੍ਰਿਖਾ ਨਿਵਾਰਨ ਕੀਤੀ, ਹੁਣ ਤਰਕਾਲਾਂ ਪਈਆਂ।
ਉਠ ਕੇ ਘਰ ਨੂੰ ਹਾਂ ਤੁਰ ਚੱਲੇ, ਯਾਦੀਂ ਰਖ ਬਖਸ਼ੀਸ਼ਾਂ।
ਲੇਖੇ ਦਾ ਝੰਝਟ ਨਹੀਂ ਕੋਈ, ਆਸ ਤ੍ਰਿਸ਼ਨ ਸੌਂ ਗਈਆਂ।

ਪਿਆਰੇ ਪਿਆਰੇ ਸਤਿਗੁਰ ਮੇਰੇ, ਕੀ ਵਰਤਾਇਆ ਭਾਣਾ।
ਜਿਤਨਾ ਮੈਂ ਦਰਸ਼ਨ ਨੂੰ ਲੋਚਾਂ, ਉਤਨਾ ਦੂਰ ਟਿਕਾਣਾ।
ਤੇਰੀ ਸਿਹਤ ਰਹੇ ਸਦ ਸੁਥਰੀ, ਹੇ ਜਗ ਦੇ ਸੁਖਦਾਤੇ।
ਤੇਰੇ ਨਾਲ ਬਹਾਰਾਂ ਸਾਨੂੰ, ਤੂੰ ਸਤਿਗੁਰ ਮਨ-ਭਾਣਾ।

ਪ੍ਰਿਯ ਜੀ, ਤੇਰੇ ਵਿਛੋੜੇ ਅੰਦਰ, ਦੁਭਰ ਹੋ ਗਿਆ ਜੀਣਾ।
ਜਿਉਂ ਅੰਮ੍ਰਿਤ ਦੇ ਆਸ਼ਕ ਨੂੰ, ਪਏ ਜ਼ਹਿਰ ਪਿਆਲਾ ਪੀਣਾ।
ਤੇਰੇ ਬਾਝ ਜਗਤ ਦੇ ਸੁਖ ਤੇ, ਧੁੰਦ ਦੁਖਾਵੀਂ ਛਾਈ।
ਰੂਹ ਪੰਛੀ ਨੂੰ ਚੁਗਣ ਲਈ ਹੁਣ, ਮਿਲਿਆ ਗ਼ਮ ਦਾ ਚੀਣਾ।



Sri Satguru Jagjit Singh Ji eLibrary NamdhariElibrary@gmail.com

ਬਾਲ ਪ੍ਰੀਤਮ ਠੋਡੀ ਹੱਥ ਧਰ, ਧਰ ਤੇ ਲੰਮਾਂ ਪੈ ਕੇ।
ਸੁਣਦਾ ਰਿਹਾ ਕਹਾਣੀ ਕੁਦਰਤ, ਰੋਜ਼-ਬਰੋਜ਼ੀਂ ਕਹਿਕੇ।
ਤਖਤ ਬਖਤ ਦਾ ਮਾਲਿਕ ਬਣ ਹੁਣ,ਸੈਰ ਜਗਤ ਦੇ ਕਰਦਾ।
ਕਥਾਕਾਰ ਵਿੰਹਦਾ ਹੀ ਰਹਿੰਦਾ, ਕਦ ਜਾਵੇਂਗਾ ਲੈ ਕੇ?

ਇਨ੍ਹਾਂ ਰੁਬਾਈਆਂ ਵਿਚ ਵਿਛੋੜਾ ਤੇ ਉਸਦਾ ਦਰਦ, ਪਿਆਰ, ਮਿਲਣ ਦੀ ਤਾਂਘ, ਪਿਆਰੇ ਦੀ ਪ੍ਰਸ਼ੰਸਾ ਤੇ ਕਿਤੇ ਕਿਤੇ ਆਪੇ ਦਾ ਪ੍ਰਗਟਾਵਾ ਵੀ ਸਹਿਜ ਸੁਭਾ ਹੀ ਹੋਇਆ ਮਿਲਦਾ ਹੈ। ਕਈਆਂ ਰੁਬਾਈਆਂ ਵਿਚ ਕੁਛ ਇਤਿਹਾਸਕ ਤੱਥਾਂ ਦਾ ਪਰੋਖ ਰੂਪ ਵਿਚ ਵਰਨਣ ਵੀ ਮਿਲਦਾ ਹੈ ਜਿਸਨੂੰ ਕਵੀ ਦੇ ਸਮਕਾਲੀ ਜਾਂ ਨਾਮਧਾਰੀ ਪੰਥ ਦੀ ਇਤਿਹਾਸਕ ਜਾਣਕਾਰੀ ਰਖਣ ਵਾਲੇ ਪਾਠਕ ਛੇਤੀ ਤੇ ਸੌਖਿਆਂ ਸਮਝ ਸਕਦੇ ਹਨ।

ਪ੍ਰੀਤਮ ਸਿੰਘ 'ਕਵੀ' ਨੇ ਕਵੀ ਹੋ ਕੇ ਵਾਰਤਕ ਰਚਨਾ ਵਧੇਰੇ ਕੀਤੀ ਹੈ। ਮੇਰੀ ਜਾਚੇ ਉਸ ਦਾ ਵਡਾ ਕਾਰਨ ਸੀ ਲੇਖਕ ਦਾ, ਪੰਥਕ ਸਪਤਾਹਿਕ ਸਤਿਜੁਗ ਦਾ ਸੰਪਾਦਕ ਹੋਣਾ ਜਿਥੇ ਉਹ ਲਗਪਗ ੧੯੫੯ ਤੋਂ ਲੈ ਕੇ ਸੱਤਰਵਿਆਂ ਵਿਚ ਅਵਾਮੀ ਪ੍ਰੈਸ ਜਲੰਧਰ ਵਿਚ ਜਾਣ ਤਕ ਨਿਰੰਤਰ ਲਿਖਦੇ ਰਹੇ। ਭਾਵੇਂ ਸੰਪਾਦਕ ਹੋਣਾ ਕਾਵਿ ਰਚਨਾ ਵਿਚ ਵਾਧਕ ਨਹੀਂ ਮੰਨਿਆਂ ਜਾ ਸਕਦਾ। ਅਸੀਂ ਦੇਖਦੇ ਹਾਂ ਕਿ ਸੰਤ ਇੰਦਰ ਸਿੰਘ 'ਚਕ੍ਰਵਰਤੀ' ਨੇ ਬਹੁਤ ਚਿਰ ਇਸੇ ਪਰਚੇ ਦੀ ਸੰਪਾਦਕੀ ਕੀਤੀ ਪਰ ਉਨ੍ਹਾਂ ਦੀਆਂ ਅਨੇਕ ਕਵਿਤਾਵਾਂ ਤੋਂ ਬਿਨਾਂ ਇਕ ਮਹਾਂਕਾਵਿ ਦੀ ਰਚਨਾ ਨੇ ਉਨ੍ਹਾਂ ਨੂੰ ਮਹਾਂਕਵੀ ਦਾ ਦਰਜਾ ਦਿਵਾ ਦਿਤਾ। ਅਵਤਾਰ ਸਿੰਘ 'ਆਜ਼ਾਦ' ਨੇ ਪਤਾ ਨਹੀਂ ਕਿੰਨੇ ਪੰਜਾਬੀ ਪੱਤਰਾਂ ਦੀ ਸੇਵਾ ਕੀਤੀ ਤੇ ਉਹ ਵੀ ਰੋਜ਼ਾਨਾ ਦੀ, ਫਿਰ ਵੀ ਸਭ ਤੋਂ ਵਧ ਮਹਾਂਕਾਵਿ ਪੰਜਾਬੀ ਨੂੰ ਦੇਣ ਦਾ ਸਿਹਰਾ ਉਨ੍ਹਾਂ ਸਿਰ ਹੈ। ਪ੍ਰੀਤਮ ਸਿੰਘ 'ਕਵੀ' ਦੀ ਸੰਪਾਦਕੀ ਦੌਰਾਨ ਵੀ ਸਤਿਜੁਗ ਦੇ ਅਨੇਕਾਂ ਵਿਸ਼ੇਸ਼ ਅੰਕ ਪ੍ਰਕਾਸ਼ਤ ਹੋਏ ਜਿਨ੍ਹਾਂ ਵਿਚ ਅਨੇਕਾਂ ਕਵੀਆਂ ਦੀਆਂ ਕਵਿਤਾਵਾਂ ਛਪੀਆਂ ਮਿਲਦੀਆਂ ਹਨ ਪਰ ਸੰਪਾਦਕ ਦੀ ਕੋਈ ਵਡੀ ਕਵਿਤਾ ਨਹੀਂ।

ਨਾਮਧਾਰੀ ਮੇਲਿਆਂ, ਵਿਸ਼ੇਸ਼ ਕਰਕੇ ਹੋਲਾ-ਮਹੱਲਾ, ਅੱਸੂ ਦਾ ਵਾਰਸ਼ਿਕ ਮੇਲਾ ਆਦਿ-ਤੇ ਕਵੀ ਦਰਬਾਰ ਕਰਨ ਦੀ ਪ੍ਰੰਪਰਾ ਕਾਫੀ ਪੁਰਾਣੀ ਹੈ ਜਿਨ੍ਹਾਂ ਵਿਚ ਜ਼ਰੂਰੀ ਨਹੀਂ ਕਿ ਕਵੀ ਨਾਮਧਾਰੀ ਹੀ ਹੋਵੇ, ਪਰ ਇਨ੍ਹਾਂ ਵਿਚ ਬਹੁਸੰਖਿਆ ਨਾਮਧਾਰੀ ਕਵੀਆਂ ਦੀ ਹੁੰਦੀ ਰਹੀ ਹੈ। ਕਈ ਵਿਸ਼ੇਸ਼ ਮੌਕਿਆਂ ਤੇ ਤਾਂ ਸਮਸਿਆ ਵੀ ਦਿਤੀ ਜਾਂਦੀ ਹੈ ਤਾਂ ਕਿ ਕਵੀਆਂ ਦੀ ਚੁਸਤੀ ਫੁਰਤੀ ਤੇ ਗਿਆਨ ਪਰਖਿਆ ਜਾਵੇ। ਕਦੇ ਕਦੇ ਵਧੀਆ ਕਵਿਤਾ ਨੂੰ ਇਨਾਮ ਵੀ ਦਿਤੇ ਜਾਂਦੇ ਰਹੇ ਹਨ। ਮੈਨੂੰ ਯਾਦ ਹੈ ਕਿ ਦੁਆਬੇ ਵਿਚ ਸੰਧਵਾਂ ਦੇ ਹੋਲੇ ਤੇ ਮੇਰੇ ਗੁਆਂਢੀ ਪਿੰਡ ਦੇ ਇਨਕਲਾਬੀ ਕਵੀ, ਲੱਖਾ ਸਿੰਘ ਜੌਹਰ ਦੀ ਕਵਿਤਾ 'ਸ਼ਹੀਦੀ ਜੰਞ' ਨੂੰ ਵੀ ਇਨਾਮ ਦਿਤਾ ਗਿਆ ਸੀ। ਨਾਮਧਾਰੀ ਸਮਾਗਮਾਂ ਤੇ ਹੋਣ ਵਾਲੇ ਇਨ੍ਹਾਂ ਕਵੀ ਦਰਬਾਰਾਂ ਦਾ ਬਹੁਤੀ ਵਾਰੀ ਮੰਚ ਸੰਚਾਲਨ ਵੀ ਪ੍ਰੀਤਮ ਸਿੰਘ 'ਕਵੀ' ਦੇ ਹੱਥਾਂ ਵਿਚ ਰਹਿੰਦਾ ਰਿਹਾ ਹੈ ਪਰ ਕਵੀ ਦੀ ਆਪਣੀ ਕੋਈ ਸਮਸਿਆ ਪੂਰਤੀ ਜਾਂ ਸਮਸਿਆ ਰਹਿਤ ਕਵਿਤਾ ਬਹੁਤ ਘਟ ਸੁਣੀ ਗਈ।

ਵਾਰਤਕ ਰਚਨਾ ਵੀ ਬਹੁਤੀ ਪੁਸਤਕ ਰੂਪ ਵਿਚ ਨਹੀਂ ਮਿਲਦੀ। ਜੀਵਨ ਨਗਰ, ਭੈਣੀ ਸਾਹਿਬ, ਇਸਤਰੀਆਂ ਦਾ ਮੁਕਤੀ ਦਾਤਾ, ਇਕ ਪਰਵਰਤਨ ਆਦਿ ਤਾਂ ਕਿਤਾਬਚੇ ਰੂਪ ਵਿਚ ਹੀ ਹਨ। ਉਂਜ ਪਤਾ ਨਹੀਂ ਕਿਉਂ ਉਨ੍ਹਾਂ ਦਾ ਧਿਆਨ ਇਧਰ ਨਹੀਂ ਗਿਆ, ਨਹੀਂ ਤਾਂ ਸਤਿਜੁਗ ਵਿਚ ਛਪੇ ਸੰਪਾਦਕੀਆਂ ਦਾ ਸੰਗ੍ਰਹਿ ਵੀ ਇਕ ਤੋਂ ਵਧ ਪੁਸਤਕਾਂ ਦਾ ਰੂਪ ਧਾਰ ਸਕਦਾ ਸੀ। ਬਹੁਤੀ ਵਡੀ ਵਾਰਤਕ ਰਚਨਾ ਉਨ੍ਹਾਂ ਦੀ 'ਬੀਤੇ ਦੀਆਂ ਪੈੜਾਂ' ਹੈ ਜਿਸ ਕਰ ਕੇ ਹੁਣ ਆਮ ਪਾਠਕ ਉਨ੍ਹਾਂ ਨੂੰ ਜਾਣਦਾ ਹੈ ਤੇ ਜਿਸ ਨੂੰ ਸਤਿਗੁਰੂ ਜਗਜੀਤ ਸਿੰਘ ਦੀ ਰੋਜ਼ਾਨਾ ਦਿਨਚਰਯਾ ਜਾਂ ਰੋਜ਼ਨਾਮਚੇ ਕਹਿਣਾ ਵਧੇਰੇ ਢੁਕਵਾਂ ਹੋਵੇਗਾ ਪਰ ਇਨ੍ਹਾਂ ਰੋਜ਼ਨਾਮਚਿਆਂ ਵਿਚ ਵੀ ਦੇਸ-ਪ੍ਰਦੇਸ ਦੀ ਰਾਜਨੀ, ਸਮਾਜਕ, ਧਾਰਮਕ ਤੇ ਭਾਈਚਾਰਕ ਸਥਿਤੀ ਤੇ ਇਤਿਹਾਸ ਦਾ ਕਣ ਵੀ ਕਿਤੇ ਕਿਤੇ ਅੱਖਪਰੋਖਾ ਨਹੀਂ ਕੀਤਾ ਜਾ ਸਕਦਾ। ਭਾਵੇਂ ਇਸ ਨੂੰ ਖੋਜ ਆਧਾਰਤ ਖੋਜ ਕਾਰਜ ਨਹੀਂ ਆਖਿਆ ਜਾ ਸਕਦਾ ਪਰ ਇਹ ਵਰਤਮਾਨ ਸਮੇਂ ਦਾ ਪੰਥਕ ਇਤਿਹਾਸ ਲਿਖਣ ਸਹਾਇਕ ਸਮਗਰੀ ਦਾ ਕੰਮ ਦੇ ਸਕਦਾ ਹੈ।

ਭਾਵੇਂ 'ਕਵੀ' ਹੋਰਾਂ ਦਾ ਸਾਹਿਤਕ ਗੁਰੂ ਸੰਤ ਇੰਦਰ ਸਿੰਘ 'ਚਕ੍ਰਵਰਤੀ' ਹੀ ਸੀ ਪਰ ਉਹ ਵਰਤਮਾਨ ਪੰਜਾਬੀ ਵਾਰਤਕ ਦੇ ਮੰਨੇ ਜਾਂਦੇ ਮੋਢੀ ਸਰਦਾਰ ਗੁਰਬਖਸ਼ ਸਿੰਘ ਪ੍ਰਤੀਲੜੀ ਤੋਂ ਬਹੁਤ ਪ੍ਰਭਾਵਤ ਸਨ। ਇਨ੍ਹਾਂ ਦੀ ਲਿਖਣ ਸ਼ੈਲੀ ਵਿਚ ਉਸ ਦਾ ਪ੍ਰਭਾਵ ਸਪਸ਼ਟ ਦੇਖਿਆ ਜਾ ਸਕਦਾ ਹੈ। ਸਾਧਾਰਨ ਸ਼ਬਦਾਂ ਵਿੱਚ ਸਪਸ਼ਟ ਰੂਪ ਵਿੱਚ ਤੇ ਆਮ ਪ੍ਰਭਾਵਤ ਲੰਬਾਈ ਵਿੱਚ ਵਾਕ ਰਚਨਾ ਕਵੀ ਦੀ ਵਾਰਤਕ ਦਾ ਗੁਣ ਹੈ। "ਨਾਮਧਾਰੀਪਣ ਜਗਾਈ ਰਖਣ ਲਈ ਇਹ ਜ਼ਰੂਰੀ ਹੈ ਕਿ ਸਾਰੀਆਂ ਇਕਾਈਆਂ ਨੂੰ ਉਸ ਆਧਾਰ ਨਾਲ ਜੋੜੀ ਰੱਖਿਆ ਜਾਏ, ਜਿਸ ਤੋਂ ਸਿੱਖੀ ਅਤੇ ਵਿਸ਼ੇਸ਼ਕਰ ਨਾਮਧਾਰੀਅਤ ਨੂੰ ਬਲ ਮਿਲਦਾ ਰਹੇ। ਸਤਿਗੁਰੂ ਹੀ ਜਿਉਂਦਾ ਆਧਾਰ ਹਨ ਜਿਨ੍ਹਾਂ ਦੁਆਰਾ ਉਸ ਵਿਧੀ ਵਿਧਾਨ ਦਾ ਗਿਆਨ ਵੀ ਜ਼ਰੂਰੀ ਹੈ ਜਿਸ ਅਨੁਸਾਰ ਗੁਰਸਿੱਖ ਪ੍ਰੰਪਰਾ ਕਾਇਮ ਰਹਿ ਸਕਦੀ ਹੈ। ਅਤੇ ਇਹ ਵਿਧੀ ਵਿਧਾਨ ਗੁਰਬਾਣੀ



Sri Satguru Jagjit Singh Ji eLibrary NamdhariElibrary@gmail.com

ਹੈ।" ਉਨ੍ਹਾਂ ਦੀ ਵਾਰਤਕ ਦਾ ਨਮੂਨਾ ਹੈ। ਰਾਜਸੀ ਤੌਰ ਤੇ ਉਹ ਸੋਵੀਅਤ ਇਨਕਲਾਬ ਤੇ ਸੋਵੀਅਤ ਯੂਨੀਅਨ ਦੇ ਪ੍ਰਭਾਵ ਅਧੀਨ ਸਨ।

'ਕਵੀ' ਦੀ ਸਾਹਿਤਕ ਖੇਤਰ ਵਿਚ ਸਭ ਤੋਂ ਵਡੀ ਦੇਣ, ਪਿਛਲੀ ਸਦੀ ਦੇ ਸਠਵਿਆਂ ਵਿਚਲੀ ਪੀੜ੍ਹੀ ਦੇ ਨਾਮਧਾਰੀ ਬੱਚਿਆਂ ਵਿਚ ਸਾਹਿਤਕ ਰੁਚੀ ਪੈਦਾ ਕਰ ਕੇ ਉਸ ਦੇ ਵਿਕਾਸ ਵਿਚ ਲੋੜੀਂਦਾ ਪਥ-ਪਰਦਰਸ਼ਨ ਕਰਨਾ ਹੈ। ਪਿਛੋਂ ਜਾ ਕੇ ਨਾਮਧਾਰੀ ਸਾਹਿਤ ਸਭਾ ਜੀਵਨ ਨਗਰ ਵੀ ਸਥਾਪਤ ਕੀਤੀ ਗਈ, ਜਿਸ ਦਾ ਕੋਈ ਵਿਧੀਵਤ ਰਿਕਾਰਡ ਨਾ ਹੋਣ ਕਾਰਨ ਇਸ ਦਾ ਸੰਸਥਾਪਕ ਵਿਵਾਦਗ੍ਰਸਤ ਬਣ ਗਿਆ। ਨਵੰਬਰ ੧੯੯੦ ਵਿਚ ਜੀਵਨ ਨਗਰ, ਜ਼ਿਲਾ ਸਿਰਸਾ ਵਿਚ ਹੋਏ ਸੰਤ ਤਰਨ ਸਿੰਘ 'ਵਹਿਮੀ' ਯਾਦਗਾਰੀ ਸਮਾਗਮ ਵਿਚ ਇਹ ਗੱਲ ਨਿਰੋਲ ਸਾਹਿਤਕ ਮਾਹੌਲ ਨੂੰ ਜ਼ਰਾ ਗਰਮਾਉਣ ਦਾ ਕਾਰਨ ਸਿੱਧ ਹੋਈ ਕਿਉਂਕਿ ਕੁਛ ਵਿਅਕਤੀਆਂ ਨੇ 'ਵਹਿਮੀ' ਜੀ ਨੂੰ ਉਕਤ ਸਭਾ ਦੇ ਸੰਸਥਾਪਕ ਵਜੋਂ ਪੇਸ਼ ਕੀਤਾ ਤਾਂ ਸਮਾਗਮ ਵਿਚ ਮੌਜੂਦ 'ਕਵੀ' ਜੀ ਨੇ ਆਪ ਇਸ ਦੇ ਮੋਢੀ ਹੋਣ ਦਾ ਦਾਅਵਾ ਬੜੀ ਸਰਗਰਮੀ ਨਾਲ ਪੇਸ਼ ਕੀਤਾ। ਉਦੋਂ ਤੋ ਲੈ ਕੇ ਕਿਸੇ ਨੇ ਇਹ ਰੇੜਕਾ ਨਾ ਗਹੁ ਨਾਲ ਵਿਚਾਰਿਆ ਤੇ ਇਸ ਦਾ ਨਿਰਣਾ ਹੋ ਸਕਿਆ ਕਿਉਂਕਿ ਹੁਣ ਦੋਵੇਂ ਦਾਅਵੇਦਾਰ ਹੀ ਸਾਡੇ ਵਿਚ ਨਹੀਂ ਰਹੇ, ਇਸ ਲਈ ਇਹ ਨਿਰਣਾ ਹਰੇਕ ਵਿਅਕਤੀ ਦੀ ਆਪਣੀ ਧਾਰਨਾ ਤੇ ਹੀ ਨਿਰਭਰ ਰਹਿ ਗਿਆ ਹੈ। ਫਿਰ ਵੀ, ਇਸ ਗਲੋਂ ਸਿਰ ਨਹੀਂ ਫੇਰਿਆ ਜਾ ਸਕਦਾ ਕਿ ਪੰਥਕ ਪਰਚੇ ਦੇ ਸੰਪਾਦਕ ਹੋਣ ਦੇ ਨਾਤੇ ਉਭਰਦੇ ਸਾਹਿਤਕਾਰਾਂ ਦੀਆਂ ਰਚਨਾਵਾਂ ਸੋਧਣ ਦੀ ਸਿਰਦਰਦੀ ਲੈਕੇ ਉਨ੍ਹਾਂ ਦੀ ਸਤਿਜੁਗ ਦੇ ਮਾਧਿਅਮ ਰਾਹੀਂ ਆਮ ਪਾਠਕਾਂ ਨਾਲ ਜਾਣ ਸਿਆਣ ਕਰਵਾਉਣ ਦਾ ਸਿਹਰਾ ਉਨ੍ਹਾਂ ਸਿਰ ਹੀ ਬਝਦਾ ਹੈ ਭਾਵੇਂ ਕਵੀ ਦਰਬਾਰਾਂ ਦੇ ਮੌਕੇ, ਤੇ ਉਨ੍ਹਾਂ ਤੋਂ ਬਿਨਾਂ ਵੀ, ਇਨ੍ਹਾਂ ਕਵੀਆਂ ਨੂੰ ਲੁੜੀਂਦੀ ਕਾਵਿ ਜਾਣਕਾਰੀ ਦੇ ਕੇ ਕਵਿਤਾਵਾਂ ਦੀ ਉਸਤਾਦਾਂ ਵਾਂਗ ਸੁਧਾਈ ਕਰਵਾਉਂਦਿਆਂ ਤਰਨ ਸਿੰਘ 'ਵਹਿਮੀ' ਹੋਰਾਂ ਨੂੰ ਵੀ ਆਮ ਦੇਖਿਆ ਜਾ ਸਕਦਾ ਸੀ। ਇਹ ਸਾਰੇ ਹੁਣ ਨਾਮਧਾਰੀਆਂ ਵਿਚ ਮੁਹਰੈਲ ਸਥਾਨ ਪ੍ਰਾਪਤ ਸਾਹਿਤਕਾਰ ਜਾਂ ਕਵੀ ਸਮਝੇ ਜਾਂਦੇ ਹਨ। ਇਨ੍ਹਾਂ ਸਤਰਾਂ ਦੇ ਲੇਖਕ ਨੂੰ ਲਿਖਣ ਕਾਰਜ ਵਿਚ ਮੁਢਲਾ ਉਤਸ਼ਾਹ ਭਾਵੇਂ ਹੋਰਨਾਂ ਪ੍ਰਕਾਸ਼ਨਾਵਾਂ ਤੋਂ ਮਿਲਿਆ ਪਰ ਨਾਮਧਾਰੀ ਖੇਤਰ ਵਿਚ, ਸਤਿਜੁਗ ਦੇ ਪਾਠਕਾਂ ਨਾਲ ਨੇੜਤਾ ਪੈਦਾ ਕਰਨ ਦਾ ਸਿਹਰਾ ਨਿਸਚੇ ਹੀ 'ਕਵੀ' ਹੋਰਾਂ ਸਿਰ ਬੱਝਦਾ ਹੈ ਤੇ ਇਸ ਦੇ ਸਾਹਿਤਕ ਵਿਕਾਸ ਵਿਚ ਇਹ ਇਕ ਵਡਾ ਪੜਾਉ ਸੀ ਜਿਹੜਾ ਨਾਮਧਾਰੀ ਸਹਿਤ ਨੂੰ ਵਿਸ਼ਵ ਵਿਦਿਆਲਿਆਂ ਦੀ ਪੱਧਰ ਤਕ ਪੁਚਾਉਣ ਵਿਚ ਬਹੁਤ ਸਹਾਈ ਸਿੱਧ ਹੋਇਆ।

ਪ੍ਰੀਤਮ ਸਿੰਘ 'ਕਵੀ' ਨੂੰ ਨੌਜੁਆਨ ਪੀੜ੍ਹੀ ਨਾਲ ਖਾਸ ਮੋਹ ਸੀ ਤੇ ਉਹ ਅਕਸਰ ਇਸ ਦੇ ਵਿਕਾਸ ਲਈ ਜਤਨਸ਼ੀਲ ਰਹਿੰਦੇ ਸਨ। ਨਾਮਧਾਰੀ ਵਿਦਿਅਕ ਸੰਮੇਲਨਾਂ ਦੇ ਮੌਕਿਆਂ ਤੇ ਜੁੜਨ ਵਾਲੇ ਬੱਚਿਆਂ-ਵਿਦਿਆਰਥੀਆਂ ਦੀਆਂ ਸਮਸਿਆਵਾਂ ਵਿਚਾਰਨ, ਉਨ੍ਹਾਂ ਨੂੰ ਯੋਗ ਸੇਧ ਲਈ ਸੁਝਾਉ ਤੇ ਸਿਖਿਆ ਦੇਣ ਵਿਚ ਉਹ ਉਚੇਰੀ ਦਿਲਚਸਪੀ ਲੈਂਦੇ ਸਨ। ਕਈ ਵਾਰੀਂ ਸਤਿਗੁਰੂ ਜੀ ਨਾਲ ਉਨ੍ਹਾਂ ਦੇ ਮਸਲਿਆਂ ਸਬੰਧੀ ਵਿਚੋਲਗਿਰੀ ਵੀ ਕਰ ਲੈਂਦੇ ਸਨ ਤੇ ਕਈ ਸਮਾਗਮਾਂ ਦੌਰਾਨ ਦੇਰ ਰਾਤ ਤਕ ਵੀ ਵਿਚਾਰ ਵਟਾਂਦਰਿਆਂ ਵਿਚ ਭਾਗ ਲੈਂਦੇ ਰਹੇ।

ਗੁਣ ਔਗੁਣ ਸਾਰਿਆਂ ਵਿਚ ਹੁੰਦੇ ਹਨ ਤੇ ਜਿਸ ਵਿਚ ਇਹ ਦੋਵੇਂ ਨਹੀਂ ਹੁੰਦੇ ਉਹ ਪੂਰਨ ਹੁੰਦਾ ਹੈ। ਸਾਡੇ ਸਮਾਜ ਵਿਚ ਪੂਰਨ ਹੋਣ ਦਾ ਗੁਣ ਸਿਰਫ ਪਰਮਾਤਮਾ ਲਈ ਰਾਖਵਾਂ ਰਖਿਆ ਗਿਆ ਹੈ। ਮਨੁਖ ਨੂੰ ਗਲਤੀ ਦਾ ਪੁਤਲਾ ਸਮਝਿਆ ਜਾਂਦਾ ਹੈ। 'ਕਵੀ' ਹੋਰਾਂ ਤੋਂ ਵੀ ਜੀਵਨ ਵਿਚ ਕਈ ਗਲਤੀਆਂ ਹੋਈਆਂ ਹੋਣਗੀਆਂ। ਸਤਿਜੁਗ ਕੀ ਕਾਫੀ ਲੰਬੀ ਸੇਵਾ ਕਰਨ ਪਿਛੋਂ ਸੇਵਾ-ਮੁਕਤੀ ਪਿਛੇ ਕੋਈ ਅਜਿਹਾ ਅਣਜਾਣਿਆ ਕਾਰਨ ਹੀ ਹੋਵੇਗਾ। ਅਵਾਮੀ ਪ੍ਰੈਸ ਦੀ ਪ੍ਰਬੰਧਕੀ ਜ਼ਿਮੇਵਾਰੀ ਦੌਰਾਨ, ਪਤਾ ਨਹੀਂ ਸਹਿਬਨ ਜਾਂ ਅਸਹਿਬਨ ਹੋਈ ਗਲਤੀ ਕਾਰਨ ਇਕ ਗਰੀਬ ਸਾਹਿਤਕਾਰ ਨੂੰ ਸਰਕਾਰੀ ਕਰੋਪੀ ਦਾ ਸ਼ਿਕਾਰ ਬਣਨਾ ਪਿਆ ਸੀ, ਸਾਹਿਤਕਾਰ ਵੀ ਉਹ ਸੀ ਜਿਸ ਦੇ 'ਕਵੀ' ਜੀ ਨਾਲ ਸਬੰਧ ਵੀ ਚੰਗੇ ਸਨ।

'ਕਵੀ' ਜੀ ਦਾ ਆਪਣਾ ਅੱਧਿਐਨ ਨਿਰੋਲ ਧਾਰਮਕ ਗ੍ਰੰਥਾਂ ਤਕ ਹੀ ਸੀਮਿਤ ਨਹੀਂ ਸੀ ਸਗੋਂ ਉਨ੍ਹਾਂ ਨੇ ਜਿਹੜੀ ਵੀ ਚੰਗੀ ਪੁਸਤਕ ਹੱਥ ਲਗੀ ਉਹਨੂੰ ਪੜ੍ਹਨ ਵਿਚ ਕਦੇ ਆਲਸ ਨਹੀਂ ਸੀ ਕੀਤਾ। ਅਮਰੀਕਨ ਲੇਖਕ ਕਾਰਨੇਗੀ ਦੀਆਂ ਪੁਸਤਕਾਂ ਦੇ ਉਹ ਕਾਫੀ ਪ੍ਰਸ਼ੰਸਕ ਸਨ। ਇਸ ਲੇਖਕ ਵਲੋਂ ਸੁਝਾਈ ਗਈ ਤਕਨੀਕ ਉਹ ਆਪਣੇ ਜੀਵਨ ਵਿਚ ਅਕਸਰ ਪ੍ਰਯੋਗ ਕਰਦੇ ਰਹੇ। ਆਮ ਮਸਲਿਆਂ ਤਕ ਉਨ੍ਹਾਂ ਦੀ ਉਸਾਰੂ ਪਹੁੰਚ ਤੇ ਵਿਹਾਰਕ ਆਲੋਚਨਾ ਪਿਛੇ ਸ਼ਾਇਦ ਮੁਖ ਕਾਰਨ ਡੇਲ ਕਾਰਨੇਗੀ ਹੀ ਹੋਵੇ।

ਨਾਮਧਾਰੀ ਸਾਹਿਤ ਦੇ ਇਤਿਹਾਸ ਵਿਚ ਉਨ੍ਹਾਂ ਦਾ ਆਪਣਾ ਸਥਾਨ ਹੈ ਤੇ ਇਸ ਕਰਕੇ ਉਹ ਸਦਾ ਯਾਦ ਕੀਤੇ ਜਾਂਦੇ ਰਹਿਣਗੇ।

☆☆☆



Sri Satguru Jagjit Singh Ji eLibrary NamdhariElibrary@gmail.com

# "ਮੰਮੀ.....ਬੱਤੀ ਆ ਗਈ"

—ਬਲਦੇਵ ਮਾਧੋਪੁਰੀ

ਮਾਸਿਕ "ਵਰਿਆਮ" ਦੇ ਅਗਸਤ ਅੰਕ ਦੇ ਟਾਈਟਲ ਉਪਰ ਸੁਖਵੰਤ ਚਿੱਤਰਕਾਰ ਨੇ ਢੁਕਵੇਂ ਸਮੇਂ ਮੁਤਾਬਿਕ ਕਿੰਨੀ ਸੋਹਣੀ ਚਿੱਤਰਕਾਰੀ ਕੀਤੀ ਹੈ ਤੇ ਕਿੰਨੀਆਂ ਸੋਹਣੀਆਂ ਲਾਈਨਾਂ ਲਿਖੀਆਂ ਹਨ :-

"ਕਿਉਂ ਨਹੀਂ ਵਰ੍ਹੀਆਂ ਕਾਲ ਘਟਾਵਾਂ, ਓ ਰੱਬਾ!
ਧਰਤ ਪਿਆਸੀ, ਝੁਲਸਣ ਛਾਵਾਂ, ਓ ਰੱਬਾ!
ਖਾਲੀ ਗਾਗਰ ਚੁੱਕੀ ਖੱਜਲ ਹੁੰਦੀਆਂ ਨੇ
ਵਿਲਕਦਿਆਂ ਬੱਚਿਆਂ ਦੀਆਂ ਮਾਵਾਂ, ਓ ਰੱਬਾ!"

ਵਾਕਿਆਈ ਇਸ ਵਾਰ ਏਧਰ ਬਰਸਾਤਾਂ ਨਹੀਂ ਹੋਈਆਂ, ਐਵੇਂ ਥੋੜ੍ਹਾ-ਥੋੜ੍ਹਾ ਹੀ ਮੀਂਹ ਪਿਆ ਹੈ ਏਧਰ-ਓਧਰ। ਮੀਂਹ ਕਾਹਦਾ ਪੈਂਦਾ ਸਗੋਂ ਹੋਰ ਲੂੰਹਣ ਲਾ ਜਾਂਦਾ ਹੈ। ਵੈਸੇ ਤਾਂ ਹਰ ਰੁੱਤ ਨੇ ਆਪਣੇ ਜੋਬਨ ਤੇ ਆ ਕੇ ਆਪਣੇ ਜੌਹਰ ਦਿਖਾਣੇ ਹੁੰਦੇ ਹਨ, ਪਰ ਬਰਸਾਤਾਂ ਨੂੰ ਇੰਜ ਹਾਰ ਖਾਣੀ ਪੈ ਗਈ ਜਿਵੇਂ ਸਮੁੰਦਰ ਨੇ ਉਸ ਨੂੰ ਪਾਣੀ ਹੀ ਨਾ ਦਿੱਤਾ ਹੋਵੇ। ਇਸ ਗੱਲ ਦਾ ਫਾਇਦਾ ਗਰਮੀਆਂ ਦੀ ਰੁੱਤ ਨੇ ਖੂਬ ਉਠਾਇਆ ਹੈ। ਜਿਉਂ ਚੇਤਰ ਮਹੀਨੇ ਤੋਂ ਗਰਮੀ ਸ਼ੁਰੂ ਹੋਈ ਹੈ ਭਾਦਰੋਂ ਆ ਗਿਆ ਹੈ, ਗਰਮੀ ਨੇ ਆਪਣਾ ਪੂਰਾ ਰੰਗ ਦਿਖਾ ਦਿੱਤਾ ਹੈ। ਨਾ ਰਾਤ ਨੂੰ ਸੌਂ ਹੁੰਦਾ ਹੈ, ਨਾ ਦਿਨੇ ਚੈਨ ਮਿਲਦੀ ਹੈ। ਤੜਫ ਜਿਹੀ ਲੱਗੀ ਰਹਿੰਦੀ ਹੈ। ਜੀ ਕਰਦਾ ਸਾਰੇ ਕੱਪੜੇ ਲਾਹ ਕੇ ਕਿਤੇ ਠੰਡੇ ਪਾਣੀ ਵਿਚ ਬੈਠੇ ਰਹੀਏ। ਪਰ ਪਾਣੀ ਵੀ ਕਿਥੋਂ ਲਿਆਈਏ ? ਜਦ ਧਰਤੀ ਥੱਲੇ ਪਾਣੀ ਹੋਵੇਗਾ ਤਦ ਹੀ ਉੱਪਰ ਆਵੇਗਾ। ਪਿੰਡਾਂ ਵਿਚ ਤਾਂ ਪਾਣੀ ਦੀ ਇਥੋਂ ਤੱਕ ਕਿੱਲਤ ਹੋ ਗਈ ਹੈ ਕਿ ਪੁੱਛੋ ਹੀ ਨਾ। ਸ਼ਹਿਰਾਂ ਵਾਂਗ ਪਿੰਡਾਂ ਵਿਚ ਵੀ ਪਾਣੀ ਟਾਇਮ ਨਾਲ ਹੀ ਆਉਂਦਾ ਹੈ। ਜੇ ਸਵੇਰੇ ਮੋਟਰਾਂ ਲਈ ਪਾਵਰ ਬਿਜਲੀ ਆ ਗਈ ਤਾਂ ਸਮਝੋ ਪਿੰਡਾਂ ਦੇ ਨਲਕੇ ਬੰਦ, ਤੇ ਜੇ ਰਾਤ ਦੀ ਪਾਵਰ ਹੋ ਗਈ ਤਾਂ ਸ਼ਾਮ ਤੋਂ ਹੀ ਪਾਣੀ ਦੇ ਤਬਲੇ ਮੂਧੇ। ਭਲੇ ਦਿਨਾਂ ਦੇ ਭੁਲੇਖੇ ਜੇ ਕਿਤੇ ਨਲਕੇ ਦੇ ਹੈਂਡਲ ਨੂੰ ਗੇੜ ਦੇਈਏ ਤਾਂ ਵਾਪਸੀ ਵਿਚ ਹੁਝਕੇ ਨਾਲ ਉੱਪਰ ਨੂੰ ਆ ਕੇ ਬੁਥਾੜਾ ਭੰਨ ਦਿੰਦਾ। ਏਸੇ ਤਰ੍ਹਾਂ ਦਾ ਹੀ ਹਾਲ ਬਿਜਲੀ ਦਾ ਹੋ ਗਿਆ ਹੈ। ਉਹ ਵੀ ਲੁਕਣ-ਮੀਟੀ ਖੇਡਦੀ ਰਹਿੰਦੀ ਹੈ। ਜਦੋਂ ਜੀ ਕਰਦਾ ਚਲੀ ਜਾਂਦੀ ਹੈ ਤੇ ਜਦੋਂ ਜੀ ਕਰਦਾ ਆ ਜਾਂਦੀ ਹੈ। ਕਿਸੇ ਟਾਈਮ ਤਾਂ ਸਾਰਾ ਦਿਨ ਆਉਂਦੀ ਹੀ ਨਹੀਂ ਤੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਅਸੀਂ ਮੁੜ ਕੇ ਪੁਰਾਣੇ ਜ਼ਮਾਨੇ ਵਿਚ ਚਲੇ ਗਏ ਹੋਈਏ। ਕਿਉਂਕਿ ਕੋਈ ਵੀ ਯੰਤਰ ਬਿਜਲੀ ਤੋਂ ਬਗੈਰ ਚੱਲਣਾ ਹੀ ਨਹੀਂ। ਸਭੇ ਇਵੇਂ ਲੱਗਦੇ ਹਨ ਜਿਵੇਂ ਕਬਾੜਖਾਨਾ ਪਿਆ ਹੋਵੇ (ਪੁਰਾਣੇ ਜ਼ਮਾਨੇ ਦੇ ਲੋਕ ਫੇਰ ਵੀ ਚੰਗੇ ਸਨ, ਜਿਹੜੇ ਹੌਸਲੇ ਨਾਲ ਸਭ ਕੁਝ ਬਰਦਾਸ਼ਤ ਕਰ ਜਾਂਦੇ ਸਨ। ਨਾ ਉਹਨਾਂ ਨੂੰ ਗਰਮੀ ਲੱਗਦੀ ਸੀ ਤੇ ਨਾ ਉਨ੍ਹਾਂ ਤੇ ਸਰਦੀ ਦਾ ਅਸਰ ਹੁੰਦਾ ਸੀ। ਹੁੰਦਾ ਵੀ ਕਿਵੇਂ ਬਿਜਲੀ ਦਾ ਤਾਂ ਚਿੱਤ-ਚੇਤਾ ਵੀ ਨਹੀਂ ਸੀ ਉਨ੍ਹਾਂ ਨੂੰ। ਗਰਮੀਆਂ ਹੋਣੀਆਂ ਤਾਂ ਦਰੱਖਤਾਂ ਦੀ ਛਾਂ ਥੱਲੇ ਬਹਿ ਜਾਣਾ। ਤੇ ਸਰਦੀਆਂ ਹੋਣੀਆਂ ਤਾਂ ਖੁਲ੍ਹੇ ਵਿਹੜੇ ਵਿਚ ਕੰਧ ਨਾਲ ਢਾਸਣਾ ਲਾ ਕੇ ਧੁੱਪ ਸੇਕਦੇ ਰਹਿਣਾ। ਤੇ ਖੁਰਾਕ ਵੀ ਉਹਨਾਂ ਦੀ ਸਾਦ-ਮੁਰਾਦੀ ਤੇ ਤਾਕਤਵਰ। ਅੱਜ ਵਾਂਗ ਨਹੀਂ ਸੀ ਪਟੌਟੇ ਕਰਦੇ ਹੁੰਦੇ। ਹੁਣ ਤਾਂ ਬੰਦੇ ਨੂੰ ਇਵੇਂ ਹੈ ਜਿਵੇਂ ਬਿਜਲੀ ਦਾ ਨਸ਼ਾ ਜਿਹਾ ਲੱਗ ਗਿਆ ਹੋਵੇ। ਜਿੰਨਾ ਚਿਰ ਬਿਜਲੀ ਨਾ ਆਵੇ ਔਖੇ-ਆਈ ਜਿਹੀ ਲੱਗੀ ਰਹਿੰਦੀ ਹੈ। ਜਦੋਂ ਬਿਜਲੀ ਆ ਜਾਵੇ ਤਾਂ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਮਰ ਰਹੇ ਬੰਦੇ ਨੂੰ ਇਕ ਵਾਰ ਫੇਰ ਨਵੀਂ ਜ਼ਿੰਦਗੀ ਮਿਲ ਗਈ ਹੋਵੇ।

ਇਹੋ ਜਿਹੇ ਹਾਲਤਾਂ ਨੂੰ ਦੇਖਦਿਆਂ ਮੈਨੂੰ ਇਕ ਵਾਕਿਆ ਯਾਦ ਆ ਗਿਆ। ਹਾੜ੍ਹ ਮਹੀਨਾ, ਐਤਵਾਰ ਦਾ ਦਿਨ, ਗਰਮੀ ਵੀ ਜ਼ੋਰਾਂ ਦੀ, ਬਿਜਲੀ ਬੰਦ। ਮੈਂ ਉਸ ਦਿਨ ਘਰ ਹੀ ਸੀ, ਪੱਖੀ ਲੈ ਕੇ ਬਰਾਂਡੇ ਵਿਚ ਬੈਠਾ ਆਪਣੇ ਆਪ ਨੂੰ ਝੱਲ ਮਾਰ ਰਿਹਾ ਸੀ। ਟਾਈਮ ਕੋਈ ਸਵਾ ਕੁ ਇਕ ਵਜੇ ਦਾ। ਗਲੀ ਦੀਆਂ ਔਰਤਾਂ ਗਰਮੀ ਨਾਲ ਮੁੜ੍ਹਕੋ-ਮੁੜ੍ਹਕੀ ਹੋਈਆਂ ਰਸੋਈ ਤੋਂ ਵਿਹਲੀਆਂ ਹੋ ਕੇ ਹੌਲੀ-ਹੌਲੀ ਇਕੱਠੀਆਂ ਹੋ ਗਲੀ ਵਿਚ ਹਵਾ ਲੈਣ ਨੂੰ ਬਹਿ ਗਈਆਂ। ਇੱਕ ਦੋ ਦੇ ਹੱਥ ਵਿਚ ਪੱਖੀਆਂ ਵੀ ਫੜੀਆਂ ਹੋਈਆਂ ਸਨ। ਜਦ ਤੱਕ ਬਿਜਲੀ ਨਹੀਂ ਆਉਂਦੀ, ਆਪਣਾ ਟਾਈਮ ਪਾਸ ਕਰਨ ਲਈ ਤੇ ਗਰਮੀ ਨੂੰ ਭੁਲਾਉਣ ਲਈ ਗੱਲਬਾਤ ਕਰਨ ਲੱਗ ਪਈਆਂ—

ਇਕ ਵਡੇਰੀ ਉਮਰ ਦੀ ਔਰਤ ਨੇ ਗੱਲ ਤੋਰੀ—"ਸਿਆਣੇ ਕਹਿੰਦੇ ਹੁੰਦੇ ਸੀ ਕਿ ਹਾੜ੍ਹ ਦੀ ਸੰਗਰਾਂਦ ਨੂੰ ਬਰਸਾਤ ਦਾ ਪਹਿਲਾ ਮੀਂਹ ਪੈ ਜਾਂਦਾ ਸੀ, ਤੇ ਫੇਰ ਥੋੜ੍ਹੇ ਦਿਨਾਂ ਬਾਅਦ ਬਰਸਾਤਾਂ ਪੈਣ ਲੱਗ ਪੈਂਦੀਆਂ ਸਨ। ਹੁਣ ਤਾਂ ਪਤਾ ਨਹੀਂ ਕਿਸੇ ਵੀ ਰੁੱਤ ਦਾ ਕੋਈ ਟਾਈਮ ਨਹੀਂ ਰਹਿ ਗਿਆ। ਹਰ ਰੁੱਤ ਹੀ ਅਗੇਤ-ਪਛੇਤ ਨਾਲ ਆਉਣ ਲੱਗ ਪਈ ਆ।"

"ਭੈਣ, ਅਗੇਤ-ਪਛੇਤ ਕਿੱਦਾਂ ਨਾ ਹੋਵੇ....ਬੰਦਾ ਵੀ ਤਾਂ ਕੁਦਰਤ ਨੂੰ ਆਪਣੇ ਵੱਸ ਕਰਨਾ ਚਾਹੁੰਦਾ। ਦੇਖੋਂ ਨਾ ਕਿੱਦਾਂ ਕਿੱਦਾਂ ਦੀਆਂ ਚੀਜ਼ਾਂ ਬਣਾ ਦਿੱਤੀਆਂ ਆਂ ਬੰਦੇ ਨੇ। ਨਾਲੇ ਲੋਕ ਵੀ ਤਾਂ ਹੁਣ ਉਦਾਂ ਦੇ ਹੀ ਹੋ ਗਏ ਆ.....ਨਾਸਤਕ



Sri Satguru Jagjit Singh Ji eLibrary NamdhariElibrary@gmail.com

ਜਿਹੇ। ਨਹੀਂ ਤਾਂ ਅੱਗੇ ਲੋਕ ਇਕੱਠੇ ਹੋ ਕੇ ਕਈ ਤਰ੍ਹਾਂ ਦੇ ਪਾਠ-ਪੂਜਾ ਕਰਦੇ ਤੇ ਜੱਗ ਕਰਕੇ ਰੱਬ ਨੂੰ ਤੇ ਗੁਰਾਂ ਪੀਰਾਂ ਨੂੰ ਧਿਆਉਂਦੇ ਹੁੰਦੇ ਸੀ।" ਦੂਜੀ ਔਰਤ ਨੇ ਕਿਹਾ।

ਤੀਜੀ ਕਹਿਣ ਲੱਗੀ—"ਐਤਕੀਂ ਤਾਂ ਗਰਮੀ ਨੇ ਹੱਦ ਈ ਲਾ ਦਿੱਤੀ....ਖਬਰੇ ਮਰੀਕਾ ਵਾਲਿਆਂ ਨੇ ਜਿਹੜੇ ਫਗਾਨਿਸਤਾਨ ਵਿਚ ਬੰਬ ਚਲਾਏ ਅਤੇ ਜਹਾਜਾਂ ਨਾਲ ਅੱਗਾਂ ਲੱਗੀਆਂ, ਉਨ੍ਹਾਂ ਨਾਲ ਈ ਗਰਮੀ ਵਧ ਗਈ। ਸਾਰੀ ਦੁਨੀਆਂ 'ਚ ਅੱਗ ਲੱਗੀ ਪਈ ਆ। ਰੱਬ ਤਾਂ ਕਿਸੇ ਨੂੰ ਯਾਦ ਈ ਨਈਂ, ਬੰਦਾ ਈ ਬੰਦੇ ਨੂੰ ਮਾਰੀ ਜਾਂਦਾ। ਏਦਾਂ ਇਕ ਦਿਨ ਦੁਨੀਆਂ ਸਾਰੀ ਖਤਮ ਹੋ ਜਾਣੀ ਆਂ।"

ਪੱਖੀ ਝੱਲਦੀ ਨਾਲ ਬੈਠੀ ਇਕ ਹੋਰ ਨੇ ਗੱਲ ਦਾ ਰੁਖ ਬਦਲਿਆ—"ਐਤਕੀਂ ਤਾਂ ਘਰਾਂ ਦੇ ਨਲਕਿਆਂ ਦਾ ਪਾਣੀ ਵੀ ਮੁੱਕ ਗਿਆ। ਨੌਣ੍ਹ-ਧੋਣ ਦਾ ਵੇਲਾ ਹੁੰਦਾ ਐ ਤਾਂ ਨਲਕਾ ਜਵਾਬ ਦੇ ਦਿੰਦਾ। ਪਾਣੀ ਵੀ ਕੀ ਕਰੇ....ਸਾਰਾ ਤਾਂ ਮੋਟਰਾਂ ਧੂਹ ਧੂਹ ਕੇ ਝੋਨੇ ਦੇ ਖੇਤਾਂ ਵਿੱਚ ਸੁਟ ਦਿੰਨੀਆਂ। ਬਥੇਰਾ ਸਰਕਾਰ ਨੇ ਕਿਹਾ ਸੀ ਕਿ ਝੋਨਾ ਘੱਟ ਲਾਇਓ, ਪਰ ਮੰਨੀ ਕਿਸੇ ਨੇ। ਫਸਲ 'ਚ ਬਚੇ ਭਾਵੇਂ ਨਾ ਬਚੇ ਝੋਨਾ ਜ਼ਰੂਰ ਲਾਉਣਾ। ਕਲ੍ਹ ਸਵੇਰੇ ਉਠ ਕੇ ਮੈਂ ਮੂੰਹ ਧੋਣ ਲਈ ਨਲਕਾ ਗੇੜਨ ਲਈ ਜਿਉਂ ਈ ਹੈਂਡਲ ਨੱਪਿਆ, ਹੁਝਕਾ ਖਾ ਕੇ ਮੇਰੇ ਮੱਥੇ ਤੇ ਲੱਗਾ। ਐਹ ਦੇਖ ਬਚਾਅ ਹੋ ਗਿਆ, ਜੇ ਕਿਤੇ ਲੱਗ ਜਾਂਦਾ ਤਾਂ ਮੱਥਾ ਪਾੜ ਦੇਣਾ ਸੀ। ਹਾਰ ਕੇ ਮੈਂ ਤਾਂ ਰਾਤ ਨੂੰ ਈ ਦੋ ਬਾਲਟੀਆਂ ਭਰ ਕੇ ਰੱਖ ਲੈਨੀ ਆਂ, ਖਸਮ ਨੂੰ ਖਾਏ ਮੈਂ ਮੂੰਹ ਨੀ ਭੰਨਾਉਣਾ।"

ਪਹਿਲੀ ਨੇ ਕਿਹਾ—"ਏਦੂੰ ਨਾਲੋਂ ਪੁਰਾਣਾ ਜ਼ਮਾਨਾ ਨਹੀਂ ਸੀ ਚੰਗਾ.... 'ਰਾਮ ਨਾਲ ਜਦੋਂ ਮਰਜੀ ਲੱਜ ਡੋਲ ਚੁੱਕੀਦਾ ਸੀ ਤੇ ਖੂਹੀ 'ਚੋਂ ਠੰਡਾ ਠਾਰ ਤੇ ਅੰਮ੍ਰਿਤ ਵਰਗਾ ਪਾਣੀ ਕੱਢ ਲਿਆਈਦਾ ਸੀ। ਸੁਖ ਜਾਨ ਪੈ ਗਈ ਅੱਜ ਦੀਆਂ ਤੀਵੀਆਂ ਨੂੰ। ਘਰੀਂ ਨਲਕਿਆਂ ਤੇ ਮੋਟਰਾਂ ਲੁਆ ਲਈਆਂ। ਚੂਲੀ ਪਾਣੀ ਚਾਹੀਦਾ ਹੁੰਦਾ ਆ, ਬਾਲਟੀਆਂ ਦੀਆਂ ਬਾਲਟੀਆਂ ਰੁੜ ਜਾਨੀਆਂ। ਬਟਨ ਦਬਾਕੇ ਪਤਾ ਨਹੀਂ ਕਿਥੇ ਚਲੀਆਂ ਜਾਂਦੀਆਂ।"

ਲਾਗੇ ਬੈਠੀ ਇਕ ਹੋਰ ਔਰਤ ਨੇ ਬਿਜਲੀ ਦੀ ਗੱਲ ਛੇੜ ਕੇ ਰੁੱਖ ਬਿਜਲੀ ਵਾਲਿਆਂ ਵੱਲ ਨੂੰ ਕਰ ਦਿੱਤਾ। ਕਹਿਣ ਲੱਗੀ—"ਇਹ ਬਿਜਲੀ ਵਾਲਿਆਂ ਦਾ ਵੀ ਰੱਬ ਈ ਰਾਖਾ ਆ। ਜਦੋਂ ਜੀ ਕਰਦਾ ਛੱਡ ਦਿੰਦੇ ਆ ਤੇ ਜਦੋਂ ਜੀ ਕਰਦਾ ਬੰਦ ਕਰ ਦਿੰਦੇ ਆ। ਸਾਡਾ ਮੁੰਡਾ ਦੱਸਦਾ ਪਈ ਲਾਗਲੇ ਪਿੰਡ ਐਵੇਂ ਥੋੜ੍ਹਾ ਚਿਰ ਈ ਬਿਜਲੀ ਜਾਂਦੀ ਆ...ਉਨ੍ਹਾਂ ਨੇ ਪਤਾ ਨਹੀਂ ਕੀ ਦਿੱਤਾ ਹੋਇਆ ਏਨ੍ਹਾਂ ਨੂੰ। ਸਾਡੇ ਪਿੰਡ ਤਾਂ ਅੱਗ ਲੱਗਣੀ ਅੱਖ ਮੱਟਕੇ ਮਾਰਦੀ ਰਹਿੰਦੀ ਆ। ਜਦੋਂ ਵੇਲਾ ਹੁੰਦਾ ਆ ਬਨਾਉਣ ਖਾਣ ਦਾ ਤੇ ਜਦੋਂ ਰਾਤ ਨੂੰ ਕੰਮ ਮੁਕਾ ਕੇ ਢੂਈ ਲਾਉਣੀ ਹੁੰਦੀ ਆ ਸੌਣ ਵਾਸਤੇ, ਬਿਜਲੀ ਚਲੀ ਜਾਂਦੀ ਆ। ਦੂਜਾ ਮੱਛਰਾਂ ਨੇ ਬੜਾ ਤੰਗ ਕੀਤਾ। ਮੋਟਾ ਮੋਟਾ ਆ ਮੱਖੀਆਂ ਵਰਗਾ। ਜਿਦਾਂ ਟੀਕਾ ਲੱਗਦਾ, ਇਵੇਂ ਡੰਗ ਮਾਰਦਾ। ਗਰਮੀਆਂ ਤਾਂ ਰੋ ਪਿੱਟ ਕੇ ਲੰਘਾਉਣੀਆਂ।"

"ਚਾਚੀ ਬਿਜਲੀ ਵਾਲੇ ਕੀ ਕਰਨ ਪਿੱਛਿਉਂ ਬਿਜਲੀ ਆਊ ਤੇ ਫੇਰ ਈ ਉਹ ਦੇਣਗੇ। ਨਾਲੇ ਡੈਮਾਂ ਵਿਚ ਤਾਂ ਪਾਣੀ ਘਟਿਆ ਹੋਇਆ। ਪਾਣੀ ਨਾਲ ਈ ਬਿਜਲੀ ਪੈਦਾ ਕਰਨ ਵਾਲੇ ਪਲਾਂਟ ਚੱਲਣੇ ਆਂ। ਨਾਲੇ ਤੈਨੂੰ ਪਤਾ ਬਿਜਲੀ ਬਣਦੀ ਘੱਟ ਆ ਤੇ ਵਰਤ ਜ਼ਿਆਦਾ ਹੁੰਦੀ ਆ। ਰਹਿੰਦੀ ਕਸਰ ਬਿਜਲੀ ਚੋਰੀ ਕਰਨ ਵਾਲੇ ਪੂਰੀ ਕਰ ਦਿੰਦੇ ਆ। ਕਰਦੇ ਕੋਈ ਨੇ ਤੇ ਖਮਿਆਜਾ ਸਭ ਨੂੰ ਭੁਗਤਣਾ ਪੈਂਦਾ ਆ। ਤਾਹੀਂ ਤਾਂ ਬਿੱਲਾਂ ਦਾ ਖਰਚਾ ਦੂਜੇ ਚੌਥੇ ਮਹੀਨੇ ਵਧਾ ਦਿੰਦਾ ਐ ਮਹਿਕਮਾ।" ਚੌਵੀ ਕੁ ਸਾਲ ਦੀ ਸੱਜ ਵਿਆਹੀ ਨੂੰਹ ਨੇ ਸਭ ਨੂੰ ਕਸੂਰਵਾਰ ਦੱਸਦੇ ਹੋਏ ਕਿਹਾ।

"...ਨੀ ਸਿੰਮੀਏ, ਹੈਥੋਂ ਪੱਖੀ ਤਾਂ ਲਿਆਈਂ....ਹਵਾ ਜਿਹੜੀ ਮਾੜੀ ਮੋਟੀ ਵਗਦੀ ਸੀ, ਉਹ ਵੀ ਬੰਦ ਹੋ ਗਈ ਆ।" ਦੂਜੀ ਨੇ ਆਪਣੀ ਕੁੜੀ ਨੂੰ ਵਾਜ਼ ਮਾਰਦਿਆਂ ਕਿਹਾ। ਬਿਜਲੀ ਦੇ ਪੱਖੇ ਬੰਦ ਹੋਏ ਤਾਂ ਇਹਨਾਂ ਪੱਖੀਆਂ ਦੀ ਵੀ ਕਦਰ ਹੋ ਗਈ...ਨਹੀਂ ਤਾਂ ਵਿਚਾਰੀਆਂ ਜਦੋਂ ਦੀਆਂ ਦਾਜ 'ਚ ਆਈਆਂ ਨੇ ਪੇਟੀਆਂ 'ਚ ਬੰਦ ਈ ਪਈਆਂ ਸੀ। ਕੋਈ ਕੱਢਦਾ ਈ ਨਹੀਂ ਸੀ ਇਹਨਾਂ, ਨੂੰ ਪੱਖੀਆਂ ਦੀ ਵੀ ਸੁਣੀ ਗਈ।"

ਪਹਿਲੀ ਔਰਤ ਆਪਣੇ ਪੁਰਾਣੇ ਸਮੇਂ ਨੂੰ ਯਾਦ ਕਰਦਿਆਂ ਕਹਿਣ ਲੱਗੀ—"ਨੀ ਅੱਗੇ ਤਾਂ ਗਾਣੇ ਵੀ ਬਣੇ ਹੋਏ ਸੀ ਪੱਖੀਆਂ ਉੱਤੇ। ਹੁਣ ਵੀ ਕਦੀ-ਕਦੀ ਰੇਡੂਏ ਉੱਤੇ ਮੈਂ ਗਾਣਾ ਸੁਣਿਆ। ਲੈ ਦੇ ਮੈਨੂੰ ਮਖਮਲ ਦੀ ਪੱਖੀ ਘੁੰਗਰੂਆਂ ਵਾਲੀ। ਖਬਰੇ ਸੁਰਿੰਦਰ ਕੌਰ ਨੇ ਗਾਇਆ ਖਬਰੇ ਪ੍ਰਕਾਸ਼ ਕੌਰ ਨੇ। ਬਿਜਲੀ ਨੂੰ ਨਈਂ ਸੀ ਉਡੀਕਣਾ ਪੈਂਦਾ....ਆਇਆਂ ਪ੍ਰਾਹੁਣਿਆਂ ਨੂੰ ਹੱਥ ਨਾਲ ਕੱਢੀਆਂ ਹੋਈਆਂ ਪੱਖੀਆਂ ਦੇ ਦੇਣੀਆਂ। ਪ੍ਰਾਹੁਣੇ ਦੀ ਪੱਖੀ ਦੇਖ ਕੇ ਈ ਗਰਮੀ ਦੂਰ ਹੋ ਜਾਂਦੀ ਸੀ। ਬਲਬਾਂ ਦੀ ਥਾਂ ਰਾਤ ਨੂੰ ਮਿੱਟੀ ਦੇ ਤੇਲ ਦੇ ਦੀਵੇ ਬਾਲ ਕੇ ਲੋਅ ਕਰ ਲੈਣੀ। ਮਿੱਟੀ ਦਾ ਤੇਲ ਨਾ ਹੋਣਾ ਤਾਂ ਸਰ੍ਹੋਂ ਦਾ ਤੇਲ ਪਾ ਕੇ ਈ ਸਾਰ ਲੈਣਾ। ਹੁਣ ਤਾਂ ਜਿੰਨਾ ਚਿਰ ਬਿਜਲੀ ਨਾ ਜਗਾਈਏ ਅੱਗ ਲੌਣਾ ਕੁਝ ਦਿਹਦਾ ਈ ਨਹੀਂ।"

"ਚਾਚੀ, ਸਾਡੇ ਇਹ ਆ ਨਾ (ਲੱਕੀ ਦੇ ਡੈਡੀ), ਸ਼ਹਿਰ ਕੰਮ ਕਰਨ ਜਾਂਦੇ ਆ,....ਜਦੋਂ ਜਾ ਕੇ ਕੰਮ ਤੇ ਲੱਗਦੇ ਆ, ਨਾਲ ਈ ਬਿਜਲੀ ਚਲੀ ਜਾਂਦੀ ਆ। ਮਾਲਕਾਂ ਨੂੰ ਕੀ ਐ, ਕਹਿ ਦਿੰਦੇ ਆ—ਆਪਣੇ ਡਿਊਟੀ ਦੇ ਅੱਠ ਘੰਟੇ ਪੂਰੇ ਕਰਕੇ ਜਾਇਓ ਘਰ ਨੂੰ...ਸਾਨੂੰ ਨਹੀਂ ਪਤਾ, ਨਹੀਂ ਤਾਂ ਪੈਸੇ ਕੱਟ ਲੈਣੇ ਆਂ ਤੁਹਾਡੇ। ਕੀ ਕਰੀਏ ਨਿਆਣੇ ਵੀ ਤਾਂ ਪਾਲਣੇ ਹੋਏ



Sri Satguru Jagjit Singh Ji eLibrary NamdhariElibrary@gmail.com

ਭੈਣੋਂ ਰੋਜ ਈ ਰਾਤ ਨੂੰ ਨੇਰ੍ਹੇ ਆ ਕੇ ਵੜਦੇ ਆ ਘਰ। ਦੇਖੋਂ ਨਾ ਕਿੱਦਾਂ ਫਸਲਾਂ ਚੜ੍ਹੀਆਂ ਹੋਈਆਂ। ਭਾਵੇਂ ਕੋਈ ਰਸਤੇ 'ਚ ਵਾਰਦਾਤ ਈ ਹੋ ਜਾਏ!" ਪਹਿਲੀ ਔਰਤ ਵੱਲ ਨੂੰ ਮੂੰਹ ਕਰਕੇ ਤੀਜੀ ਔਰਤ ਨੇ ਰੋਣਾ ਰੋਇਆ।

ਲਾਗੇ ਬੈਠੀ ਕਾਲਜ ਪੜ੍ਹਦੀ ਕੁੜੀ ਕੋਲੋਂ ਵੀ ਰਿਹਾ ਨਾ ਗਿਆ, ਕਹਿਣ ਲੱਗੀ-"ਆਂਟੀ, ਕੀ ਹੋ ਗਿਆ ਜੇ ਇਸ ਸਾਲ ਬਰਸਾਤਾਂ ਨਹੀਂ ਲੱਗੀਆਂ ਤੇ ਪਾਣੀ ਦੀ ਥੁੜ੍ਹੋਂ ਪੈਦਾ ਹੋ ਗਈ ਹੈ...ਸਦਾ ਇਸ ਤਰ੍ਹਾਂ ਤਾਂ ਨਹੀਂ ਰਹਿਣੀ। ਦੇਖਦੀਆਂ ਈ ਆਂ ਬਿਜਲੀ ਨੇ ਮਨੁੱਖ ਨੂੰ ਕਿੰਨਾ ਸੌਖਾ ਕਰ ਦਿੱਤਾ ਹੈ...ਦਿਹਾੜੀ ਦਾ ਕੰਮ ਘੰਟਿਆਂ 'ਚ ਹੋ ਜਾਂਦਾ ਐ। ਇਹ ਬਿਜਲੀ ਦੀ ਹੀ ਕਰਾਮਾਤ ਹੈ, ਸਾਡੇ ਮੁਲਕ ਵਿਚ ਕਿੰਨੇ ਵੱਡੇ ਵੱਡੇ ਕਾਰਖਾਨੇ ਲੱਗੇ ਹੋਏ ਆ। ਹਰ ਚੀਜ਼ ਤਿਆਰ ਕੀਤੀ ਕਤਾਈ ਘਰ ਬੈਠਿਆਂ ਹੀ ਮਿਲ ਜਾਂਦੀ ਹੈ। ਐਵੇਂ ਥੋੜ੍ਹੀ ਫਰਿਜ ਵਿਚੋਂ ਠੰਡੇ ਪਾਣੀ ਦੀ ਬੋਤਲ ਕੱਢ ਕੇ ਗਟਾਗਟ ਪੀ ਹੋ ਜਾਂਦੀ। ਤੁਸੀਂ ਤਾਂ ਬੈਠੀਆਂ ਸਾਡੇ ਜ਼ਮਾਨੇ ਨੂੰ ਨਿੰਦੀ ਜਾਨੀਆਂ। ਸਾਰਾ ਸੁਖ-ਆਰਾਮ ਮਿਲਿਆ ਹੋਇਆ ਤੁਹਾਨੂੰ। ਹੁਣ ਤਾਂ ਪਾਥੀਆਂ ਦੇ ਧੂੰਏਂ ਤੋਂ ਵੀ ਖਹਿੜਾ ਛੁਟ ਗਿਆ ਤੁਹਾਡਾ.... ਅਰਾਮ ਨਾਲ ਗੈਸ ਦਾ ਬਟਣ ਦਬਾਕੇ ਸਭ ਕੁਝ ਬਣ ਜਾਂਦਾ।"

"ਬੀਬਾ, ਅਸੀਂ ਕਦੋਂ ਮਾੜਾ ਕਹਿੰਨੀਆਂ ਤੁਹਾਡੇ ਜ਼ਮਾਨੇ ਨੂੰ। ਸੱਚੀਂ ਪਹਿਲਾਂ ਆਲੀਆਂ ਗੱਲਾਂ ਤੇ ਨਹੀਂ ਹੁਣ, ਸਭ ਬਦਲ ਗਿਆ ਆ...... ਅਸੀਂ ਤਾਂ ਅੱਜ ਤੋਂ ੫੦-੬੦ ਸਾਲ ਪਹਿਲਾਂ ਦੇ ਵਕਤਾਂ ਦੀਆਂ ਤੇ ਹੁਣ ਦੇ ਜ਼ਮਾਨੇ ਦੀਆਂ ਗੱਲਾਂ ਕਰਦੀਆਂ। ਉਹ ਵੀ ਦਿਨ ਸਨ ਜਦੋਂ ਕੱਚਿਆਂ ਕੋਠਿਆਂ 'ਚ ਦਿਨ-ਕਟੀ ਕਰਦੇ ਹੁੰਦੇ ਸੀ...ਤੇ ਹੁਣ ਵੀ ਦਿਨ ਹਨ ਪੱਕੇ ਮਕਾਨ ਤੇ ਵਿਹੜਿਆਂ ਵਿੱਚ ਪੱਕੀਆਂ ਫਰਸ਼ਾਂ....ਕਿਤੇ ਮਿੱਟੀ ਵਾਲੇ ਪੈਰ ਨਿਆਣਾ ਲ਼ੈ ਵੜੇ ਤਾਂ ਉਸਨੂੰ ਕਈ ਕੁਝ ਕਹੀਦਾ। ਪੋਚੇ ਈ ਸਾਹ ਨਹੀਂ ਮਾਰਦੇ। ਫੇਰ ਵੀ ਪੁਰਾਣੇ ਜ਼ਮਾਨੇ ਨਾਲੋਂ ਇਹ ਦਿਨ ਬਹੁਤ ਚੰਗੇ ਆ।" ਸਾਰੀਆਂ ਉਸ ਕੁੜੀ ਨਾਲ ਸਹਿਮਤ ਹੋ ਗਈਆਂ।

ਦੂਰੋਂ, ਗਲੀ ਦੀ ਨੁੱਕਰ ਪਿੱਛਿਓਂ ਇਕ ੫-੬ ਸਾਲ ਦੇ ਨਿਆਣੇ ਨੇ ਜ਼ੋਰ ਦੇ ਕੇ ਅਵਾਜ਼ ਦਿੱਤੀ-"ਮੰਮੀ ਬੱਤੀ ਆ ਗਈ...ਛੇਤੀ ਆ ਜਾ!" ਬੱਤੀ ਦੀ ਗੱਲ ਸੁਣਦਿਆਂ ਹੀ ਸਭ ਦੇ ਚਿਹਰੇ ਫੁੱਲ ਦੀ ਤਰ੍ਹਾਂ ਖਿੜ ਗਏ। ਗੱਲ ਨੂੰ ਵਿਚੇ ਛੱਡਦੀਆਂ ਕਹਿਣ ਲੱਗੀਆਂ-"ਚਲੋ, ਚਲਕੇ ਦੋ ਘੜੀਆਂ ਪੱਖੇ ਥੱਲੇ ਸੌਂਨੀਆਂ। ਫਿਰ ਰੋਟੀ-ਟੁੱਕ ਦਾ ਵੇਲਾ ਹੋ ਜਾਣਾ।"

ਸਭ ਆਪੋ-ਆਪਣੇ ਘਰਾਂ 'ਚ ਜਾ ਵੜੀਆਂ ਤੇ ਗਲੀ 'ਚ ਇਕ ਸੱਨਾਟਾ ਜਿਹਾ ਛਾ ਗਿਆ। ਮੈਂ ਵੀ ਪੱਖੀ ਪਰ੍ਹਾਂ ਸੁੱਟ ਕੇ ਪੱਖੇ ਦਾ ਬਟਨ ਨੱਪ ਕੇ ਲੰਮਾ ਪੈ ਗਿਆ।

***ਪਿੰਡ ਮਾਧੋਪੁਰ, ਤਹਿ : ਫਗਵਾੜਾ***

## ਵਰਿਆਮ ਦੇ ਯੂ.ਕੇ. ਦੇ ਮੈਂਬਰਾਂ ਦੇ ਧਿਆਨ ਯੋਗ

ਵਰਿਆਮ ਦੇ ਯੂ.ਕੇ. ਵਿਚ ਸਥਾਪਤ ਇਕੱਲੇ ਇਕੱਲੇ ਮੈਂਬਰਾਂ ਨੂੰ ਡਾਕ ਰਾਹੀਂ ਬੇਨਤੀ ਪੱਤਰ ਭੇਜੇ ਹਨ। ਇਸ ਵਿਚ ਉਹਨਾਂ ਵਲੋਂ ਆਉਣ ਵਾਲੇ ਚੰਦਿਆਂ ਦਾ ਵੇਰਵਾ ਹੈ।

ਬਾਰ-ਬਾਰ ਬੇਨਤੀ ਲਿਖਣੀ ਸਾਡੀ ਮਜਬੂਰੀ ਹੈ। ਘੌਲ ਘੌਲ ਕਰਦਿਆਂ ਹੀ ਅਕਸਰ ਰਕਮ ਵੱਧ ਜਾਂਦੀ ਹੈ ਅਤੇ ਅੰਤ ਤੇ ਇਹ ਆਉਂਦੀ ਹੀ ਨਹੀਂ। ਇਸ ਨਾਲ ਵਰ੍ਹਿਆਮ ਨੂੰ ਭਾਰੀ ਨੁਕਸਾਨ ਹੁੰਦਾ ਆਇਆ ਹੈ। ਇਸ ਵਾਸਤੇ ਅਸੀਂ ਜ਼ੋਰ ਦੇ ਕੇ ਅਪੀਲ ਕਰਦੇ ਹਾਂ ਕਿ ਆਪਣੇ ਆਪਣੇ ਪਿਛਲੇ ਬਕਾਏ ਅਤੇ ਅਗੋਂ ਦੇ ਚੰਦੇ ਜਲਦੀ ਭੇਜੋ। ਸਾਨੂੰ ਚਿੱਠੀ ਲਿਖ ਕੇ ਸੂਚਿਤ ਕਰੋ ਕਿ ਚੰਦਾ ਭੇਜ ਦਿੱਤਾ ਹੈ ਜਾਂ ਭੇਜ ਰਹੇ ਹੋ।

ਜਿਨ੍ਹਾਂ ਸੱਜਨਾ ਦਾ ਕੋਈ ਹੁੰਗਾਰਾ ਨਾ ਆਇਆ ਨਾ ਚੰਦੇ ਦੀ ਰਕਮ ਨਾ ਕੋਈ ਜੁਆਬ ਤਾਂ ਅਸੀਂ ਸਮਝਾਂਗੇ ਕਿ ਉਹਨਾਂ ਨੂੰ ਵਰਿਆਮ ਆਉਣ ਜਾਂ ਨਾ ਆਉਣ ਵਿਚ ਕੋਈ ਦਿਲਚਸਪੀ ਨਹੀਂ। ਉਹਨਾਂ ਦੇ ਪਰਚੇ ਤਾਂ ਰੋਕਣੇ ਹੀ ਪੈਣਗੇ ਤਾਂ ਕਿ ਅਸੀਂ ਭਾਰੀ ਨੁਕਸਾਨ ਤੋਂ ਬਚ ਸਕੀਏ। ਸ਼ਹਿਰ ਸ਼ਹਿਰ ਵਿਚ ਮੁਖੀ ਸੱਜਨ ਇਹ ਚੰਦੇ ਇਕੱਠੇ ਕਰਕੇ ਵੀ ਭੇਜ ਸਕਦੇ ਹਨ। ਸ. ਹਰਚਰਨ ਸਿੰਘ ਰੰਧਾਵਾ ਅਗੇ ਵੀ ਸਰਗਰਮੀ ਨਾਲ ਵਰਿਆਮ ਦੀ ਸਹਾਇਤਾ ਕਰਦੇ ਰਹੇ ਹਨ। ਉਹਨਾਂ ਨਾਲ ਵੀ ਸਹਿਯੋਗ ਕਰਕੇ ਸੇਵਾ ਪ੍ਰਾਪਤ ਕਰ ਸਕਦੇ ਹੋ। ਜੋ ਰਕਮ ਬੈਂਕ ਡਰਾਫਟ, ਇੰਟਰਨੈਸ਼ਨਲ ਮਨੀ ਆਰਡਰ ਜਾਂ ਬ੍ਰਿਟਿਸ਼ ਪੋਸਟਲ ਆਰਡਰ ਰਾਹੀਂ ਭੇਜੀ ਜਾਵੇ ਉਸ ਤੇ ਕੇਵਲ Wariam ਹੀ ਲਿਖਿਆ ਜਾਵੇ। ਅੱਸੂ ਦੇ ਮੇਲੇ ਤੇ ਤੁਸੀਂ ਦਸਤੀ ਵੀ ਭੇਜ ਸਕਦੇ ਹੋ। ਇਹ ਬਹੁਤ ਜ਼ਰੂਰੀ ਬੇਨਤੀ ਹੈ। ਬਾਕੀ ਸੱਜਨ ਵੀ ਧਿਆਨ ਦੇਣ ਤੇ ਮੇਲੇ ਦੇ ਆਖਰੀ ਦਿਨ ਵਰਿਆਮ ਦੇ ਸਟਾਲ ਤੇ ਚੰਦੇ ਜ਼ਰੂਰ ਜਮਾਂ ਕਰਾਉਣ।

***—ਜਗਦੀਸ਼ ਸਿੰਘ***
***ਸੰਪਾਦਕ***



Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ : ੪੫੯੮੬੯

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

ਵਰਿਆਮ ਲਈ ਸ਼ੁਭ ਇਛਾਵਾਂ :
ਸ. ਅਜੀਤ ਸਿੰਘ ਨਾਮਧਾਰੀ

**ਨਾਮਧਾਰੀ ਬ੍ਰਦਰਜ਼**

ਡਾਲਟਨਗੰਜ (ਬਿਹਾਰ)

**Namdhari Brothers**

Dalton Ganj (Bihar)
Prop. S. Ajit Singh Namdhari

**JANTA**
**HYDRAULIC PRESSES**



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ ਦਰਵਾਜ਼ੇ,
ਖਿੜਕੀਆਂ, ਰੋਸ਼ਨਦਾਨ ਅਤੇ ਲੱਕੜੀ ਦਾ ਵਧੀਆ
ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ ਜਲੰਧਰ - ੧੪੪੦੦੪
ਫੋਨ : ੨੩੮੭੮੪

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**
**IRON INDUSTRIES**
**ਸੱਗੂ ਆਇਰਨ ਇੰਡਸਟਰੀਜ਼**

SugarMill Spares, Paper & Boards Mill Spares, Textile Mill Spares, Distillery Spares & Solvent Plant Spares All Type of Gear & Chain Sprockets & Industrial Chain
Partner : S. Puran Singh Saggu
S. Narinder Singh Saggu
Old Railway Road, Jalandhar. Ph. : 458795, 459056



Sri Satguru Jagjit Singh Ji eLibrary NamdhariElibrary@gmail.com

# ਸੁਪਨਦੀਪ ਸੰਧੂ ਤੇ "ਜਾਣੇ ਅਣਜਾਣੇ ਸ.ਫਰ"

ਸੁਪਨਦੀਪ ਨੂੰ ਮੈਂ ਪਹਿਲੀ ਵਾਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਵੇਖਿਆ ਸੀ। ਵਰਿਆਮ ਸਿੰਘ ਸੰਧੂ ਤੋਂ ਪਤਾ ਲੱਗਾ ਕਿ ਇਹ ਉਹਦਾ ਇਕੋ ਇਕ ਸਾਹਿਬਜ਼ਾਦਾ ਹੈ। ਕੋਈ ਬਾਰਾਂ ਤੇਰਾਂ ਸਾਲਾਂ ਦਾ ਸੰਗਾਊ ਜਿਹਾ ਮੁੰਡਾ। ਸਿਰ ਤੇ ਬਿਸ਼ਨ ਸਿੰਘ ਬੇਦੀ ਸਟਾਈਲ ਬੰਨ੍ਹੇ ਪਟਕੇ ਚੋਂ ਉਭਰਦਾ ਜੂੜਾ। ਏਸ ਉਮਰ ਵਿਚ ਅੱਖਾਂ 'ਤੇ ਨਜ਼ਰ ਦੀਆਂ ਲਗੀਆਂ ਐਨਕਾਂ ਵੇਖ ਕੁਝ ਤਰਸ ਜਿਹਾ ਵੀ ਆਇਆ। ਸਵਾਏ ਅਕਿਹਰੇ ਸਰੀਰ ਤੋਂ ਬਾਕੀ ਸਭ ਕੁਝ ਵਰਿਆਮ ਸੰਧੂ ਦੇ ਵਿਪਰੀਤ। ਵਰਿਆਮ ਸੰਧੂ ਕਲਮ ਅਤੇ ਜ਼ਬਾਨ ਦਾ ਧਨੀ ਹੈ। ਇਕ ਹੋਰ ਗੱਲ ਕਿ. ਉਹਦੀ ਉਮਰ ਦਾ ਪਤਾ ਵੀ ਨਹੀਂ ਲਗਦਾ। ਉਹਦੀਆਂ ਪ੍ਰੌਢ ਗੱਲਾਂ ਸੁਣ ਇਕ ਵੱਡੇ ਸਮਾਗਮ ਵਿਚ ਦੇਸ਼ ਭਗਤ ਹਾਲ ਵਿਚ ਬੈਠੀਆਂ ਕਾਲਜ ਵਿਦਿਆਰਥਣਾਂ ਅੰਦਾਜ਼ੇ ਲਾਉਂਦੀਆਂ ਕਿ 'ਸਰ' ਦੀ ਉਮਰ ਕਿੰਨੀ ਹੈ। ਇਕ ਹੋਰ ਸਮਾਗਮ ਤੇ ਸਟੇਜ ਸਕੱਤਰ ਦੀ ਭੂਮਿਕਾ ਬੜੀ ਉਕਤਾਊ ਲਗਦੀ ਸੀ। ਉਹਦਾ ਹਰ ਵਾਰੀ ਕਰਾਇਆ ਬੁਲਾਰਿਆਂ ਦਾ ਪਰੀਚੈ ਤੇ ਵਿਆਖਿਆ ਦੀ ਵਿਆਖਿਆ ਇਕ ਲੰਮਾ ਉਕਤਾਊ ਭਾਸ਼ਨ ਲਗਦਾ ਸੀ। ਇਸ ਦਾ ਖਾਸਾ ਜ਼ਿਕਰ ਹੋ ਰਿਹਾ ਸੀ ਤਾਂ ਸਤਨਾਮ ਮਾਣਕ ਨੇ ਕਿਹਾ ਸੀ ਕਿ ਵਰਿਆਮ ਸੰਧੂ ਦੀ ਲੰਮੀ ਭੂਮਿਕਾ ਵੀ ਛੋਟੀ ਲਗਦੀ ਹੈ ਇਸ ਵਿਚਾਰੇ ਦੀ ਛੋਟੀ ਭੂਮਿਕਾ ਵੀ ਲੰਬੀ ਲਗਦੀ ਹੈ। ਵਰਿਆਮ ਸੰਧੂ ਦਾ ਬੁਲੰਦ ਕੱਦ ਹੈ ਉਹ ਘੰਟਿਆਂ ਬੱਧੀ ਕਿਸੇ ਵੀ ਵਿਸ਼ੇ ਤੇ ਬੋਲ ਰਿਹਾ ਹੋਵੇ ਤਾਂ ਪਤਾ ਹੀ ਨਹੀਂ ਲਗਦਾ। ਇਹੀ ਹਾਲ ਉਸ ਦੀਆਂ ਲਿਖਤਾਂ ਦਾ ਹੈ। ਉਹ ਲੰਮੀਆਂ ਕਹਾਣੀਆਂ ਹੋਣ ਜਾਂ ਸਫਰਨਾਮੇ ਜਾਂ ਜੀਵਨੀਆਂ। ਪਾਠਕ ਸਾਰਾ ਕੁਝ ਪੜ੍ਹ ਕੇ ਹੀ ਸਾਹ ਲਵੇਗਾ। ਸੰਧੂ ਦੀਆਂ ਇਹ ਸਿਫਤਾਂ ਉਸ ਨੂੰ ਹਰਮਨ-ਪਿਆਰਾ ਵੀ ਬਣਾਉਂਦੀਆਂ ਹਨ ਤੇ ਈਰਖਾ ਦਾ ਪਾਤਰ ਵੀ। ਉਹਨਾਂ ਦਾ ਸਪੁੱਤਰ ਮੈਨੂੰ ਬੋਹੜ ਥੱਲੇ ਉਗਿਆ ਬੂਟਾ ਲੱਗਾ।

ਕਦੇ ਕਿਸੇ ਦੇ ਸ਼ਰਮਾਣ ਦੀ ਸੰਗਿਆ ਕੁੜੀਆਂ ਨਾਲ ਦਿੱਤੀ ਜਾਂਦੀ ਸੀ। ਪਰ ਸੁਪਨਦੀਪ ਤਾਂ ਕੁੜੀਆਂ ਨੂੰ ਮਾਤ ਪਾ ਰਿਹਾ ਸੀ। ਹੌਲੀ-ਹੌਲੀ ਬੜੇ ਚਿਰ ਬਾਅਦ ਪਤਾ ਲੱਗਾ ਕਿ ਇਸ ਮੁੰਡੇ ਦੇ ਮੂੰਹ ਵਿਚ ਜ਼ਬਾਨ ਵੀ ਹੈਗੀ ਏ। ਤੇ ਸਾਲਾਂ ਬਾਅਦ ਪਤਾ ਲੱਗਾ ਕਿ ਇਹ ਬੜੇ ਕੀਮਤੀ ਜ਼ਬਾਨ ਹੈ ਤੇ ਖੁਲਦੀ ਵੀ ਖਾਸ ਮੌਕਿਆਂ ਤੇ ਹੈ। ਉਂਝ ਇਹ ਜ਼ਬਾਨ ਦੀ ਵਰਤੋਂ ਕਰਦਾ ਬੜੇ ਸੂਮਪੁਣੇ ਨਾਲ ਹੈ। ਮੇਰੇ ਨਾਲ ਤੇ ਹੂੰ ਹਾਂ ਤੋਂ ਵੱਧ ਕੋਈ ਗੱਲ ਨਾ ਕਰਦਾ। ਖਬਰੇ ਇਸ ਵਿਚ ਉਹਦੀ ਬੁੜ੍ਹਿਆਂ ਪ੍ਰਤੀ ਸਤਿਕਾਰ ਦੀ ਭਾਵਨਾ ਹੋਵੇ ਜਾਂ ਉਹਨਾਂ ਤੋਂ ਬਚਾਅ ਦੀ ਜੁਗਤ ਹੋਵੇ ਪਰ ਇਹ ਉਸ ਦੇ ਸੁਭਾਅ ਦਾ ਅੰਗ ਸੀ। ਗੱਲ ਕੀ ਸੰਧੂ ਦੇ ਗੜਗੱਜ ਬੋਲਿਆ ਦੇ ਮੁਕਾਬਲੇ ਉਹ ਸਹਿਮਿਆ ਪੰਛੀ ਹੀ ਲਗਦਾ।

ਫੇਰ ਅਖਬਾਰਾਂ ਵਿਚ ਉਹਦੇ ਕੁਝ ਕੁਝ ਲੇਖ ਆਉਣ ਲਗੇ। ਇਹ ਕਹਾਣੀ ਜਾਂ ਸਾਹਿਤ ਦੀਆਂ ਹੋਰ ਵਿਧਾਵਾਂ ਨਹੀਂ ਸਨ। ਇਹ ਗਾਉਣ ਵਾਲੇ ਮੁੰਡਿਆਂ ਬਾਰੇ ਸਨ। ਮੈਂ ਤਾਂ ਸੰਧੂ ਸਾਹਿਬ ਜਦੋਂ ਮਿਲਦੇ ਤਾਂ ਉਹਨਾਂ ਲੇਖਾਂ ਬਾਰੇ ਹਸਦੇ ਵੀ ਤੇ ਫਿਕਰਮੰਦ ਵੀ ਹੁੰਦੇ ਕਿ ਇਹਨੇ ਇਹ ਕਿਹੜਾ ਕੰਮ ਫੜਿਆ ਏ। ਗੱਲ ਸੁਪਨਦੀਪ ਬਹੁਤੀ ਕਰਦਾ ਨਹੀਂ ਸੀ ਨਾ ਗੀਤ ਬਾਰੇ ਨਾ ਸੰਗੀਤ ਬਾਰੇ। ਸਾਨੂੰ ਤਾਂ ਸੰਗੀਤ ਦੀ ਵਾਕਫੀ ਬਾਰੇ ਕੁਝ ਅਭਿਮਾਨ ਵੀ ਸੀ ਪਰ ਇਹ ਸਾਨੂੰ ਮਿਥਦਾ ਹੀ ਨਹੀਂ ਸੀ। ਲੱਗਾ ਮੁੰਡੇ ਵਿਚ ਪਿਉ ਵਾਲਾ ਕੋਈ ਲੱਛਣ ਨਹੀਂ ਹੈ। ਸਮਾਂ ਬੀਤਦਾ ਗਿਆ ਤੇ ਪਤਾ ਹੀ ਨਾ ਲਗਾ ਕਦੋਂ ਉਹਨੇ ਬੀ.ਏ. ਕੀਤੀ ਤੇ ਕਦੋਂ ਪੰਜਾਬੀ ਦੀ ਐਮ.ਏ. ਦੀ ਸਿਖਰਲੀ ਪੁਜੀਸ਼ਨ ਪਾਈ ਇਹ ਵੀ ਨਾ ਪਤਾ ਨ ਲੱਗਾ ਕਿ ਉਹ ਵਿਚੋਂ ਵਿਚੀਂ ਕਿੰਨਾ ਮਸ਼ਹੂਰ ਹੋ ਗਿਆ ਏ। ਮੈਨੂੰ ਤਾਂ ਇਹ ਗੱਲ ਸਬਬ ਨਾਲ ਹੀ ਪਤਾ ਲੱਗੀ। ਪਹਿਲਵਾਨ ਕਰਤਾਰ ਸਿੰਘ ਹੋਰਾਂ ਦਾ ਜਗਦੇਵ ਕਲਾਂ (ਹਾਸ਼ਮ ਸ਼ਾਹ ਵਾਲਾ) ਵਿਚ ਸਨਮਾਨ ਸੀ। ਉਥੇ ਗਾਉਣ ਵਾਲਿਆਂ ਦਾ ਬੜਾ ਵੱਡਾ ਅਖਾੜਾ ਵੀ ਲਗਿਆ ਸੀ। ਅਸੀਂ ਵੀ ਭਲਵਾਨ ਦੇ ਕਾਫਲੇ ਵਿਚ ਗਏ। ਬਾਹਰ ਮੈਦਾਨ ਵਿਚ ਅਖਾੜਾ ਭੱਖਿਆ ਪਿਆ ਸੀ ਤੇ ਹਰਭਜਨ ਮਾਨ ਤੇ ਦੁਨੀਆਂ ਲੱਟੂ ਹੋਈ ਪਈ ਸੀ। ਪੂਰੀ ਭੀੜ ਵਿਚੋਂ ਪ੍ਰਬੰਧਕਾਂ ਨੇ ਸਾਨੂੰ ਲੰਘਾਇਆ ਤੇ ਕੁਰਸੀਆਂ ਵੀ ਦਿੱਤੀਆਂ। ਸਟੇਜ ਸਕੱਤਰ ਨੇ ਭਲਵਾਨ ਹੋਰਾਂ ਦਾ ਨਾਮ ਲਿਆ, ਵਰਿਆਮ ਸੰਧੂ ਦਾ ਅਤੇ ਮੇਰਾ ਵੀ। ਸਟੇਜ ਸਕੱਤਰ ਨੇ ਬਗੈਰ ਪੁਛਿਆ ਦਸਿਆ ਸਾਡੀ ਜਾਣ ਪਛਾਣ ਗੱਜ ਵਜ ਕੇ ਕਰਾਈ, ਜਿਵੇਂ ਘਰ ਦਾ ਭੇਤੀ ਹੁੰਦਾ ਹੈ। ਨਾਲ ਉਹਨੇ ਕਿਹਾ ਕਿ ਪ੍ਰਸਿੱਧ ਲੇਖਕ ਸੁਪਨਦੀਪ ਸੰਧੂ ਵੀ ਆਇਆ ਹੈ। ਸੁਪਨਦੀਪ ਸਾਡੇ ਕੋਲ ਨਹੀਂ ਬੈਠਾ ਸਤਿਕਾਰ ਕਰਕੇ ਜਾਂ ਵੱਡਿਆਂ ਕੋਲ ਕੀਹ ਬੈਹਣਾ ਕਰਕੇ। ਫੇਰ ਆਲੇ ਦੁਆਲੇ ਮੁੰਡੇ ਘੁਸਰ-ਮੁਸਰ ਕਰਨ ਲੱਗੇ ਉਹ ਸੁਪਨਦੀਪ ਵੀ ਆਇਆ। ਕਈ ਸਾਡੇ ਤੋਂ ਪੁੱਛਣ ਕਿ ਉਹ ਕਿਹੜਾ ਏ। ਜਿਵੇਂ ਕੁੜੀਆਂ ਨੀਂਗਰ ਚੰਦ ਵੱਲ ਇਸ਼ਾਰਾ ਕਰਦੀਆਂ ਅਸੀਂ ਦੱਸਦੇ ਕਿ ਉਹ ਸਟੇਜ ਦੇ ਕੋਲ ਖਲੋਤਾ ਏ ਤਾਂ ਉਹਨਾਂ ਦੀਆਂ ਅੱਖਾਂ ਦਸਦੀਆਂ ਕਿ ਵੱਡੀ ਚੀਜ਼ ਵੇਖ ਲਈ ਹੈ। ਹਰਭਜਨ ਮਾਨ ਨੇ ਵੀ ਗਾਉਣਾ ਰੋਕ ਕੇ ਮਹਿਮਾਨਾਂ ਦਾ ਸੁਆਗਤ ਵੀ ਕੀਤਾ ਤੇ ਦੱਸਿਆ ਕਿ ਉਹਦਾ ਦੋਸਤ ਸੁਪਨਦੀਪ ਸੰਧੂ ਵੀ ਆਇਆ ਹੈ। ਉਹਨੇ ਆਪਣਾ ਸਦਾ ਬਹਾਰ ਗੀਤ ਮਿਰਜ਼ਾ ਵੀ ਇਹ ਕਹਿ ਕੇ ਗਾਇਆ ਕਿ ਉਹ ਸੁਪਨਦੀਪ ਸੰਧੂ ਦੀ ਫਰਮਾਇਸ਼ ਤੇ ਗਾ ਰਿਹਾ ਹਾਂ। ਸਾਨੂੰ ਲਗ ਰਿਹਾ ਸੀ ਕਿ ਸੁਪਨਦੀਪ ਸਾਡੇ ਨਾਲ ਨਹੀਂ ਆਇਆ ਅਸੀਂ



Sri Satguru Jagjit Singh Ji eLibrary NamdhariElibrary@gmail.com

ਸੁਪਨਦੀਪ ਨਾਲ ਗਏ ਸਾਂ। ਭਲਵਾਨ ਹੋਰਾਂ ਦਾ ਤੇ ਮੁਖ ਸਨਮਾਨ ਹੋਇਆ ਉਹਨਾਂ ਤਕਰੀਰ ਵੀ ਕੀਤੀ। ਹਮਾਤੜ ਜਿਹੜੇ ਇਹਨਾਂ ਅਖਾੜਿਆਂ ਤੋਂ ਦੂਰ ਹੀ ਰਹਿੰਦੇ ਹਨ ਉਹਨਾਂ ਨੂੰ ਵੀ ਮੁਖ ਸਟੇਜ ਤੇ ਖੜਾ ਕਰਕੇ ਮਾਨ ਸਨਮਾਨ ਕਰ ਦਿੱਤਾ।

ਜਿਵੇਂ ਪਤਾ ਨਹੀਂ ਲਗਦਾ ਕਿ ਧੀਆਂ ਕਦੋਂ ਜੁਆਨ ਹੋ ਗਈਆਂ ਨੇ ਇਵੇਂ ਹੀ ਸੁਪਨਦੀਪ ਦੀ ਪ੍ਰਤਿਭਾ ਏਨੀ ਫੈਲ ਚੁੱਕੀ ਹੈ ਪਤਾ ਹੀ ਨਾ ਲਗਾ। ਵਰਿਆਮ ਸਿੰਘ ਸੰਧੂ ਵੱਡੇ ਜਥੇ ਵਾਲਾ ਅਤੇ ਖੜਕੇ ਦੜਕੇ ਵਾਲਾ ਬੰਦਾ ਗਿਣਿਆ ਜਾਂਦਾ ਹੈ ਪਰ ਉਹ ਕਈ ਅਰਥਾਂ ਵਿਚ ਗਊ ਦਾ ਜਾਇਆ ਵੀ ਹੈ। ਜਦੋਂ ਅਸੀਂ ਇਕੱਠਿਆਂ ਅਮਰੀਕਾ ਗਏ ਤਾਂ ਇਸ ਗਲ ਦਾ ਨੇੜਿਓਂ ਪਤਾ ਲਗਾ। ਦਫ਼ਤਰੀ ਕੰਮਾਂ ਵਿਚ, ਵੀਜ਼ੇ ਦਫਤਰਾਂ ਵਿਚ ਅਤੇ ਟਿਕਟਾਂ, ਫਾਰਨ ਐਕਸਚੇਂਜ ਦੇ ਮਾਮਲੇ ਵਿਚ ਉਹ ਪੁਛ ਫੜ ਕੇ ਲੰਘਣ ਵਾਲਾ ਹੈ। ਅਮਰੀਕਾ ਦੀ ਯਾਤਰਾ ਵੇਲੇ ਸਾਨੂੰ ਉਹ ਅਕਸਰ ਧੱਕੇ ਨਾਲ ਸਟਾਰਟ ਕਰਨਾ ਪੈਂਦਾ ਸੀ ਅਤੇ ਆਲੇ ਦੁਆਲੇ ਦੇ ਮਿੱਤਰਾਂ ਨੂੰ ਪਤਾ ਲੱਗ ਚੁੱਕਾ ਸੀ ਕਿ ਸਰਗਰਮੀਆਂ ਚਲ ਰਹੀਆਂ ਹਨ। ਕਿਸੇ ਕੋਲੋਂ ਕੁਝ ਪੁਛ ਕਿਸੇ ਕੋਲੋਂ ਕੁਝ। ਡਰਾਫਟ ਬਨਾਉਣ ਅਤੇ ਉਹਨੂੰ ਡਾਕ ਵਿਚ ਪਾਉਣ ਤੱਕ ਦੀ ਉਹਨੂੰ ਮਦਦ ਦੀ ਲੋੜ ਸੀ। ਦਿੱਲੀ ਵੀਜ਼ਾ ਲਵਾਉਣ ਗਿਆ ਵੀ ਇਕ ਵਾਰ ਵਾਪਸ ਹੀ ਆ ਗਿਆ। ਇਹਦਾ ਹਾਲ ਉਹਨੇ ਵਿਸਥਾਰ ਨਾਲ ਆਪਣੇ ਸਫਰਨਾਮੇ ਵਿਚ ਵੀ ਲਿਖਿਆ ਹੈ। ਵਰਿਆਮ ਸੰਧੂ ਤੇ ਅਸੀਂ ਵਿਸ਼ਵ ਪੰਜਾਬੀ ਕਾਨਫਰੰਸ ਦੇ ਜੁਗਾੜ ਨਾਲ ਅਮਰੀਕਾ ਘੁੰਮ ਆਏ। ਸਾਡੀ ਉਮਰ ਵੀ ਐਸੀ ਵੀ ਕਿ ਕਿਸੇ ਬਾਹਰਲੇ ਮੁਲਕ ਨੂੰ ਖਤਰਾ ਨਹੀਂ ਸੀ। ਸੰਧੂ ਸਾਹਿਬ ਦੇ ਕਾਗਜ਼ ਵੀ ਮੂੰਹੋਂ ਬੋਲਦੇ ਸਨ ਕਿ ਇਹ ਬੰਦਾ ਜ਼ਰੂਰ ਵਾਪਸ ਆ ਜਾਵੇਗਾ।

ਪਰ ਸੁਪਨਦੀਪ ਤਾਂ ਚੜ੍ਹਦੀ ਜਵਾਨੀ ਵਿਚ ਸੋਹਣਾ ਸੁਨੱਖਾ ਨੌਜਵਾਨ ਹੈ। ਉਹਨੂੰ ਕਿੰਨੇ ਬਾਹਰ ਜਾਣ ਦੇਣਾ ਸੀ। ਪਰ ਕਮਾਲ ਦੀ ਗੱਲ ਸੁਪਨਦੀਪ ਨੇ ਕਰ ਦਿੱਤੀ। ਸਾਡੇ ਕੰਨੀ ਭਿਣਖ ਵੀ ਨਹੀਂ ਪਈ ਉਹ ਅਮਰੀਕਾ ਜਾਣ ਲਈ ਵੀਜ਼ਾ ਲਵਾਉਣ ਦਾ ਫਰਿਹਾਦੀ ਕੰਮ ਵੀ ਸਫਲਤਾ ਨਾਲ ਕਰ ਆਇਆ। ਬਾਦ ਵਿਚ ਉਹ ਇੰਗਲੈਂਡ ਵੀ ਜਾ ਆਇਆ।

ਇਸ ਸਾਰੀ ਯਾਤਰਾ ਵਾਸਤੇ ਬਹੁਤ ਔਕੜਾਂ ਆਈਆਂ। ਕਿਹੜੇ-ਕਿਹੜੇ ਜੁਗਾੜ ਲਾ ਕੇ ਲੋਕ ਬਾਹਰ ਜਾਂਦੇ ਹਨ ਕਿਵੇਂ ਵੀਜ਼ਾ ਲਵਾਉਂਦੇ ਹਨ ਇਹ ਉਹਨੇ ਆਪਣੀ ਕਲਮ ਨਾਲ ਲਿਖਿਆ। ਮਾਵਾਂ ਪੁੱਤਰਾਂ ਦੀਆਂ ਪਹਿਲੀਆਂ ਗੁਰੂ ਹੁੰਦੀਆਂ ਹਨ। ਭਾਵੇਂ ਵਿਗਾੜ ਦੇਣ ਭਾਵੇਂ ਸਵਾਰ ਦੇਣ। ਸਾਡੇ ਧਾਰਮਿਕ ਸਾਹਿਤ ਵਿਚ ਧਰੂ ਭਗਤ ਦੀ ਅਮਰ ਪਦਵੀ ਤੱਕ ਪਹੁੰਚ ਮਾਂ ਦੀਆਂ ਮੁੱਢਲੀ ਸਿੱਖਿਆ ਨਾਲ ਹੀ ਆਰੰਭ ਹੋਈ ਸੀ। ਸੁਪਨਦੀਪ ਸੰਧੂ ਨੇ ਇੰਗਲੈਂਡ ਦਾ ਸਫਰਨਾਮਾ ਆਪਣੀ ਮਾਤਾ ਸਰਦਾਰਨੀ ਰਜਵੰਤ ਕੌਰ ਦੇ ਨਾਂਅ ਸਮਰਪਿਤ ਕੀਤਾ ਹੈ। ਇਸ ਦਾ ਇਕ ਕਾਰਨ ਹੈ। ਰਜਵੰਤ ਕੌਰ ਜੀ ਤਾਂ ਵਰਿਆਮ ਸਿੰਘ ਸੰਧੂ ਦੀਆਂ ਲਿਖਤਾਂ ਦੇ ਛਪਣ ਤੋਂ ਪਹਿਲਾਂ ਦੇ ਪ੍ਰਥਮ ਪਾਠਕ ਵੀ ਹਨ ਅਤੇ ਐਨ.ਓ.ਸੀ. ਅਧਿਕਾਰੀ ਵੀ। ਮਾਂ ਨੇ ਪੁੱਤਰ ਨੂੰ ਬਾਹਰ ਜਾਣ ਤੋਂ ਪਹਿਲਾਂ ਇਕ ਹਦਾਇਤ ਕੀਤੀ। ਇਹ ਮਾਤਾ ਦੀ ਪੁੱਤ ਨੂੰ ਅਸੀਸ ਸੀ। ਇਕ ਡਾਇਰੀ ਪੁੱਤਰ ਦੇ ਹੱਥ ਥਮਾਈ ਤੇ ਇਕ ਵੰਗਾਰ ਵੀ ਪਾ ਦਿੱਤੀ। "ਮੇਰਾ ਪੁੱਤ ਇਸ ਡਾਇਰੀ ਉੱਤੇ ਨਾਲ ਦੀ ਨਾਲ ਨੋਟਸ ਲੈਂਦੇ ਜਾਣਾ ਤਾਂ ਕਿ ਜਦੋਂ ਤੂੰ ਵਾਪਸ ਆਵੇ ਤਾਂ ਆਪਣੇ ਡੈਡੀ ਤੋਂ ਵੀ ਵਧੀਆ ਸਫਰਨਾਮਾ ਲਿਖ ਕੇ ਵਿਖਾਵੇਂ।

ਸੁਪਨ ਸੰਧੂ ਨੇ ਮਾਂ ਦੀ ਗੱਲ ਪੁਗਾਈ, ਸਫਰਨਾਮਾ ਲਿਖਿਆ 'ਜਾਣੇ ਅਨਜਾਣੇ ਸਫਰ'। ਇਹ ਰਵਾਇਤੀ ਕਿਸਮ ਦਾ ਯਾਤਰਾ ਵਿਵਰਨ ਨਹੀਂ ਉਹ ਮੁਸ਼ੱਕਤ ਅਤੇ ਮਿਹਨਤ ਦਾ ਇਕਬਾਲ ਨਾਮਾ ਹੈ। ਬਾਹਰ ਜਾਣ ਵਾਲਿਆਂ ਨੂੰ ਪਤਾ ਹੈ ਉਥੇ ਗਏ ਕੰਮ ਕਰਨ ਵਾਲੇ ਕੰਮ ਹੀ ਕਰਦੇ ਰਹਿੰਦੇ ਹਨ। ਨਾ ਉਹ ਪੜ੍ਹ ਸਕਦੇ ਹਨ ਨਾ ਲਿਖ ਸਕਦੇ ਹਨ। ਵਿਦਵਾਨ ਲੋਕ ਕਲਮ ਦੇ ਧਨੀ ਤਾਂ ਹੁੰਦੇ ਹਨ ਪਰ ਉਹਨਾਂ ਮੁਸ਼ੱਕਤ ਹੱਡੀਂ ਨਹੀਂ ਹੰਢਾਈ ਹੁੰਦੀ। ਜਿਹੜੇ ਲੇਖਕ ਲੋਕ ਬਾਹਰ ਪੌਂਡ ਡਾਲਰ ਕਮਾਉਣ ਲਈ ਕੰਮ ਕਰਦੇ ਵੀ ਹਨ ਉਹ ਇਥੇ ਆ ਕੇ ਇਸ ਗੱਲ ਦਾ ਧੂੰ ਵੀ ਨਹੀਂ ਕੱਢਦੇ। ਲਿਖਣ ਵਾਸਤੇ ਹੋਰ ਗੱਲਾਂ ਹੁੰਦੀਆਂ ਹਨ ਪਰ ਸੁਪਨਦੀਪ ਇਸ ਜਾਣੇ ਅਨਜਾਣੇ ਸਫਰ ਵਿਚ ਇਸ ਮੁਸ਼ੱਕਤ ਦਾ ਜ਼ਿਕਰ ਕਰਦਾ ਹੈ। ਜਿਹੜਾ ਫੁਲ ਵਰਗਾ ਕੋਮਲ ਬੱਚਾ ਘਰਦਿਆਂ ਦੇ ਆਖਿਆਂ ਬਾਹਰ ਗਰਮੀ ਵਿਚ ਜਾਣ ਤੋਂ ਸੰਙਦਾ ਸੀ। ਉਹ ਇੰਗਲੈਂਡ ਵਿਚ ਜਾ ਕੇ ਕਿਵੇਂ ਆਰਾਮ ਨੂੰ ਤਿਆਗਦਾ ਹੈ। ਉਹਦੇ ਆਪਣੇ ਸ਼ਬਦਾਂ ਵਿਚ—

"ਮੇਰੀ ਜ਼ਿੰਦਗੀ ਵਿਚ ਇਹ ਸਭ ਤੋਂ ਮੁਸ਼ੱਕਤ ਭਰੇ ਅਤੇ ਬੇਆਰਾਮੀ ਦੇ ਦਿਨ ਸਨ। ਰਾਤ ਨੂੰ ਮੈਂ ਸਦਾ ਹੀ ਦੇਰ ਨਾਲ ਸੌਂਦਾ। ਸਵੇਰੇ ਛੇ ਵਜੇ ਫਿਰ ਉਠਣਾ ਪੈਂਦਾ। ਜਸਪਾਲ ਦੂਸਰੇ ਕਮਰੇ ਵਿਚ ਅਰਧ ਸੁੱਤਾ ਵਿਚਕਾਰਲੀ ਲੱਕੜ ਦੀ ਦੀਵਾਰ ਨੂੰ ਠੱਕ ਠੱਕ ਕਰਕੇ ਖੜਕਾਉਂਦਾ ਰਹਿੰਦਾ ਤਾਂ ਕਿ ਮੈਂ ਛੇਤੀ ਉੱਠ ਪਵਾਂ। ਠੀਕ ਸੱਤ ਵਜੇ ਆ ਕੇ ਮਾਨ ਘਰ ਦੇ ਸਾਹਮਣੇ ਆ ਕੇ ਹਾਰਨ ਵਜਾਉਂਦਾ। ਇਸ ਲਈ ਮੈਨੂੰ ਹਮੇਸ਼ਾ ਕਾਹਲੀ ਕਾਹਲੀ ਉਠ ਕੇ ਤਿਆਰ ਹੋਣਾ ਪੈਂਦਾ। ਮੈਂ ਆਪਣੇ ਬਾਰੇ ਇਹ ਵੀ ਸੋਚਦਾ ਕਿ ਘਰ ਤਾਂ ਸੁੱਤਾ ਪਿਆ ਹੀ ਨਹੀਂ ਸਾਂ ਉਠਦਾ ਤੇ ਕੰਮ ਦਾ ਵੀ ਡੱਕਾ ਭੰਨ ਕੇ ਦੋਹਰਾ ਨਹੀਂ ਸਾਂ ਕਰਦਾ। ਪਰ ਇਥੇ ਕਿਵੇਂ ਮੈਂ ਪੌਂਡਾਂ ਦੇ ਚੱਕਰ ਵਿਚ ਚੱਕਰੀ ਵਾਂਗ ਘੁੰਮਦਾ ਫਿਰਦਾ ਸਾਂ। ਫਿਰ ਮੈਂ ਆਪ ਹੀ ਆਪਣੇ ਆਪ ਨੂੰ ਧਰਵਾਸਾ ਦਿੰਦਾ ਕਿ ਜੇ ਮੈਨੂੰ ਦੇਸ਼ ਵਿਚ ਇੰਨਾ ਕੰਮ ਕਰਨ ਦੇ ਇੰਨੇ ਪੈਸੇ ਮਿਲ ਜਾਣ ਤਾਂ ਮੈਂ ਉਥੇ ਵੀ ਇੰਨਾ ਕੰਮ ਕਰਨ ਨੂੰ ਜ਼ਰੂਰ ਤਿਆਰ ਹੋ ਸਕਦਾ ਹਾਂ। ਗੱਲ ਤਾਂ ਸਾਰੀ ਕੰਮ



Sri Satguru Jagjit Singh Ji eLibrary NamdhariElibrary@gmail.com

ਨਾਲ ਜੁੜੇ ਹੋਏ ਪੈਸੇ ਦੀ ਹੈ।"

ਸੁਪਨ ਸੰਧੂ ਦੀ ਇਸ ਪੁਸਤਕ ਵਿਚ ਸ਼ੁਰੂ ਤੋਂ ਹੀ ਦਿਲਚਸਪੀ ਸ਼ੁਰੂ ਹੋ ਜਾਂਦੀ ਹੈ। ਉਹਨੇ ਉਹਨਾਂ ਦਿਲਚਸਪ ਤੱਥਾਂ ਤੋਂ ਪਰਦਾ ਚੁਕਿਆ ਹੈ ਜੋ ਆਮ ਲੋਕਾਂ ਨੂੰ ਨਹੀਂ ਪਤਾ। ਕਿਵੇਂ ਸਭਿਆਚਾਰ ਦੇ ਨਾਂਅ ਤੇ ਗੌਣ ਵਜਾਉਣ ਦੇ ਨਾਂ ਅਤੇ ਬਾਹਰ ਭੇਜਣ ਵਾਲੇ ਪ੍ਰਮੋਟਰਾਂ ਦਾ ਧੰਦਾ ਚਲਦਾ ਹੈ। ਕਿਵੇਂ ਵੀਜ਼ੇ ਲੁਆਉਣ ਦਾ ਜੁਗਾੜ ਬਣਾਇਆ ਜਾਂਦਾ ਹੈ। ਕਿਵੇਂ ਛੋਟੀਆਂ ਅਖਬਾਰਾਂ ਵਿਚ ਸੌ ਰੁਪਿਆ ਦੇ ਕੇ ਇਹਨਾਂ 'ਕਲਾਕਾਰਾਂ' ਬਾਰੇ ਨਕਲੀ ਲੇਖ ਤਸਵੀਰ ਸਹਿਤ ਛਪਵਾਏ ਜਾਂਦੇ ਹਨ। ਅਜਿਹੇ ਲੇਖ ਲਿਖਣ ਵਾਲੇ ਪੇਸ਼ਾਵਰ ਲੇਖਕ ਵੀ ਇਸ ਸਭਿਆਚਾਰਕ ਧੰਦੇ ਦੀ ਮਸ਼ੀਨਰੀ ਦੇ ਇਕ ਪੁਰਜ਼ੇ ਹੀ ਹੁੰਦੇ ਹਨ। ਕਿਵੇਂ ਇਹ ਬਾਹਰ ਭੇਜਣ ਦੇ ਸਮਰਾਟ ਲੱਖਾਂ ਰੁਪਏ ਲੈ ਕੇ ਸਮੁੰਦਰਾਂ ਤੋਂ ਪਾਰ ਬੰਦੇ ਭੇਜਣ ਦੀ ਖੇਡ ਖੇਡਦੇ ਹਨ। ਇਹ ਕੁਝ ਪੜ੍ਹ ਕੇ ਥੋੜ੍ਹੀ ਗੱਲ ਸਮਝ ਆਉਂਦੀ ਹੈ ਕਿ ਪੰਜਾਬੀ ਮੁੰਡਿਆਂ ਦੇ ਜਥਿਆਂ ਦੇ ਜਥੇ ਵੱਖ-ਵੱਖ ਮੁਲਕਾਂ ਵਿਚ ਅੱਗੇ ਜਾਣ ਦੀ ਲਾਲਸਾ ਵਿਚ ਕਿਵੇਂ ਧੱਕੇ ਖਾ ਰਹੇ ਹਨ ਅਤੇ ਸਮੁੰਦਰਾਂ ਦੇ ਠੰਡੇ ਤੱਤੇ ਪਾਣੀਆਂ ਵਿਚ ਡੁੱਬ ਰਹੇ ਹਨ।

ਸੁਪਨ ਸੰਧੂ ਨੇ ਛੋਟੇ ਛੋਟੇ ਵਾਕਾਂ ਵਿਚ ਬਹੁਤ ਪਿਆਰੀ ਤੇ ਸਾਦੀ ਤੇ ਸਾਧੀ ਭਾਸ਼ਾ ਵਿਚ ਇਵੇਂ ਲਿਖਿਆ ਹੈ ਜਿਵੇਂ ਉਹ ਤੁਹਾਡੇ ਨਾਲ ਗੱਲ ਕਰ ਰਿਹਾ ਹੋਵੇ, ਜਿਵੇਂ ਬਾਤ ਪਾ ਰਿਹਾ ਹੋਵੇ।

— "ਮੇਰੇ ਮਾਤਾ ਪਿਤਾ ਮੇਰੇ ਇਸ ਕੰਮ ਉੱਤੇ ਖੁਸ਼ ਨਹੀਂ ਸਨ।"

— "ਕਲਾਕਾਰ ਜਿਹੜਾ ਹੁਣ ਤੱਕ ਮੇਰਾ ਪੱਖ ਪੂਰਦਾ ਸੀ ਓਹ ਪਰਮੋਟਰ ਦੀ ਚਮਚਾਗਿਰੀ ਕਰਨ ਲੱਗਾ ਤੇ ਮੇਰੇ ਤੇ ਵਿਅੰਗ ਕੱਸਣ ਲੱਗਾ।"

— "ਵੀਜ਼ਾ ਲਗ ਜਾਣ ਦੇ ਬਾਵਜੂਦ ਪਰਮੋਟਰ ਨੇ ਪਾਸਪੋਰਟ ਉਦੋਂ ਵਾਪਸ ਕੀਤਾ ਜਦੋਂ ਵੀਜ਼ੇ ਦੀ ਮਿਆਦ ਕੇਵਲ ਚਾਰ ਦਿਨ ਬਾਕੀ ਸੀ।"

— "ਮੈਂ ਮਨ ਹੀ ਮਨ ਖੁਸ਼ ਹੋਇਆ ਕਿ ਮੇਰੀ ਸਕੀਮ ਕਾਮਯਾਬ ਹੋ ਗਈ ਸੀ। ਇਹ ਮੇਰੇ ਡੈਡੀ ਦਾ ਪਾਸਪੋਰਟ ਸੀ ਅਤੇ ਮੈਂ ਜਾਣ ਬੁਝ ਕੇ ਇਸ ਨੂੰ ਦਿਸਦੇ ਰਹਿਣ ਲਈ ਜੇਬ ਵਿਚ ਪਾਇਆ ਸੀ ਤਾਂ ਕਿ ਉਹ ਮੈਨੂੰ ਇਸ ਬਾਰੇ ਪੁੱਛ ਸਕਣ।"

— "ਮੇਰੇ ਕੋਲ ਡੈਡੀ ਨਾਲ ਸਾਂਝੀ ਕਰਨ ਵਾਸਤੇ ਕੋਈ ਗੱਲਬਾਤ ਨਹੀਂ ਸੀ। ਮੇਰੇ ਮਨ ਵਿਚ ਤਾਂ ਹੁਣੇ ਤੁਰ ਗਏ ਦੋਸਤਾਂ ਦੀ ਯਾਦ ਸੀ ਜਾਂ ਅਗਲੇ ਦਿਨ ਜਹਾਜ਼ ਉੱਤੇ ਚੜ੍ਹਨ ਦਾ ਚਾਅ।"

— "ਡੈਡੀ ਨੂੰ ਮੈਂ ਜਿਥੇ ਖੜੋਤਾ ਛੱਡ ਕੇ ਆਇਆ ਸਾਂ, ਉਹ ਅਜੇ ਵੀ ਉਥੇ ਖੜੋਤੇ ਹੋਏ ਸਨ।"

— "ਮੈਂ ਹੁਣ ਤੱਕ ਉਡਦੇ ਜਹਾਜ਼ ਵੇਖੇ ਸਨ ਪਰ ਅੱਜ ਜਹਾਜ਼ ਵਿਚ ਬੈਠ ਕੇ ਮੈਂ ਉਡਣਾ ਸੀ।"

ਸੁਪਨਦੀਪ ਨੇ ਭੋਲੇ ਭਾ ਬਹੁਤ ਸਿਆਣੀਆਂ ਟਿਪਣੀਆਂ ਕੀਤੀਆਂ ਹਨ ਉਹਨੇ ਮਾਨਵੀ ਰਿਸ਼ਤਿਆਂ ਨੂੰ ਵੀ ਬਾਰੀਕ ਬੀਨੀ ਨਾਲ ਬਿਆਨ ਕੀਤਾ ਹੈ। ਉਸ ਦੇ ਸਫਰਨਾਮੇ ਵਿਚ ਕਹਾਣੀ ਰਸ ਵੀ ਸ਼ਿਦਤ ਨਾਲ ਕਾਇਮ ਹੈ।

— "ਹੁਣ ਤਾਂ ਸਭਿਆਚਾਰਕ ਮੇਲਿਆਂ ਤੇ ਦੂਰਦਰਸ਼ਨ ਉੱਤੇ ਗਾਉਂਦੇ ਗਾਇਕਾਂ ਨੂੰ ਸੁਣ ਕੇ ਇਸ ਤਰ੍ਹਾਂ ਲਗਦਾ ਹੈ ਜਿਵੇਂ ਚੰਗਾ ਅਤੇ ਸੁਰੀਲਾ ਗਾਉਣ ਵਾਲੇ ਗਾਇਕਾਂ ਦਾ ਯੁੱਗ ਖਤਮ ਹੋ ਗਿਆ ਹੋਵੇ।"

— "ਉਹਦੇ ਲਈ ਤਾਂ ਜਿਵੇਂ ਅਣਹੋਣੀ ਵਾਪਰ ਗਈ ਸੀ ਤੇ ਮੈਂ ਸੋਨੇ ਦੀ ਲੰਕਾ ਜਿਤ ਗਿਆ ਸਾਂ....।

"ਅਸਲ ਵਿਚ ਕੁੜੀਆਂ ਨਾਲ ਦੋਸਤਾਂ ਵਾਂਗ ਸਹਿਜ ਸਧਾਰਨ ਸੰਬੰਧ ਰੱਖਣਾ ਸ਼ਾਇਦ ਅਜੇ ਸਾਡੇ ਲੋਕਾਂ ਲਈ ਵੱਸ ਦਾ ਰੋਗ ਨਹੀਂ। ਜਿਵੇਂ ਅਲੀਜ਼ਾ ਨਿਰਲੇਪ ਰਹਿ ਕੇ ਸਭ ਦੇ ਨਾਲ ਚੰਗਾ ਤੇ ਨਿੱਘਾ ਸੰਬੰਧ ਬਣਾਈ ਰੱਖਦੀ, ਸਾਡੇ ਵਿਚ ਅਜਿਹੀ ਨਿਰਲੇਪਤਾ ਨਜ਼ਰ ਨਹੀਂ ਸੀ ਆਉਂਦੀ। ਪਰ ਮੈਂ ਅਲੀਜ਼ਾ ਦੀ ਇਸ ਨਿਰਲੇਪਤਾ ਤੋਂ ਵਾਕਫ ਹੋ ਗਿਆ ਸਾਂ। ਉਸਨੂੰ ਮੇਰਾ ਪਿਆਰ ਨਹੀਂ ਮੇਰੀ ਦੋਸਤੀ ਪ੍ਰਵਾਨ ਸੀ।"

ਸਾਡੇ ਲੋਕਾਂ ਨੇ ਬਾਹਰ ਥਾਂ ਬਨਾਉਣ ਵਾਸਤੇ ਕਈ ਰਿਸ਼ਤੇ ਸਥਾਪਤ ਕੀਤੇ ਕਈ ਤੋੜੇ। ਗੋਰੀਆਂ ਕੁੜੀਆਂ ਨਾਲ ਵਿਆਹ ਕਰਾਏ ਪਰ ਉਹਨਾਂ ਦੇ ਮਨ ਦੀ ਦੁਬਿਧਾ ਬਣੀ ਰਹੀ। ਇਹ ਜਿਹੀ ਮਨੋ ਬਿਰਤੀ ਨੂੰ ਸੁਪਨਦੀਪ ਦੀ ਕਲਮ ਪ੍ਰਬੀਨਤਾ ਨਾਲ ਫੜਦੀ ਹੈ।

"....ਮੈਂ ਹੁਣ ਇਸ ਜਨਾਨੀ ਨੂੰ ਛੱਡਣਾ ਚਾਹੁੰਦਾ ਹਾਂ ਪਰ ਇਹ ਮੁਲਕ ਨਹੀਂ ਛੱਡਣਾ ਚਾਹੁੰਦਾ। ਦੂਜੇ ਪਾਸੇ ਮੈਂ ਦੇਸ਼ ਵਾਪਸ ਨਹੀਂ ਜਾਣਾ ਚਾਹੁੰਦਾ ਪਰ ਮੇਰਾ ਆਪਣਾ ਬੱਚਾ ਤੇ ਪਤਨੀ ਮੈਨੂੰ ਬਹੁਤ ਯਾਦ ਆਉਂਦੇ ਹਨ। ਮੈਂ ਪੱਕਾ ਹੋ ਕੇ ਆਪਣੇ ਬੇਟੇ ਨੂੰ ਮਿਲਣਾ ਚਾਹੁੰਦਾ ਹਾਂ। ਆਪਣੀ ਪਤਨੀ ਨੂੰ ਆਪਣੇ ਕੋਲ ਲਿਆਉਣਾ ਚਾਹੁੰਦਾ ਹਾਂ ਪਰ ਮੈਂ ਤਾਂ ਕਟਿਆ ਵੱਡਿਆ ਪਿਆ ਹਾਂ।"

ਇਕ ਬੱਚੇ ਦੇ ਮੋਹ ਨੂੰ ਜਿਨੇ ਮਾਰਮਿਕ ਸ਼ਬਦਾਂ ਵਿਚ ਸੁਪਨਦੀਪ ਨੇ ਬਿਆਨ ਕੀਤਾ। ਉਸ ਨੂੰ ਪੜ੍ਹ ਕੇ ਪਲਕਾਂ 'ਚ ਹੰਝੂ ਡੱਕਿਆਂ ਨਹੀਂ ਡੱਕੇ ਰਹਿੰਦੇ।

ਸੁਪਨਦੀਪ ਸੰਧੂ ਦੀ ਲਿਖਤ ਭਾਸ਼ਾ ਸ਼ੈਲੀ ਨੇ ਵੀ ਮਨ ਨੂੰ ਮੋਹਿਆ ਹੈ "ਹਾਲਤਾਂ ਨੇ ਤੀਰ ਵਾਂਗ ਸਿੱਧਾ ਕਰ ਦਿੱਤਾ" ਜਿਹੇ ਵਾਕ ਲਿਖਣ ਵਾਲਾ ਸਾਡਾ ਅਜੀਜ਼ ਜਦੋਂ "ਪੈਸੇ ਦੇਣ ਤੋਂ ਵੇਰ੍ਹ" ਜਾਣਾ ਵਰਗਾ ਵਾਕ ਲਿਖਦਾ ਹੈ ਤਾਂ ਉਸੇ ਦੇ ਠੇਠ ਪੰਜਾਬੀ ਸ਼ਬਦ ਭੰਡਾਰ ਤੇ ਮਾਣ ਹੋਣ ਲਗਦਾ ਹੈ। ਅੱਜ ਕਲ੍ਹ ਤਾਂ ਹਾਲਤਾਂ ਸ਼ਬਦ ਗਲਤ ਤੌਰ ਤੇ 'ਹਾਲਾਤਾਂ' ਹੀ ਪ੍ਰਚਲਤ ਹੈ।

ਪੁਸਤਕਾਂ ਬਾਰੇ ਲਿਖਣਾ ਵਿਦਵਾਨਾਂ ਦਾ ਕੰਮ ਹੈ। ਮੇਰੀ ਤੇ ਅਰਦਾਸ ਅਤੇ ਅਸੀਸ ਹੈ ਕਿ ਸੁਪਨਦੀਪ ਦੀ ਕਲਮ ਤੋਂ ਹੋਰ ਬਹੁਤ ਕੁਝ ਮਿਲੇ। ↔



Sri Satguru Jagjit Singh Ji eLibrary NamdhariElibrary@gmail.com

# ਵਾਤਾਵਰਨ ਦਾ ਸਿਹਤ ਤੇ ਪ੍ਰਭਾਵ

*—ਡਾ. ਕੇ. ਕੇ. ਗਿੱਲ ਅਤੇ ਡਾ. ਜੀ. ਐਸ. ਬੈਂਸ*

ਮਨੁੱਖੀ ਸਿਹਤ ਤੇ ਵਾਤਾਵਰਨ ਦਾ ਰਿਸ਼ਤਾ ਆਦਿ-ਜੁਗਾਦੀ ਹੈ। ਹਿਪੋਕਰੇਟਸ (੪੬੦-੩੭੭ ਈ.ਪੂ.) ਇੱਕ ਪੁਰਾਣੇ ਡਾਕਟਰ ਅਤੇ ਅਧਿਆਪਕ ਨੂੰ ਇਲਾਜ ਪ੍ਰਬੰਧ ਦਾ ਪਿਤਾ ਕਿਹਾ ਗਿਆ ਹੈ, ਨੇ ਹਵਾ, ਸੂਰਜ, ਰੁੱਤ ਅਤੇ ਮੌਸਮ ਦੀ ਦਰ ਜਾਂ ਰਫ਼ਤਾਰ ਨੂੰ ਬਿਮਾਰੀਆਂ ਨਾਲ ਕਾਫੀ ਮੇਲ ਖਾਂਦਾ ਦਰਸਾਇਆ ਹੈ। ਜਿਸ ਨਾਲ ਹੀ ਹਵਾ, ਪਾਣੀ ਅਤੇ ਕਿਸੇ ਖਾਸ ਜਗ੍ਹਾ ਦੀ ਖੋਜ ਆਰੰਭ ਹੋ ਗਈ। ਜਿਸ ਕਿਸੇ ਨੇ ਵੀ ਪੂਰੀ ਤਰ੍ਹਾਂ ਚਿਕਿਤਸਾ ਦੀ ਛਾਣ-ਬੀਣ ਕਰਨੀ ਚਾਹੀ, ਉਸ ਨੇ ਇਸ ਤਰ੍ਹਾਂ ਹੀ ਕਾਰਵਾਈ ਕੀਤੀ। ਸਭ ਤੋਂ ਪਹਿਲਾਂ ਸਾਲ ਦੀਆਂ ਰੁੱਤਾਂ ਬਾਰੇ ਵਿਚਾਰ ਕੀਤਾ ਅਤੇ ਉਨ੍ਹਾਂ ਨੇ ਜੋ ਵੀ ਆਪਸ ਵਿੱਚ ਅਸਰ ਦਿਖਾਇਆ, ਉਹ ਕਿਸੇ ਤਰ੍ਹਾਂ ਵੀ ਇਕੋ ਜਿਹਾ ਨਹੀਂ ਸੀ। ਜਦ ਕਿ ਪ੍ਰੀਵਰਤਨ ਦੇ ਹਿਸਾਬ ਨਾਲ ਉਨ੍ਹਾਂ ਵਿੱਚ ਆਪਸ ਵਿੱਚ ਬਹੁਤ ਫਰਕ ਸੀ।

ਹਰ ਇੱਕ ਬੀਮਾਰੀ ਕਿਸੇ ਚੀਜ਼ ਦੇ ਸਰੀਰ ਵਿੱਚ ਜਾਣ ਨਾਲ ਜਾਂ ਫਿਰ ਸਰੀਰ ਵਿੱਚੋਂ ਬਾਹਰ ਆਉਣ ਨਾਲ ਹੁੰਦੀ ਹੈ। ਜਿਵੇਂ ਕਿ ਠੰਢ, ਗਰਮੀ ਅਤੇ ਹਵਾਵਾਂ, ਜਿਹੜੀਆਂ ਚੀਜ਼ਾਂ ਕਦੇ ਵੀ ਸਥਿਰ ਨਹੀਂ ਰਹਿੰਦੀਆਂ ਬਲਕਿ ਬਦਲਦੀਆਂ ਰਹਿੰਦੀਆਂ ਹਨ। ਅਰਸਤੂ ਜਿਹੜਾ ਕਿ ਇਕ ਫ਼ਿਲਾਸਫ਼ਰ, ਅਧਿਆਪਕ ਅਤੇ ਵਿਗਿਆਨੀ ਵੀ ਸੀ, ਨੇ ਆਪਣੇ ਚਾਰ ਭਾਗਾਂ ਦੇ 'ਮੈਟਰੋਲੋਜਿਕਾ' ਵਿਸਥਾਰ ਵਿੱਚ ਮੌਸਮ ਅਤੇ ਵਾਤਾਵਰਣ ਦਾ ਵਿਸਤਰਿਤ ਅਭਿਆਸ ਵਿਕਸਤ ਕੀਤਾ ਜੋ ਕਿ ਸੈਂਕੜੇ ਸਾਲਾਂ ਤੱਕ ਇੱਕ ਮਿਸਾਲ ਬਣਿਆ ਰਿਹਾ। ਅੱਜ ਕੱਲ ਅਸੀਂ ਜਿਹੜੀ ਲੰਮੀ ਅਤੇ ਅਰਾਮਦਾਇਕ ਜ਼ਿੰਦਗੀ ਜੀ ਰਹੇ ਹਾਂ ਉਦ੍ਹੇ ਲਈ ਅਸੀਂ ਇਲਾਜ ਬੱਧ ਵਿਗਿਆਨ ਦੇ ਬਹੁਤ ਧੰਨਵਾਦੀ ਹਾਂ। ਜਿਵੇਂ ਕਿ ਬੇਹੋਸ਼ ਕਰਨ ਦੀ ਦਵਾਈ ਰੋਗਾਂ ਨੂੰ ਨਾਸ਼ਕ ਦਵਾਈ ਅਤੇ ਬਾਕੀ ਰੋਗਾਂ ਤੋਂ ਛੁਟਕਾਰਾ ਪਾਉਣ ਆਦਿ ਦੀ ਵਿਧੀ ਨੇ ਆਮ ਇਨਸਾਨ ਦੀ ਸਿਹਤ ਸੁਧਾਰਨ ਅਤੇ ਬਿਮਾਰੀਆਂ ਪ੍ਰਕਿਰਿਆ ਤੇ ਕਾਬੂ ਪਾਇਆ ਹੈ।

ਮੌਸਮ ਵਿਗਿਆਨ ਨੇ ਉਪਗ੍ਰਹਿਾਂ, ਕੰਪਿਊਟਰ ਮਾਡਲਾਂ ਅਤੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸੰਸਥਾਵਾਂ ਦੇ ਤਾਲਮੇਲ ਨਾਲ ਵਿਗਿਆਨਕ ਅਤੇ ਤਕਨੀਕੀ ਇਨਕਲਾਬ ਲਿਆਂਦਾ ਹੈ। ਇਨ੍ਹਾਂ ਨਿਰੀਖਣਾਂ ਅਤੇ ਮਾਡਲਾਂ ਨੇ ਵਾਤਾਵਰਣ ਦੀ ਪ੍ਰਤੀਕਿਰਿਆ ਨੂੰ ਚੰਗੀ ਤਰ੍ਹਾਂ ਜਾਨਣ, ਸਮਝਣ ਅਤੇ ਮੌਸਮ ਦੇ ਅਨੁਮਾਨ ਵਿੱਚ ਬਹੁਤ ਸਹਾਇਤਾ ਪ੍ਰਦਾਨ ਕੀਤੀ ਹੈ। ਇਨ੍ਹਾਂ ਵਿਸ਼ੇਸ਼ਤਾਈਆਂ ਦੇ ਬਾਵਜੂਦ ਗੰਭੀਰ ਸਿਹਤ ਮੁਸ਼ਕਿਲਾਂ ਨੇ ਦੁਨੀਆਂ ਨੂੰ ਡਰਾ ਦਿੱਤਾ ਹੈ। ਜਿਸ ਤਰ੍ਹਾਂ ਅਸੀਂ ਆਪਣੀਆਂ ਕ੍ਰਿਆਵਾਂ ਨਾਲ ਇਸ ਨੂੰ ਬਦਲ ਰਹੇ ਹਾਂ ਜਾਂ ਫਿਰ ਜਿਸ ਤਰ੍ਹਾਂ ਇਸ ਦਾ ਅਸਰ ਮਨੁੱਖੀ ਸਿਹਤ ਤੇ ਹੋ ਰਿਹਾ ਹੈ, ਅਸੀਂ ਖੁਦ ਵੀ ਪੂਰੀ ਤਰ੍ਹਾਂ ਸਰਬ ਵਿਆਪੀ ਵਾਤਾਵਰਨਿਕ ਪ੍ਰਣਾਲੀ ਦੇ ਕੰਮ ਕਾਜ ਨੂੰ ਸਮਝ ਨਹੀਂ ਸਕੇ।

ਰਾਸ਼ਟਰੀ ਮੌਸਮ ਵਿਗਿਆਨਕ ਸੇਵਾਵਾਂ, ਮੌਸਮ ਜਾਂ ਵਾਤਾਵਰਣ ਦੇ ਅਸਰ, ਜਨਤਕ ਸਿਹਤ ਅਤੇ ਬਚਾਅ ਤੇ ਇਸ ਦੇ ਅਸਰ ਨੂੰ ਪਛਾਨਣ ਵਿੱਚ ਮਹੱਤਵਪੂਰਨ ਹਿੱਸਾ ਪਾਉਂਦੀਆਂ ਹਨ। ਜਿਹੜਾ ਕਿ ੧੯੯੯ ਦੇ ਰਾਸ਼ਟਰੀ ਮੌਸਮ ਵਿਗਿਆਨ ਦਿਵਸ ਦਾ ਮੁੱਖ ਮੰਤਵ ਸੀ। ਭਾਵੇਂ ਸਾਡੇ ਵਿੱਚੋਂ ਬਹੁਤ ਲੋਕ ਸਿਹਤਮੰਦ ਜੀਵਨ ਗੁਜ਼ਾਰ ਰਹੇ ਹਨ ਪਰ ਫਿਰ ਵੀ ਮਨੁੱਖੀ ਸਿਹਤ ਅਤੇ ਵਾਤਾਵਰਨ ਵਿਗਿਆਨ ਦਾ ਆਪਸ ਵਿੱਚ ਨਾਜ਼ਕ ਰਿਸ਼ਤਾ ਭਵਿੱਖ ਵਿਚਲੇ ਸਿਹਤ ਝੁਕਾਅ ਦੇ ਵਹਾਅ ਨੂੰ ਉਤਸ਼ਾਹਿਤ ਕਰਦਾ ਹੈ। ਲਗਾਤਾਰ ਵਾਤਾਵਰਣ ਦੇ ਤੱਥਾਂ ਬਾਰੇ ਚੱਲ ਰਹੀ ਖੋਜ, ਮੌਸਮੀ ਅਤੇ ਨਾਲ ਰਲਦੀਆਂ ਸੇਵਾਵਾਂ ਨੂੰ ਇਕ ਵਧੀਆ ਵਿਗਿਆਨਕ ਆਧਾਰ ਦੇ ਰਹੀ ਹੈ। ਆਮ ਸਿਹਤ ਅਤੇ ਨਾਗਰਿਕ ਸੰਗਠਨ ਦੀ ਭਲਾਈ ਵਾਸਤੇ ਜੋ ਅੱਜ ਕੱਲ੍ਹ ਸਿਹਤ ਦਾ ਰੁੱਖ ਚਲ ਰਿਹਾ ਹੈ, ਉਹ ਸਹਾਇਕ ਦੇ ਨਾਲ-ਨਾਲ ਦੁਖਦਾਇਕ ਵੀ ਹੈ। ਅੱਜ ਕਲ੍ਹ ਜਿਹੜਾ ਕਿ ਉੱਚੇ ਨੀਵੇਂ ਪੱਧਰ ਦੇ ਲੋਕਾਂ ਵਿੱਚ ਫਾਸਲਾ ਵਧ ਗਿਆ ਹੈ ਉਸ ਲਈ ਮੌਸਮੀ ਤੱਤ ਜਿਵੇਂ ਕਿ ਵਾਤਾਵਰਣ ਅਤੇ ਮੌਸਮ ਮੁੱਖ ਕਾਰਨ ਹਨ। ਲੱਖਾਂ-ਕਰੋੜਾਂ ਲੋਕਾਂ ਦੀ ਸਿਹਤ ਲਈ ਜ਼ਿੰਮੇਵਾਰ, ਮੱਛਰਾਂ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ, ਰਸਾਇਣਿਕ ਤੱਤਾਂ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ, ਪਾਣੀ ਅਤੇ ਹਵਾ ਪ੍ਰਦੂਸ਼ਣ ਬਹੁਤ ਅਹਿਮ ਭੂਮਿਕਾ ਨਿਭਾ ਰਹੇ ਹਨ। ਸੰਸਾਰ ਦੀ ੪੦ ਪ੍ਰਤੀਸ਼ਤ ਜਨਸੰਖਿਆ ਮੱਛਰਾਂ ਤੋਂ ਫੈਲਣ ਵਾਲੇ ਮਲੇਰੀਏ ਤੋਂ ਪ੍ਰਭਾਵਿਤ ਹੈ ਅਤੇ ੧.੪ ਅਰਬ ਲੋਕਾਂ ਕੋਲ ਪੀਣ ਲਈ ਸਾਫ ਪਾਣੀ ਤੱਕ ਨਹੀਂ ਹੈ।

ਧਰਤੀ ਦੀ ਰੱਖਿਅਕ ਓਜ਼ੋਨ ਤਹਿ ਜ਼ਿੰਦਗੀ ਨੂੰ ਰਹਿਣ ਯੋਗ ਬਣਾ ਰਹੀ ਹੈ। ਟਰੋਪੋਸਫੀਅਰ (Troposphear) ਵਿੱਚ ਇਸ ਦੀ ਮਾਤਰਾ ਬਹੁਤ ਜ਼ਿਆਦਾ ਅਸਥਿਰ ਹੈ। ਮਨੁੱਖੀ



Sri Satguru Jagjit Singh Ji eLibrary NamdhariElibrary@gmail.com

ਕਿਰਿਆਵਾਂ ਕਰਕੇ ਧਰਤੀ ਦਾ ਵਾਤਾਵਰਣ ਕਾਫੀ ਬਦਲਦਾ ਰਹਿੰਦਾ ਹੈ। ਧਰਤੀ ਤੋਂ ੧੦-੧੫ ਕਿਲੋਮੀਟਰ ਉੱਪਰ ਓਜ਼ੋਨ ਤਹਿ ਕਾਫੀ ਮਾਤਰਾ ਵਿੱਚ ਸੂਰਜੀ ਊਰਜਾ ਵਿਚਲੀਆਂ ਹਾਨੀਕਾਰਕ ਯੂ.ਵੀ. ਤਰੰਗਾਂ ਨੂੰ ਧਰਤੀ ਤੇ ਪਹੁੰਚਣ ਤੋਂ ਪਹਿਲਾਂ ਆਪਣੇ ਵਿੱਚ ਸੋਖ ਲੈਂਦੀ ਹੈ। ਯੂ. ਵੀ. ਤਰੰਗਾਂ ਦਾ ਪੱਧਰ ਧਰਤੀ ਤੇ ਸੂਰਜ ਦੇ ਕੋਣ, ਬੱਦਲਾਂ, ਓਜ਼ੋਨ ਅਤੇ ਏਈਰੋਸਲ (ਹਵਾ ਦੇ ਬਰੀਕ ਕਣਾਂ) ਤੋਂ ਪਤਾ ਲੱਗਦਾ ਹੈ। ਯੂ. ਵੀ. ਤਰੰਗਾਂ ਸਿਹਤ ਤੇ ਵੀ ਬਹੁਤ ਮਾੜਾ ਅਸਰ ਕਰਦੀਆਂ ਹਨ ਜਿਵੇਂ ਕਿ ਚਮੜੀ ਦੀ ਕੈਂਸਰ, ਮੋਤੀਆ ਬਿੰਦ ਅਤੇ ਸਾਡੇ ਵਿਚਲੀ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਖਤਮ ਕਰਦੀਆਂ ਹਨ। ਭਾਰਤ ਵਿੱਚ ਇਸ ਦੀ ਮਾਤਰਾ ਬਹੁਤ ਜ਼ਿਆਦਾ ਹੈ। ਇਸੇ ਲਈ ਹਰ ਤਰ੍ਹਾਂ ਦਾ ਪਰਦੂਸ਼ਣ ਜਿਵੇਂ ਕਿ ਪਾਣੀ ਅਤੇ ਹਵਾ ਪ੍ਰਦੂਸ਼ਣ ਸਾਨੂੰ ਵਾਤਾਵਰਣ ਨੂੰ ਸਾਂਭਣ ਵੱਲ ਇਸ਼ਾਰਾ ਕਰ ਰਹੇ ਹਨ। ਉਪਰਲੇ ਵਾਤਾਵਰਣ ਵਿੱਚ ਓਜ਼ੋਨ ਤਹਿ ਦਾ ਘਟਣਾ, ਕਲੋਰੀਨ, ਬਰੋਮੀਨ ਅਤੇ ਨਾਈਟਰੋਜ਼ਨ ਆਕਸਾਈਡਜ਼ ਤੋਂ ਧਰਤੀ ਤੇ ਯੂ. ਵੀ. ਤਰੰਗਾਂ ਦੇ ਪ੍ਰਕਾਸ਼ਨ ਨੂੰ ਵਧਾ ਰਿਹਾ ਹੈ। ਇਨ੍ਹਾਂ ਤੋਂ ਬਚਣ ਲਈ ਕਈ ਆਸਾਨ ਤਰੀਕੇ ਵਰਤੇ ਜਾ ਸਕਦੇ ਹਨ ਜਿਵੇਂ ਕਿ ਪੂਰੀ ਤਰ੍ਹਾਂ ਕੱਪੜਿਆਂ ਨਾਲ ਸਰੀਰ ਨੂੰ ਢੱਕ ਕੇ ਰੱਖਣਾ ਜਾਂ ਫਿਰ ਕਈ ਤਰ੍ਹਾਂ ਦੀਆਂ ਸੂਰਜੀ ਊਰਜਾ ਰੱਖਿਅਕ ਕਰੀਮਾਂ ਦਾ ਇਸਤੇਮਾਲ ਕਰਨਾ ਆਦਿ। ਪਰ ਇਸ ਤਰ੍ਹਾਂ ਕਰਨ ਨਾਲ ਅਸੀਂ ਯੂ. ਵੀ. ਤਰੰਗਾਂ ਦੇ ਅਸਰ ਨੂੰ ਥੋੜ੍ਹੇ ਸਮੇਂ ਲਈ ਤਾਂ ਘਟਾ ਸਕਦੇ ਹਾਂ ਪਰ ਲੰਮੇ ਸਮੇਂ ਦੇ ਬਚਾਅ ਲਈ ਸਾਨੂੰ ਓਜ਼ੋਨ ਤਹਿ ਦੇ ਸੁਧਾਰ ਵਾਸਤੇ ਕਦਮ ਪੁੱਟਣੇ ਚਾਹੀਦੇ ਹਨ।

ਵਿਸ਼ਵ ਸਿਹਤ ਸੰਸਥਾ ਨੇ ਇਹ ਅਨੁਮਾਨ ਲਾਇਆ ਹੈ ਕਿ ੧.੩ ਅਰਬ ਸ਼ਹਿਰੀ ਆਬਾਦੀ ਵਾਲੇ ਲੋਕ ਇਹੋ ਜਿਹੀ ਹਵਾ ਵਿੱਚ ਸਾਹ ਲੈਂਦੇ ਹਨ, ਜਿਹੜੀ ਕਿ ਸਿਹਤ ਲਈ ਅਨੁਕੂਲ ਨਹੀਂ ਹੈ। ਵਿਸ਼ਵ ਬੈਂਕ ਨੇ ਹਿਸਾਬ ਲਾਇਆ ਹੈ ਕਿ ੨ ਤੋਂ ਲੈ ਕੇ ੫ ਪ੍ਰਤੀਸ਼ਤ ਸ਼ਹਿਰੀ ਮੌਤਾਂ ਹਵਾ ਦੇ ਪ੍ਰਦੂਸ਼ਿਤ ਹੋਣ ਕਰਕੇ ਹੁੰਦੀਆਂ ਹਨ। ਜਲ-ਵਿਗਿਆਨ ਅਤੇ ਪੌਣ-ਪਾਣੀ, ਜਿਹੜੇ ਕਿ ਹਾਨੀਕਾਰਕ ਕਾਈ ਨੂੰ ਪਾਣੀ ਦੇ ਵੱਧ ਤਾਪਮਾਨ ਨੂੰ ਅਤੇ ਸ਼ਾਂਤ ਹਵਾਵਾਂ ਨੂੰ ਉਤਸ਼ਾਹ ਦਿੰਦੇ ਹਨ, ਉਨ੍ਹਾਂ ਤੇ ਕਾਬੂ ਪਾਉਣਾ ਚਾਹੀਦਾ ਹੈ। ਸਾਨੂੰ ਚਾਹੀਦਾ ਹੈ ਕਿ ਪਾਣੀ ਦੇ ਸਾਧਨਾਂ ਨਾਲ ਪਾਣੀ ਦੇ ਵਹਾਅ ਨੂੰ ਠੀਕ ਕੀਤਾ ਜਾਵੇ ਅਤੇ ਕਾਈ ਦੀ ਪ੍ਰਫੁੱਲਤਾ ਘਟਾਈ ਜਾਵੇ। ਇਸੇ ਲਈ ਖੇਤੀ ਮਾਡਲਿੰਗ, ਆਯੋਜਕਾਂ ਅਤੇ ਵਿਉਤਕਾਰਾਂ ਨੂੰ ਧਰਤੀ ਵਿਚਲੇ ਪਦੂਸ਼ਿਤ ਪਾਣੀ ਨੂੰ ਲੱਭਣ ਅਤੇ ਉਸ ਤੇ ਕਾਬੂ ਪਾਉਣ ਵਿੱਚ ਸਹਾਈ ਹੋ ਸਕਦੀ ਹੈ।

ਜਦ ਤੱਕ ਲੋਕਾਂ ਵਿੱਚ ਇਹ ਸ਼ੰਕਾ ਹੈ ਕਿ ਭਵਿੱਖ ਵਿੱਚ ਧਰਤੀ ਦੇ ਵੱਖ-ਵੱਖ ਖੇਤਰਾਂ ਵਿੱਚ ਪੌਣ-ਪਾਣੀ ਕਿਵੇਂ ਬਦਲਦਾ ਰਹੇਗਾਂ, ਤੱਦ ਤੱਕ ਕੁਦਰਤੀ ਵਾਤਾਵਰਣ ਅਤੇ ਮਨੁੱਖੀ ਸਿਹਤ ਤੇ ਕਈ ਤਰ੍ਹਾਂ ਦੇ ਮਹੱਤਵਪੂਰਨ ਸਿੱਧੇ ਜਾ ਅਸਿੱਧੇ ਅਸਰਾਂ ਦੀ ਉਮੀਦ ਹੈ। ੧੯੯੬ ਵਿੱਚ ਵਿਸ਼ਵ ਸਿਹਤ ਸੰਸਥਾ, ਵਿਸ਼ਵ ਮੌਸਮੀ ਸੰਸਥਾ (ਡਬਲਯੂ. ਐਮ. ਓ.) ਅਤੇ ਯੂ. ਐਨ. ਵਾਤਾਵਾਰਣਿਕ ਯੋਜਨਾ ਨੇ ਮਿਲਕੇ ਸੰਭਾਵੀ ਸਿਹਤ ਮੁਸ਼ਕਿਲਾਂ ਤੇ ਵਾਤਾਵਰਣ ਦੀ ਤਬਦੀਲੀ ਦੇ ਅਸਰ ਬਾਰੇ ਇੱਕ ਵੇਰਵਾ ਤਿਆਰ ਕੀਤਾ ਸੀ, ਭਾਵੇਂ ਕਿ ਇਸ ਸ਼ੰਕੇ ਨੂੰ ਸਵੀਕਾਰਦਿਆਂ ਇਸ ਅਧਿਐਨ ਨੇ ਇਹ ਸਿੱਟਾ ਕੱਢਿਆ ਹੈ ਕਿ ਪੌਣ-ਪਾਣੀ ਦੇ ਬਦਲ ਦਾ ਮਨੁੱਖੀ ਸਿਹਤ ਤੇ ਅਸਰ ਇਨਕਾਰੀ ਹੈ। ਕਈ ਹਾਲਾਤ ਵਿੱਚ ਇਹ ਅਸਰ ਅਸਿੱਧੇ ਤੌਰ ਤੇ ਵੀ ਹੋਣਗੇ ਜਿਵੇਂ ਕਿ ਬਿਮਾਰੀ ਦੇ ਸੰਚਾਰ ਨੂੰ ਬਦਲਣਾ ਅਤੇ ਖੇਤੀ ਦੀ ਪੈਦਾਵਾਰ ਦਾ ਘੱਟਣ। ਅਨੁਮਾਨ ਇਹ ਵੀ ਦਰਸਾਉਂਦਾ ਹੈ ਕਿ ਸੰਤੁਲਿਤਾ ਦੇ ਮਹੱਤਵ ਨੂੰ ਜਾਰੀ ਰੱਖਣਾ, ਆਪਣੇ ਹੱਕ ਅਤੇ ਢੰਗਾਂ ਨੂੰ ਇਸ ਤਰ੍ਹਾਂ ਵਿਕਸਤ ਕਰਨਾ ਕਿ ਉਚਿਤ ਰੋਕਥਾਮ ਅਤੇ ਕੰਮ ਕਾਰ ਦੇ ਢੰਗ ਨੂੰ ਵਿਕਸਤ ਕੀਤਾ ਜਾ ਸਕੇ।

***ਖੇਤੀ ਮੌਸਮ ਵਿਭਾਗ, ਪੰ. ਖੇ. ਯੂ.***
***ਲੁਧਿਆਣਾ***

## ਉਦੇਸ਼

ਜਿਹੜੇ ਲੋਕ ਆਪਣੇ ਉਦੇਸ਼ ਨੂੰ ਸਾਫ ਸਾਫ ਨਹੀਂ ਜਾਣਦੇ ਉਹ ਖਤਰਨਾਕ ਹੁੰਦੇ ਹਨ। ਉਨ੍ਹਾਂ ਉੱਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ।

***—ਗੋਰਕੀ***

## ਉਧਾਰ

ਨਾ ਕਦੀ ਉਧਾਰ ਦਿਉ ਤੇ ਨਾ ਲਉ। ਕਿਉਂਕਿ ਇੰਝ ਆਮ ਤੌਰ ਤੇ ਉਧਾਰ ਦੀ ਰਕਮ ਤੇ ਦੋਸਤ ਦੋਵੇਂ ਹੀ ਜਾਂਦੇ ਰਹਿੰਦੇ ਹਨ।

***—ਸ਼ੈਕਸਪੀਅਰ***



Sri Satguru Jagjit Singh Ji eLibrary NamdhariElibrary@gmail.com

# ਜਗਤਾਰਜੀਤ ਦੀ ਪਲੇਠੀ ਕਾਵਿ ਪੁਸਤਕ—"ਜੰਗਲੀ ਸਫ਼ਰ"

੧. ਅਜ ਕਲ ਨਿਰਰਥਕ ਜਾਂ ਫਿਰ ਬਹੁ-ਅਰਥਕ ਕਵਿਤਾ ਲਿਖਣ ਦਾ ਰਿਵਾਜ ਹੈ। ਇਕ ਤਰ੍ਹਾਂ ਬਹੁ-ਅਰਥਕ ਕਵਿਤਾ ਦੀ ਨਿਰਰਥਕ ਕਵਿਤਾ ਦੇ ਘੇਰੇ ਵਿਚ ਹੀ ਆਉਂਦੀ ਹੈ। ਅਜਿਹੀ ਕਵਿਤਾ ਨੂੰ ਪਰਵਾਨਗੀ ਵੀ ਸਜਿਹੇ ਹੀ ਮਿਲ ਗਈ ਜਾਪਦੀ ਹੈ। ਅਧੁਨਕਤਾਵਾਦ ਜਾਂ ਉੱਤਰਅਧੁਨਕਤਾਵਾਦ ਦਾ ਦਾਇਰਾ ਇੰਨ੍ਹਾਂ ਅਨਿਸ਼ਚਿਤ-ਵਸੀਹ ਹੈ ਕਿ ਕਿਸੇ ਵੀ ਘਟੀਆ ਤੋਂ ਘਟੀਆ ਕਵਿਤਾ ਵੀ ਇਹਦੀ ਛੱਤਰਛਾਇਆ ਹੇਠ ਪਨਾਹ ਲੈ ਸਕਦੀ ਹੈ। ਇਸ ਸ਼ਰੇਣੀ ਦੇ ਕਵੀਆਂ ਦੀ ਗਿਣਤੀ ਭਾਵੇਂ ਅਜੇ ਤਕ ਪੰਜ ਸੱਤ ਹੀ ਹੈ ਪਰ ਉਨ੍ਹਾਂ ਦੀਆਂ ਪਤੰਗਾਂ ਅੱਧ-ਅਸਮਾਨੇ ਉੱਡ ਰਹੀਆਂ ਹਨ। ਇਹ ਜਾਣਪਛਾਣ ਯੋਗ-ਜਤਨਾਂ-ਤਰੀਕਿਆਂ ਦੁਆਰਾ ਹੀ ਹੋਈ ਹੋਵੇਗੀ। ਜੋ ਹਰ ਲੇਖਕ ਦੇ ਵੱਸ ਦੀ ਗੱਲ ਨਹੀਂ।

੨. ਦੂਜੀ ਕਿਸਮ ਦੇ ਕਵੀ ਤੁੱਕਬੰਦੀ ਕਰਨ ਵਾਲੇ ਕਵੀ ਹਨ ਤੇ ਬਹੁਤੇ ਗਜ਼ਲਕਾਰ। ਮੈਨੂੰ ਹੈਰਾਨੀ ਹੁੰਦੀ ਹੈ, ਜਦੋਂ ਕੋਈ ਨਿਰਜਿੰਦ ਜਿਹੀ ਤੁੱਕਬੰਦੀ ਨੂੰ ਗਜ਼ਲ ਕਹਿਕੇ ਸਟੇਜ ਤੇ ਸਿੱਧਾ ਖਲੋ ਜਾਂਦਾ ਹੈ। ਮੈਂ ਸੁਣਿਆ ਕਰੀਬ ਪੰਦਰਾਂ ਸੌ ਕਵੀ ਪੰਜਾਬੀ 'ਚ ਇਹੀਓ ਕੰਮ ਕਰ ਰਹੇ ਹਨ। ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ।

੩. ਪਰ ਕੁਝ ਕੁ ਕਵੀ ਅਜਿਹੇ ਵੀ ਹਨ ਜੋ ਬੜੀ ਸਹਿਜਤਾ ਨਾਲ ਕਵਿਤਾ ਉਚਾਰ ਰਹੇ। ਉਹਨਾਂ ਦਾ ਨਾਂ ਗਿਣਨਾ, ਉਹਨਾਂ ਦੇ ਸਿਰਾਂ ਤੇ ਪਹਾੜ ਲੱਦਣਾ ਹੋਵੇਗਾ। ਉਹਨਾਂ ਦੇ ਈਰਖਾਲੂਆਂ ਦੀ ਗਿਣਤੀ ਵਧਾਉਣੀ ਹੋਵੇਗੀ, ਚੁੱਪ ਹੀ ਭਲੀ ਹੈ।

੪. ਜ਼ਿਗਰ ਮੁਰਾਦਾਬਾਦੀ ਨੇ ਸ਼ਕੀਲ ਬਦਾਯੂੰਨੀ ਦੀ ਜਾਣ ਪਛਾਣ ਕਰਾਉਂਦਿਆਂ ਕਿਹਾ ਹੈ, "ਅਗਰ ਕੋਈ ਸ਼ਖਸ ਸਾਰੀ ਉਮਰ ਮੇਂ ਏਕ ਸ਼ਿਅਰ ਭੀ ਕਹਿ ਦੇ ਤੋ ਮੈਂ ਉਸੇ ਸ਼ਾਇਰ ਮਾਨਨੇ ਕੋ ਤਿਆਰ ਹੂੰ। ਇਸ ਸ਼ਾਇਰ ਕੇ ਮੈਂ ਤੀਨ ਸ਼ਿਅਰ ਨੀਚੇ ਦਰਜ਼ ਕਰ ਰਹਾ ਹੂੰ" ਬਸ।

੫. ਜਗਤਾਰਜੀਤ ਨੇ ਜਦੋਂ ਮੈਨੂੰ ਆਪਣੀ ਪਲੇਠੀ ਕਵਿਤਾਵਾਂ ਦੀ ਕਿਤਾਬ "ਜੰਗਲੀ ਸਫ਼ਰ" ਦਿੱਤੀ, ਤਾਂ ਉਸ ਬਾਰੇ ਲਿਖਣਾ ਮੇਰੇ ਚਿੱਤ ਚੇਤੇ ਵੀ ਨਹੀਂ ਸੀ। ਜਗਤਾਰਜੀਤ ਮੇਰਾ ਦੋਸਤ ਹੈ, ਪਰ ਉਹਦੀ ਕਵਿਤਾ ਬਾਰੇ ਲਿਖਣਾ ਮੇਰੀ ਕੋਈ ਮਜਬੂਰੀ ਨਹੀਂ। ਕਵਿਤਾਵਾਂ ਪੜ੍ਹਦਿਆਂ ਮੈਨੂੰ ਜਾਪਿਆ ਕਿ ਇਹ ਤਾਂ ਇੱਕ ਕਵੀ ਵਾਂਗ ਲਿਖ ਰਿਹਾ। ਮੈਂ ਕੀਲਿਆ ਗਿਆ, ਅਜਿਹੀ ਕੋਈ ਗੱਲ ਨਹੀਂ ਹੋਈ, ਪਰ ਉਹਦੀਆਂ ਕਈ ਕਵਿਤਾਵਾਂ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆਂ। ਉਨ੍ਹਾਂ 'ਚੋਂ ਹੀ ਮੈਂ ਤਿੰਨ ਕਵਿਤਾਵਾਂ ਦਾ ਜ਼ਿਕਰ ਹੇਠਾਂ ਕਰ ਰਿਹਾਂ—

**੧. ਧੁੱਪ-ਪੰਛੀ**

ਸਵੇਰਸਾਰ ਜਾਂ ਸੂਰਜ ਉਦੇ ਹੋਇਆ ਤਾਂ ਸ਼ੀਤ 'ਚੋਂ ਲੰਘ ਧੁੱਪ ਦਾ ਇੱਕ ਟੋਟਾ ਕਵੀ ਦੇ ਮੋਢੇ ਤੇ ਆਣ ਲਿਸ਼ਕਦਾ ਹੈ। ਕਵੀ ਦੇ ਜਿਹਨ 'ਚ ਉਹ ਧੁੱਪ-ਪੰਛੀ ਜਿਹਾ ਰੂਪ ਧਾਰਨ ਕਰਦਾ ਹੈ। ਇਹ ਪੰਛੀ ਉਹਦੇ ਸਾਹਮਣੇ ਫੁਦਕਣ ਲਗਦਾ ਹੈ। ਅਖਬਾਰ ਪੜ੍ਹਦਿਆਂ ਧੁੱਪ-ਪੰਛੀ ਲਾਗੇ ਹੀ ਬੈਠਾ ਹੈ, ਤੇ ਇੰਝੇ ਹੀ ਕਿਤਾਬ ਪੜ੍ਹਦਿਆਂ ਵੀ ਫਿਰ ਪੰਛੀ ਇੱਥੋਂ ਉਡਦਾ ਹੈ ਤੇ ਆਪਣੀ ਚੁੰਝ ਚਾਹ ਦੇ ਕੱਪ 'ਚ ਡੋਬ ਕੇ ਫਰਸ਼ ਉਪਰ ਜਾ ਬੈਠਦਾ ਹੈ। ਇੰਜ ਇਸ ਪੰਛੀ ਦਾ ਕਵੀ ਨਾਲ ਖੇਡ ਸਾਰਾ ਦਿਨ ਜਾਰੀ ਰਹਿੰਦਾ ਹੈ। ਬੂਹਾ ਖੁਲ੍ਹਦਿਆਂ ਭਿੜਦਿਆਂ ਉਹ ਕੁਝ ਤਬ੍ਰਕਦਾ-ਦਬਕਦਾ ਹੈ ਪਰ ਖੇਡ ਜਾਰੀ ਹੈ। ਦਿਨ ਢਲਦੇ ਨਾਲ ਪੰਛੀ ਆਪਣੇ ਨਿੱਕੇ ਨਿੱਕੇ ਪੈਰਾਂ ਨਾਲ ਕੰਧ ਚੜ੍ਹਦਾ ਹੈ। ਕਵੀ ਜਾਣ ਲੈਂਦਾ ਹੈ ਕਿ ਹੁਣ ਉਹ ਚਲਾ ਜਾਵੇਗਾ। ਕਵੀ ਮਸੋਸਿਆ ਜਾਂਦਾ ਹੈ ਕਿਉਂ ਜੋ ਉਹ ਉਸਦੀ ਖੇਡ ਵਰਗਾ ਸੁਆਦ ਗੁਆਉਣਾ ਨਹੀਂ ਚਾਹੁੰਦਾ। ਉਹ ਤਾਂ ਚਾਹੁੰਦਾ ਪੰਛੀ ਰਾਤ ਭਰ ਉਹਦੇ ਕੋਲ ਰਵ੍ਹੇ। ਉਹ ਪੰਛੀ ਨਾਲ ਹਨ੍ਹੇਰੀ ਰਾਤ 'ਚ ਲੋਅ ਦੀਆਂ ਗੱਲਾਂ ਕਰਨ ਦਾ ਇਛੁਕ ਹੈ ਪਰ—

ਵੇਖਦਿਆਂ ਵੇਖਦਿਆਂ ਸੂਹਾ ਵੇਸ ਧਾਰ
ਉੱਡ ਗਿਆ, ਉਹ
ਸ਼ਾਮ ਦੇ ਘੁਸਮੁਸੇ ਵਿੱਚ।

ਇਹ ਕਵਿਤਾ ਪੜ੍ਹਕੇ ਹੇਠ ਲਿਖੇ ਖਿਆਲ ਮੇਰੇ ਮਨ 'ਚ ਉਭਰਦੇ ਹਨ। ਕਵੀ ਦੀ ਲਾਲਸਾ ਨ੍ਹੇਰੇ 'ਚ ਚਾਨਣ ਦੇਖਣ ਦੀ ਹੈ। ਨ੍ਹੇਰਾ ਉਹਦਾ ਦੁੱਖ ਜਾਪਦਾ। ਪੰਛੀ ਦੀ ਗੱਲ ਕਰਦਿਆਂ ਕਵੀ ਘਰ ਦੇ ਕਿਸੇ ਹੋਰ ਮਾਹੌਲ ਦਾ ਜ਼ਿਕਰ-ਵਿਖਾਵਾ ਨਹੀਂ ਕਰਦਾ। ਇਸ ਰਚਨਾ 'ਚ ਖੇਡ ਜਿਹਾ ਸੁਆਦ ਭਰਿਆ ਨ੍ਹੇਰੇ 'ਚ ਲੱਭਣਾ ਉਹਦੀ ਮਜਬੂਰੀ ਹੈ ਤੇ ਨਿਰਾ ਚਾਨਣ ਉਹਦੀ ਸਿਸਕਣ। ਉਸਨੇ ਸੂਰਜ ਦੀ ਇੰਨੀ ਵਿਸ਼ਾਲ ਧੁੱਪ 'ਚੋਂ ਧੁੱਪ



Sri Satguru Jagjit Singh Ji eLibrary NamdhariElibrary@gmail.com

ਦਾ ਇੱਕ ਟੁਕੜਾ ਹੀ ਪਕੜਿਆ ਹੈ।

**੨. ਮੈਂ ਤੇ ਤੂੰ**

ਹਰੇ ਘਰ-ਟਾਪੂ 'ਤੇ ਬੈਠੀ ਉਹ
ਉੱਪਰ ਵਲ ਇਸ਼ਾਰਾ ਕਰ
ਆਹਿਸਤਾ ਜਿਹਾ ਬੋਲੀ
ਉਹਨਾਂ ਮੇਲਦੇ ਬੱਦਲਾਂ ਵੱਲ ਵੇਖ
ਉਹ ਮੈਂ ਤੇ ਤੂੰ ਹਾਂ..........

ਇਹ ਕਹਿ ਉਹਦੇ ਮੱਥੇ ਦੀ ਬਿੰਦੀ ਸਵੇਰ-ਸੂਰਜ ਵਾਂਗ ਚਮਕ ਜਾਂਦੀ ਹੈ। ਉਹ ਧਰਤੀ ਖੁਰਚ-ਖੁਰਚ ਗੱਲਾਂ ਬੀਜ ਰਹੀ ਹੈ। ਕਵੀ ਦੇ ਹੁੰਗਾਰੇ ਪਾਣੀ ਵਾਂਗ ਡੁਲ੍ਹਦੇ ਜਾ ਰਹੇ ਹਨ। ਉਹ ਕਦੀ ਉਸਦੀਆਂ ਗੱਲਾਂ ਵੱਲ ਤੇ ਕਦੀ ਉਹ ਉਹਦੇ ਵੱਲ ਵੇਖਦਾ ਹੈ। ਫੇਰ-

ਉਸ ਚੁੱਪ ਧਾਰ ਅੱਖ ਚੁੱਕੀ
ਦੂਰ ਦੋ ਪੰਖੇਰੂ
ਘੁਲ ਰਹੇ ਸਨ
ਇਕ ਦੂਜੇ ਵਿਚ
ਉਹਨਾਂ ਨੂੰ ਵੇਖ
ਉਹਦੇ ਫੁਰਕਦੇ ਬੁੱਲ੍ਹਾਂ 'ਚੋਂ
ਦੰਦ ਲਿਸ਼ਕ ਪਏ............

ਤੇ ਇੰਜ ਜਿਸਮਾਂ ਨੂੰ ਚੰਨ ਤਾਰੇ ਸਾਰੇ ਨੇੜੇ ਨੇੜੇ ਹੋ ਅਪਣੇ ਜਿਹੇ ਲਗਣ ਲਗਦੇ ਹਨ। ਮੇਰੀ ਪਕੜ 'ਚ ਇਸ ਕਵਿਤਾ ਦਾ ਤਾਣਾ-ਪੇਟਾ ਇੰਜ ਦਾ ਹੈ ਕਿ ਕਵੀ ਤੇ ਉਹ ਜਦੋਂ ਬੈਠੇ ਗੱਲਾਂ ਕਰ ਰਹੇ ਹਨ ਤਾਂ ਸਮਾਂ ਦਿਨ ਦਾ ਹੈ, ਪਰ ਬੈਠਿਆਂ ਬੈਠਿਆਂ ਰਾਤ ਹੋ ਗਈ ਹੈ। ਦੂਜੇ ਇਹ ਦੋਵੇਂ ਜਿਸਮ ਨੇੜ ਨੇੜੇ ਵੀ ਹਨ ਤੇ ਦੂਰ ਦੂਰ ਵੀ। ਅਖੀਰ ਇਹ ਦੋਵੇਂ ਜਿਸਮ ਚੰਨ ਤਾਰਿਆਂ ਦੀ ਛਾਵੇਂ ਬੇਸੁੱਧ ਸੁੱਤੇ ਪਏ ਜਾਪਦੇ ਹਨ। ਸ਼ਾਇਦ, ਨੇੜੇ ਨੇੜੇ ਵੀ ਤੇ ਦੂਰ ਦੂਰ ਵੀ। ਇੱਥੇ ਇਹ ਕਹਿਣਾ ਬੜਾ ਔਖਾ ਹੈ ਕਿ ਕਵੀ ਇਸ ਤਜਰਬੇ 'ਚੋਂ ਹੋ ਕੇ ਗੁਜ਼ਰਿਆ ਹੈ ਜਾਂ ਫਿਰ ਇਹ ਨਿਰਾ ਉਹਦਾ ਕਿਆਸ ਹੈ। ਉਂਜ ਇਹ ਕਵਿਤਾ ਹੋਈ-ਬੀਤੀ ਘਟਨਾ ਵਲ ਜ਼ਿਆਦਾ ਜਾਂਦੀ ਹੈ।

**੩. ਜ਼ਖਮੀ ਬੁਧ**

ਮੌਣ ਅੱਖਾਂ ਬੰਦ ਕਰੀ ਬੈਠਾ ਹੈ
ਬੁੱਧ ਦਾ ਬੁੱਤ
ਬੁੱਧ ਤੇ ਬੁੱਤ
ਦੋਵੇਂ ਆਪਸ ਵਿੱਚ ਕਿੰਨਾ ਮਿਲਦੇ ਹਨ।

ਦੁੱਖਾਂ ਦਾ ਸਤਾਇਆ ਜਦੋਂ ਉਹ ਘਰ ਛਡ ਤੁਰਿਆ ਸੀ ਤਾਂ ਉਹ ਸਿਧਾਰਥ ਸੀ। ਪਰ ਦੁਖ ਹੰਢਾਉਂਦਾ ਹੰਢਾਉਂਦਾ ਉਹ ਬੁੱਧ ਹੋ ਗਿਆ। ਇਸੇ ਬੁੱਧ ਦਾ ਬੁੱਤ ਕਵੀ ਦੇ ਕਮਰੇ ਵਿੱਚ ਟਿਕਿਆ ਹੋਇਆ ਹੈ। ਕਮਰੇ 'ਚ ਆਉਣ ਜਾਣ ਵਾਲਿਆਂ ਨੂੰ ਉਹਦਾਂ ਮੌਣ ਚੁੱਭਦਾ ਹੈ। ਉਹ ਉਹਦੇ ਮੌਣ ਨੂੰ ਜ਼ਖਮੀ ਕਰਕੇ ਖੁਸ਼ ਹਨ। ਗੱਲ ਤਾਂ ਇਹ ਕਹਿਣੀ ਮੇਰੀ ਵੀ ਸਮੱਰਥਾ ਤੋਂ ਪਰ੍ਹੇ ਦੀ ਹੈ, ਪਰ ਲਗਦਾ ਇੰਝ ਹੈ ਕਿ ਕਵੀ ਆਪਣਾ ਰੂਪ-ਰੰਗ-ਸੁਭਾ ਬੁੱਧ ਦੇ ਬੁੱਤ ਦਵਾਰਾ ਪੇਸ਼ ਕਰ ਰਿਹਾ ਹੈ। ਇਹਦੇ ਸਕੋੜੇ ਰੂਪ 'ਚੋਂ ਗੱਲ ਇੰਨੀ ਕੁ ਹੀ ਨਿਕਲਦੀ ਹੈ ਕਿ ਘਰ ਦੇ ਲੋਕੀ ਉਹਦੀ ਚੁੱਪ 'ਚ ਵਿਘਨ ਪਾਉਂਦੇ ਹਨ। ਜੋ ਉਹਦੇ ਸੁਭਾ ਨੂੰ ਨਹੀਂ ਭਾਉਂਦਾ। ਤੇ ਉਹ ਬੁੱਧ ਵਾਂਗ ਚੁੱਪ ਧਾਰੀ ਰਖਦਾ ਹੈ।

ਬਹਰਹਾਲ, ਉਪਰੋਕਤ ਤਿੰਨਾਂ ਕਵਿਤਾਵਾਂ ਦਾ ਨਿਸ਼ਕਰਸ਼ ਰੂਪ ਜੇ ਘੜਿਆ ਜਾਵੇ ਤਾਂ ਮੈਂ ਇੰਜ ਕਹਾਂਗਾ-

"ਕਵੀ ਕਵਿਤਾਵਾਂ ਰਾਹੀਂ ਆਪਣੇ ਨਿੱਜ-ਸ੍ਵੈ ਦਾ ਵਿਖਾਵਾ ਜ਼ਰੂਰ ਕਰਦਾ ਹੈ, ਪਰ ਇਸ ਵਿਖਾਵੇ ਵਿੱਚ ਰੋਣ-ਪਿੱਟਣ ਜਿਹਾ ਵਿਰਲਾਪ ਨਹੀਂ ਸਗੋਂ ਇਕ ਕਲਾਤਮ ਨਿੱਘ ਦਾ ਆਭਾਸ ਹੈ। ਉਹ ਸਾਧਾਰਨ ਵਸਤੂਆਂ ਜਾਂ ਮਾਹੌਲ 'ਚੋਂ ਤੇਜ ਤਰਾਰ ਬਿੰਬ ਘੜਨ ਦੀ ਸਮੱਰਥਾ ਰਖਦਾ ਹੈ। ਉਹ ਸ਼ਬਦਾਂ ਦੀ ਬਹੁਤ ਘੁੱਟਵੀਂ ਤੇ ਯੋਗ ਵਰਤੋਂ ਕਰਦਾ ਹੈ। ਉਹ ਹੱਠੀ-ਸਾਧਕ ਹੈ, ਆਪਣੇ ਆਲੇ-ਦੁਆਲੇ ਦੇ ਬੰਧਨਾਂ ਤੋਂ ਮੁਕਤ-ਲਾਪਰਵਾਹ।"

ਇਹ ਉਹਦਾ ਜੰਗਲੀ ਸਫ਼ਰ ਹੈ। ਉਸਦੇ ਅਗਲੇ ਸਫ਼ਰ ਦੀ ਸਾਨੂੰ ਉਡੀਕ ਰਹੇਗੀ।

ਬੀਜ ਸੀ
ਧਰਤੀ ਸੀ
ਪਾਣੀ ਸੀ
ਸਿਰ ਉੱਪਰ ਮਘਦੇ ਸੂਰਜ ਨੇ
ਜਦ ਸੱਦਿਆ
ਬਾਂਹਾਂ ਉਲਾਰ, ਉਹ
ਧਰਤੀ 'ਚੋਂ ਬਾਹਰ ਨਿਕਲ ਆਇਆ।

*-ਗੁਰਮੁਖ*



Sri Satguru Jagjit Singh Ji eLibrary NamdhariElibrary@gmail.com

Our Motto : Best Quality of the Day

*High Class Gun Manufacturers*

**Single & Double Barrels**



# 12-Bore GUNS

## Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*

**M/S. KARTAR SINGH**
**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

## ਸੁਪਨੇ ਦੀ ਗੱਲ

*—ਡਾ. ਲਖਵੀਰ ਸਿੰਘ*

ਸਤਿਗੁਰੂ ਅਤੇ ਸਿੱਖ ਦਾ ਰਿਸ਼ਤਾ ਜਿਥੇ ਅਧਿਆਤਮਕ ਸੰਬੰਧ ਦਾ ਹੁੰਦਾ ਹੈ ਉਥੇ ਸਮਾਜਿਕ ਸੰਬੰਧ ਅਤੇ ਪਿਆਰ ਦਾ ਵੀ ਹੁੰਦਾ ਹੈ। ਸ਼ਿਸ ਨੂੰ ਆਪਣੇ ਗੁਰੂ ਤੇ ਇੰਨੀ ਸ਼ਰਧਾ ਹੁੰਦੀ ਹੈ ਕਿ ਕਮਲਬੱਧ ਨਹੀਂ ਹੋ ਸਕਦੀ। ਭਾਵ ਸ਼ਿਸ਼ ਆਪਣੇ ਸਤਿਗੁਰੂ ਜੀ ਨੂੰ ਰਹੀਮ ਦੇ ਲਿਖੇ ਸ਼ਬਦ ਕਿ

ਗੁਰੂ ਗੋਬਿੰਦ ਦੋਊ ਖੜੇ ਕਾਕੇ ਲਾਗੋ ਪਾਏ।
ਬਲਿਹਾਰੀ ਗੁਰ ਆਪਣੇ ਗੋਬਿੰਦ ਦੀਓ ਦਿਖਾਏ।

ਮੁਤਾਬਕ ਪ੍ਰਭੂ ਤੋਂ ਵੀ ਉਪਰ ਸਮਝਦਾ ਹੈ। ਸ਼ਿਸ ਲਈ ਜਿਥੇ ਅਧਿਆਤਮਕ ਤੌਰ ਤੇ ਉਸਨੂੰ ਸਤਿਗੁਰੂ ਪ੍ਰੇਮ ਤੋਂ ਵੱਡੀ ਕੋਈ ਲੋੜ ਨਹੀਂ ਹੁੰਦੀ, ਉਥੇ ਸਮਾਜਿਕ ਤੌਰ ਤੇ ਸ਼ਿਸ਼ ਲਈ ਹਰ ਆਸਾ ਪੂਰੀ ਕਰਨ ਦਾ ਕੇਂਦਰ ਬਿੰਦੂ ਵੀ ਸਤਿਗੁਰੂ ਜੀ ਹੁੰਦੇ ਹਨ।

ਮੈਨੂੰ ਸਤਿਗੁਰੂ ਜੀ ਨਾਲ ਬਚਪਨ ਤੋਂ ਹੀ ਅਥਾਹ ਪਿਆਰ ਅਤੇ ਉਨ੍ਹਾਂ ਪ੍ਰਤੀ ਸ਼ਰਧਾ ਹੈ। ਬਚਪਨ ਤੋਂ ਲੈ ਕੇ ਅੱਜ ਤੱਕ ਜਦੋਂ ਵੀ ਸਤਿਗੁਰੂ ਜੀ ਦੇ ਦਰਸ਼ਨ ਕਰਦਾ ਹਾਂ ਤਾਂ ਮਨ ਸਭ ਕੁਝ ਭੁਲ ਕੇ ਦਰਸ਼ਨਾਂ ਵਿੱਚ ਮਸਤ ਹੋ ਜਾਂਦਾ ਹੈ। ਬਹੁਤ ਵਾਰ ਪਾਤਸ਼ਾਹ ਜੀ ਦੇ ਸੁਪਨੇ ਵਿੱਚ ਦਰਸ਼ਨ ਹੁੰਦੇ ਹਨ। ਸੁਪਨਿਆਂ ਵਿੱਚ ਕਦੀ ਪਾਤਸ਼ਾਹ ਜੀ ਨਾਲ ਗੱਡੀ ਵਿੱਚ ਬੈਠ ਕੇ ਜਾ ਰਿਹਾ ਹੁੰਦਾ ਹਾਂ, ਕਦੀ ਉਨ੍ਹਾਂ ਦਾ ਮਧੁਰ ਕੀਰਤਨ ਸੁਣ ਰਿਹਾ ਹੁੰਦਾ ਹਾਂ, ਕਦੀ ਪਾਤਸ਼ਾਹ ਜੀ ਦੀ ਗੱਲਵਕੜੀ ਵਿੱਚ ਹੁੰਦਾ ਹਾਂ, ਕਦੀ ਉਨ੍ਹਾਂ ਨਾਲ ਖੁੱਲ੍ਹੇ, ਤਲਾਬ ਵਿੱਚ ਇਸ਼ਨਾਨ ਕਰ ਰਿਹਾ ਹੁੰਦਾ ਹਾਂ। ਇਕ ਵਾਰ ਪਾਤਸ਼ਾਹ ਜੀ ਨੇ ਬਦਾਨਾ ਵਰਤਾਉਂਦਿਆਂ ਨੇ ਪੂਰੀ ਝੋਲੀ ਬਦਾਨੇ ਨਾਲ ਭਰ ਦਿੱਤੀ। ਜਦ ਪਾਤਸ਼ਾਹ ਜੀ ਦੇਹ ਕਰਕੇ ਠੀਕ ਨਹੀਂ ਸਨ ਉਦੋਂ ਮਨ ਵੈਰਾਗੀ ਸੀ। ਉਸ ਸਮੇਂ ਇੱਕ ਸੱਚ ਵਰਗਾ ਸੁਪਨਾ ਆਇਆ, ਉਂਝ ਸੁਪਨੇ ਸੱਚ ਹੀ ਹੁੰਦੇ ਹਨ ਕਿਉਂਕਿ ਜਦੋਂ ਅਸੀਂ ਸੁਪਨਾ ਵੇਖ ਰਹੇ ਹੁੰਦੇ ਹਾਂ ਤਾਂ ਅਸੀਂ ਆਪਣੀ ਅਸਲ ਜ਼ਿੰਦਗੀ ਤੋਂ ਨਾਵਾਕਿਫ ਹੁੰਦੇ ਹਾਂ ਅਤੇ ਸੁਪਨਾ ਹੀ ਅਸਲ ਜ਼ਿੰਦਗੀ ਹੁੰਦਾ ਹੈ। ਜ਼ਿੰਦਗੀ ਦੀਆਂ ਬਾਕੀ ਸਭ ਬੀਤ ਚੁੱਕੀਆਂ ਘਟਨਾਵਾਂ ਵਾਂਗ ਸੁਪਨੇ ਵੀ ਅਸਲ ਜ਼ਿੰਦਗੀ ਵਿੱਚ ਵਿਚਰਦੇ ਸਮੇਂ ਦਿਮਾਗ ਵਿੱਚ ਉਵੇਂ ਦੀ ਉਵੇਂ ਉੱਕਰੇ ਪਏ ਹਨ।

ਸੱਚ ਵਰਗੇ ਸੁਪਨੇ ਵਿੱਚ ਸਵੇਰ ਚਾਰ ਵਜੇ ਦਾ ਵਕਤ ਸੀ ਕਿ ਕਿਸੇ ਨੇ ਘਰ ਆ ਕੇ ਦਰਵਾਜ਼ੇ ਦੀ ਘੰਟੀ ਵਜਾਈ। ਮੈਂ ਆਪਣੇ ਕਮਰੇ ਵਿਚੋਂ (ਸੁਪਨੇ ਵਿੱਚ) ਉਠਿਆ ਅਤੇ ਦਰਵਾਜਾ ਖੋਲ੍ਹਿਆ ਤਾਂ ਪਾਤਸ਼ਾਹ ਜੀ ਅਤੇ ਮਾਤਾ ਜੀ ਦਰਵਾਜੇ ਅੱਗੇ ਦਰਸ਼ਨ ਦੇ ਰਹੇ ਸਨ। ਮੈਂ ਚਰਨਾਂ ਤੇ ਢਹਿ ਪਿਆ। ਪਾਤਸ਼ਾਹ ਜੀ ਨੇ ਮੈਨੂੰ ਆਪਣੀ ਗੱਲਵਕੜੀ ਵਿੱਚ ਲੈ ਲਿਆ ਅਤੇ ਮੇਰੀਆਂ ਅੱਖਾਂ ਦੇ ਅੱਥਰੂ ਪੂੰਝੇ। ਇਸੇ ਤਰਾਂ ਦੀ ਭੈਣ ਮਨਜੀਤ ਬਾਰੇ ਪੁੱਛਿਆ ਤੇ ਸਾਰਿਆਂ ਨਾਲ ਗੱਲਵਕੜੀ ਪਾ ਕੇ ਪਿਆਰ ਕੀਤਾ ਅਤੇ ਸੁਪਨੇ ਵਿੱਚ ਵੀ ਜਾਣੋਂ ਮੇਰੀ ਅੱਖ ਖੁਲ੍ਹੀ (ਉਂਝ ਸੁਪਨਾ ਹੀ ਚੱਲ ਰਿਹਾ ਸੀ)। ਮੈਂ ਘਰ ਦੇ ਸਾਰੇ ਪਰਿਵਾਰ ਨੂੰ ਦੱਸ ਰਿਹਾ ਸਾਂ ਕਿ ਮੈਨੂੰ ਪਾਤਸ਼ਾਹ ਜੀ ਦਾ ਇਸ ਤਰ੍ਹਾਂ ਸੁਪਨਾ ਆਇਆ ਅਤੇ ਉਨ੍ਹਾਂ ਸਭ ਨਾਲ ਗੱਲਵਕੜੀ ਪਾ ਕੇ ਪਿਆਰ ਕੀਤਾ ਅਤੇ ਜਦੋਂ ਮੈਂ ਉਪਰ ਕਮਰੇ ਵਿੱਚ ਆਇਆ ਤਾਂ ਪਾਤਸ਼ਾਹ ਜੀ ਮੇਰੇ ਕਮਰੇ ਵਿੱਚ ਬੈੱਡ ਤੇ ਬੈਠੇ ਹੋਏ ਸਨ ਅਤੇ ਮੈਨੂੰ ਕਹਿ ਰਹੇ ਹਨ ਮੈਂ ਮੈਂ ਸੱਚੀਉਂ ਘਰ ਆਇਆ ਹਾਂ ਤੂੰ ਕਹਿ ਰਿਹਾ ਹੈਂ ਕਿ ਮੈਨੂੰ ਸੁਪਨਾ ਆਇਆ ਸੀ ਤਾਂ ਮੇਰੀਆਂ ਅੱਖਾਂ ਅੱਥਰੂਆਂ ਨਾਲ ਭਰ ਜਾਂਦੀਆਂ ਹਨ ਮੈਂ ਪਾਤਸ਼ਾਹ ਜੀ ਦੀ ਗੋਦੀ ਵਿੱਚ ਸਿਰ ਰੱਖ ਕੇ ਇੱਕ ਅਨਹਦਾ ਸ਼ਬਦ ਵਰਗਾ ਵੈਰਾਗਮਈ ਅਨੰਦ ਮਾਣ ਰਿਹਾ ਹੁੰਦਾ ਹਾਂ ਤਾਂ ਅਚਾਨਕ ਅੱਖ ਖੁੱਲ੍ਹ ਜਾਂਦੀ ਹੈ। ਦੇਖਦਾ ਹਾਂ ਤਾਂ ਉਹੀਉ ਵਕਤ, ਉਹੀ ਸਮਾਂ, ਉਹੀ ਬੈਡ, ਉਹ ਹੀ ਕਮਰਾ ਸਭ ਹਾਜ਼ਰ ਹਨ ਪਰ ਪਾਤਸ਼ਾਹ ਜੀ ਕਮਰੇ ਵਿੱਚ ਨਹੀਂ ਹਨ। ਅੱਖਾਂ ਵਿੱਚੋਂ ਅੱਥਰੂ ਵੱਗ ਰਹੇ ਹਨ ਅਤੇ ਕਮਰਾ ਭੂਚਾਲ ਆਉਣ ਵਾਂਗ ਹਿੱਲ ਰਿਹਾ ਹੈ। ਮੈਂ ਫਟਾਫਟ ਉਠਿਆ ਕਮਰਾ ਫਿਰ ਵੀ ਭੁਚਾਲ ਵਾਂਗ ਹਿੱਲ ਰਿਹਾ ਹੈ। ਮੈਂ ਸਮਝ ਗਿਆ ਸਾਂ ਇਹ ਸੁਪਨਾ ਨਹੀਂ ਮਨ ਦੀ ਵੈਰਾਗਮਈ ਅਵਸਥਾ ਹੈ।

## ਮਸਲਾ ਇਕ ਫੋਟੋ ਦਾ

ਸੁਪਨੇ ਦੀ ਗੱਲ ਕਰਦਾ ਕਰਦਾ ਆਪਣੀ ਇੱਕ ਤਮੰਨਾ ਦੀ ਗੱਲ ਕਰਨੀ ਫੇਰ ਭੁੱਲ ਗਿਆ। ਵੈਸੇ ਤਾਂ ਆਮ ਆਦਮੀ ਦੀਆਂ ਸਤਿਗੁਰੂ ਜੀ ਲਈ ਬਹੁਤ ਤਮੰਨਾਵਾਂ ਹੁੰਦੀਆਂ ਹਨ ਪਰ ਮੇਰੇ ਮਨ ਦੀ ਇੱਕ ਤਮੰਨਾ ਹੈ ਕਿ ਪਾਤਸ਼ਾਹ ਜੀ ਦੇ ਬਖਸ਼ਿਸ਼ਾਂ ਕਰਦਿਆਂ ਨਾਲ ਕੋਈ ਫੋਟੋ ਹੋਵੇ। ਜਿਸ ਇਨਸਾਨ ਦਾ ਵੀ ਆਪਣੇ ਗੁਰੂ ਜੀ ਨਾਲ ਅਧਿਆਤਮਕ ਅਤੇ ਸੱਚਾ ਪਿਆਰ ਹੋਵੇ ਅਤੇ ਉਹਨਾਂ ਨਾਲ ਫੋਟੋ ਵੀ ਹੋਵੇ ਤਾਂ ਫੋਟੋ ਦੇਖ ਕੇ ਮਨ ਨੂੰ ਹੋਰ ਵੀ ਸਕੂਨ ਮਿਲਦਾ ਹੈ। ਇਹ ਲਾਲਸਾ ਬਚਪਨ ਤੋਂ ਹੀ ਹੈ ਤੇ ੩੨ ਸਾਲ ਬੀਤ ਜਾਣ ਤੇ ਵੀ ਪੂਰੀ ਨਹੀਂ ਹੋਈ। ਵਕਤ ਵੀ ਮਿਲਦੇ ਰਹੇ ਪਰ ਫੋਟੋ ਨਹੀਂ ਮਿਲੀ। ਇਕ ਵਾਰ ੧੭



Sri Satguru Jagjit Singh Ji eLibrary NamdhariElibrary@gmail.com

ਫਰਵਰੀ ੧੯੯੭ ਨੂੰ ਸ਼ਹੀਦ ਰਤਨ ਸਿੰਘ ਮੰਡੀ ਕਲਾਂ ਦੀ ਯਾਦ ਵਿੱਚ ਬਣੇ ਹਾਲ ਦਾ ਪਾਤਸ਼ਾਹ ਦੀ ਨੇ ਉਦਘਾਟਨ ਕੀਤਾ। ਉਦਘਾਟਨ ਸਮੇਂ ਹਾਲ ਵਿੱਚ ਖੜ੍ਹਕੇ ਸਾਰੀ ਸੰਗਤ ਨਾਲ ਫੋਟੋ ਵੀ ਹੋਈ। ਉਸ ਸਮੇਂ ਇੱਕ ਪਾਸੇ ਸੰਤ ਤਰਸੇਮ ਸਿੰਘ ਜੀ ਅਤੇ ਦੂਸਰੇ ਪਾਸੇ ਸਤਿਗੁਰੂ ਜੀ ਦੇ ਬਿਲੱਕੁਲ ਨਾਲ ਮੈਂ ਅਤੇ ਮੇਰੇ ਨਾਲ ਸੂਬਾ ਸੁਰਿੰਦਰ ਕੌਰ ਖਰਲ ਖੜ੍ਹੇ ਸਨ। ਬਾਕੀ ਪਿੰਡ ਦੀ ਪੰਚਾਇਤ ਅਤੇ ਸਕੂਲ ਦਾ ਸਟਾਫ ਖੜ੍ਹਾ ਹੋਇਆ ਸੀ। ਉਹ ਫੋਟੋ ਸੂਬਾ ਸੁਰਿੰਦਰ ਕੌਰ ਖਰਲ ਕੋਲ ਸੀ। ਜਦ ਮੈਂ ਉਹਨਾਂ ਤੋਂ ਪੁਛਿਆ ਤਾਂ ਉਹਨਾਂ ਦੱਸਿਆ ਕਿ ਉਹ ਤਾਂ "ਵਰਿਆਮ" ਨੂੰ ਭੇਜ ਦਿੱਤੀ ਸੀ ਅਤੇ "ਵਰਿਆਮ" ਵਿੱਚ ਛਪ ਵੀ ਚੁਕੀ ਹੈ। ਉਨ੍ਹੀ ਦਿਨੀ ਮੈਂ ਵਰਿਆਮ ਨਹੀਂ ਪੜ੍ਹਦਾ ਸਾਂ ਅਤੇ ਜਦ ਮੈਂ ਸ੍ਰੀ ਜਗਦੀਸ਼ ਸਿੰਘ ਜੀ ਤੋਂ ਪੁਛਿਆ ਕਿ ਮਾਰਚ ਜਾਂ ਅਪ੍ਰੈਲ ੯੭ ਦਾ ਅੰਕ ਦੇ ਦਿਉ ਤਾਂ ਉਹ ਕਹਿੰਦੇ ਵੇਖ ਲਵਾਂਗੇ ਹੋ ਸਕਿਆ ਤਾਂ........। ਉਸੇ ਦਿਨ ਹੀ ਮੰਡੀ ਕਲਾਂ ਜਦ ਮੈਂ ਸਟੇਜ ਤੇ ਦੋ ਸ਼ਬਦ ਬੋਲ ਕੇ ਪਾਤਸ਼ਾਹ ਜੀ ਤੋਂ ਕਿਤਾਬਾਂ ਦਾ ਸੈੱਟ, ਫੋਟੋ, ਮਾਲਾ ਪ੍ਰਾਪਤ ਕਰ ਰਿਹਾ ਸਾਂ ਤਾਂ ਫੋਟੋ ਖਿੱਚਣ ਵੇਲੇ ਇਕਦਮ ਇੱਕ ਮਾਤਾ ਅੱਗੇ ਆ ਗਈ ਤੇ ਫੋਟੋ ਉਦੋਂ ਖਿੱਚੀ ਗਈ ਜਦ ਮੈਂ ਇਨਾਮ ਪ੍ਰਾਪਤ ਕਰ ਚੁਕਿਆ ਸਾਂ।

ਇੱਕ ਵਾਰ ਲਿਖਤੀ ਇਤਿਹਾਸਿਕ ਪ੍ਰਤੀਯੋਗਤਾ ਵਿੱਚ ਦੂਸਰਾ ਸਥਾਨ ਹਾਸਲ ਕੀਤਾ। ਸੋਚਿਆ ਅੱਜ ਤਾਂ ਪਾਤਸ਼ਾਹ ਜੀ' ਕੋਲੋਂ ਇਨਾਮ ਪ੍ਰਾਪਤ ਕਰਨ ਸਮੇਂ ਫੋਟੋ ਹੋ ਹੀ ਜਾਵੇਗੀ। ਪਰ ਉਸ ਦਿਨ ਇਨਾਮ ਹੰਸਪਾਲ ਜੀ ਤੋਂ ਵੰਡਵਾਂ ਦਿੱਤੇ ਗਏ।

ਰਾਮਪੁਰਾ ਫੂਲ ਦੀ ਸਾਧ ਸੰਗਤ ਪਿਛਲੇ ੧੭-੧੮ ਸਾਲਾਂ ਤੋਂ ਸ਼ਹੀਦੀ ਸਮਾਗਮ ਕਰਵਾਉਂਦੀ ਆ ਰਹੀ ਹੈ ਅਤੇ ਸਮਾਗਮ ਸਮੇਂ ਤਿੰਨ ਸਾਲ ਪਹਿਲਾਂ ਪਾਤਸ਼ਾਹ ਜੀ ਨੇ ਜਦੋਂ ਪੰਡਾਲ ਵਿੱਚ ਚਰਨ ਪਾਏ ਤਾਂ ਸਾਰੀ ਸਾਧ ਸੰਗਤ ਇੱਕ ਲੰਬੀ ਲਾਈਨ ਬਣਾ ਕੇ ਹੱਥਾਂ ਵਿੱਚ ਹਾਰ ਲੈ ਕੇ ਪਾਤਸ਼ਾਹ ਜੀ ਦੇ ਸਵਾਗਤ ਲਈ ਖੜ੍ਹੀ ਹੋਈ ਸੀ। ਮੈਂ ਲਾਈਨ ਵਿੱਚ ਲਗਭਗ ੧੫ਵੇਂ ਨੰਬਰ ਤੇ ਸਾਂ, ਤਾਂ ਅਚਾਨਕ ਪਾਤਸ਼ਾਹ ਜੀ ਦੀ ਗੱਡੀ ਉਥੇ ਹੀ ਰੁਕੀ ਜਿਥੇ ਮੈਂ ਖੜ੍ਹਾ ਸਾਂ। ਪਾਤਸ਼ਾਹ ਜੀ ਗੱਡੀ ਵਿੱਚੋਂ ਉਤਰੇ ਮੈਂ ਹੀ ਸਭ ਤੋਂ ਪਹਿਲਾਂ ਨਮਸਕਾਰ ਕੀਤੀ। ਪਾਤਸ਼ਾਹ ਜੀ ਦੇ ਪੰਡਾਲ ਵਿੱਚ ਜਾਂਦੇ ਸਮੇਂ ਪਾਤਸ਼ਾਹ ਜੀ ਦੇ ਇਕ ਪਾਸੇ ਰਛਪਾਲ ਜੀ ਅਤੇ ਦੂਸਰੇ ਪਾਸੇ ਮੈਂ ਸਾਂ ਅਤੇ ਕੈਮਰੇ ਵਾਲਾ ਫਟਾਫਟ ਫੋਟੋਆਂ ਖਿੱਚ ਰਿਹਾ ਸੀ। ਮੈਂ ਖੁਸ਼ ਸਾਂ ਕਿ ਅੱਜ ਤਮੰਨਾ ਪੂਰੀ ਹੋ ਗਈ ਹੈ। ਪਰ ਜਦੋਂ ਮੈਂ ਅਗਲੇ ਦਿਨ ਸਟੂਡੀਉ ਵਾਲੇ ਕੋਲ ਗਿਆ ਤਾਂ ਉਹ ਕਹਿੰਦਾ ਸਾਰੀਆਂ ਫੋਟੋ ਪ੍ਰਧਾਨ ਜੀ ਲੈ ਗਏ ਹਨ। ਜਦੋਂ ਮੈਂ ਪ੍ਰਧਾਨ ਜੀ ਕੋਲ ਗਿਆ ਤਾਂ ਉਹਨਾਂ ਦਾ ਲੜਕਾ ਕਹਿੰਦਾ ਕਿ ਉਹ ਤਾਂ ਬਠਿੰਡੇ ਸਾਡੇ ਕਾਲਜ ਦੇ ਪ੍ਰੋਫੈਸਰ ਕੋਲ ਚਲੀਆਂ ਗਈਆਂ ਹਨ ਦੋ ਦਿਨ ਤੱਕ ਆ ਜਾਣਗੀਆਂ ਦੇਖ ਲੈਣਾ। ਫਿਰ ਇਕ ਦੋ ਵਾਰ ਗਿਆ ਪਰ ਤਿੰਨ ਸਾਲ ਬੀਤ ਜਾਣ ਤੇ ਵੀ ਫੋਟੋਆਂ ਦੇਖਣ ਨੂੰ ਨਹੀਂ ਮਿਲੀਆਂ। ਇਕ ਵਾਰ ਦਾਰ ਜੀ (Father-in-law) ਨੇ ਵੀ ਪ੍ਰਧਾਨ ਜੀ ਤੋਂ ਪੁਛਿਆ ਕਿ ਫੋਟੋਆਂ ਹਨ ਤਾਂ ਦੇ ਦਿਓ ਤਾਂ ਪ੍ਰਧਾਨ ਜੀ ਕਹਿੰਦੇ ਯਾਦ ਨਹੀਂ, ਦੇਖ ਲਵਾਂਗੇ, ਮਿਲ ਗਈਆਂ ਤਾਂ ਦੇ ਦੇਵਾਂਗੇ। ਤੇ ਤਮੰਨਾ ਉਵੇਂ ਦੀ ਉਵੇਂ ਲਟਕਦੀ ਰਹੀ।

ਡੇਢ ਸਾਲ ਪਹਿਲਾਂ ਤਾਂ ਫੋਟੋ ਨਾ ਮਿਲਣ ਦਾ ਕਰਿਸ਼ਮਾ ਹੀ ਹੋਇਆ। ਛੋਟੇ ਭਾਈ ਦੇ ਵਿਆਹ ਸਮੇਂ ਪਾਤਸ਼ਾਹ ਜੀ ਹੁਕਮ ਕੀਤਾ ਕਿ ਫੋਟੋਆਂ ਖਿੱਚ ਲਓ ਪਰ ਮੇਰੇ ਜੀਜਾ ਜੀ ਪਾਤਸ਼ਾਹ ਜੀ ਦੀਆਂ ਫੋਟੋ ਹੀ ਖਿਚਦੇ ਰਹੇ। ਸਾਨੂੰ ਦੋਵਾਂ ਭਰਾਵਾਂ ਨੂੰ ਥਾਪੀ ਦੇਣ ਵੇਲੇ ਫੋਟੋ ਨਹੀਂ ਖਿੱਚੀ ਗਈ ਤੇ ਉਸੇ ਦਿਨ ਹੀ ਪਾਤਸ਼ਾਹ ਜੀ ਹੁਕਮ ਕੀਤਾ ਕਿ ਮੈਂ ਅੱਜ ਹੀ ਤੁਹਾਡੇ ਘਰ ਰਾਮਪੁਰਾ ਫੂਲ ਆਉਣਾ ਹੈ ਬਾਕੀ ਫੋਟੋਆਂ ਉਥੇ ਖਿਚਾਂਗੇ। ਉਸੇ ਦਿਨ ਹੀ ਪਾਤਸ਼ਾਹ ਜੀ ਨੇ ਘਰ ਨੂੰ ਭਾਗ ਲਾਏ। ਮੇਰੇ ਭਰਾ ਨੂੰ ਆਪਣੀ ਗਲੱਵਕੜੀ ਵਿੱਚ ਘੁਟਕੇ ਪਿਆਰ ਵੀ ਕੀਤਾ, ਪਰ ਆਉਣ ਸਮੇਂ ਇਕ ਫੋਟੋ ਖਿੱਚਣ ਤੋਂ ਬਾਅਦ ਪਾਤਸ਼ਾਹ ਜੀ ਦੇ ਘਰ ਆਉਣ ਦੀ ਖੁਸ਼ੀ ਵਿੱਚ ਇਤਨੇ ਮਸਤਾਨੇ ਹੋ ਗਏ ਕਿ ਘਰ ਲਿਆਂਦੇ ਫਲ ਮੇਵੇ ਵੀ ਪਾਤਸ਼ਾਹ ਜੀ ਨੂ ਭੇਟ ਕਰਨੇ ਭੁੱਲ ਗਏ ਤੇ ਫੋਟੋ ਵਾਲੀ ਤਮੰਨਾ ਦੀ ਸੁਰਤ ਅਗਲੇ ਦਿਨ ਹੀ ਆਈ।

ਹੁਣ ੧੯ ਅਗਸਤ ੨੦੦੨ ਨੂੰ ਮੇਰਾ ਸ਼ਾਇਰ ਦੋਸਤ ਮਲਕੀਤ ਮੀਤ (ਜੋ 'ਹਮਸਫਰ ਮੈਗਜ਼ੀਨ' ਦਾ ਸੰਪਾਦਕ ਹੈ) ਅਤੇ ਮੇਰਾ ਨਿਜੀ ਦੋਸਤ ਕਰਮਜੀਤ ਭੁੱਲਰ ਅਸੀਂ ਸਪੈਸ਼ਲ ਪਾਤਸ਼ਾਹ ਜੀ ਦੇ ਦਰਸ਼ਨ ਕਰਨ ਭੈਣੀ ਸਾਹਿਬ ਗਏ। ਦੁਪਹਿਰ ਸਮੇਂ ਨਾਮ ਸਿਮਰਨ ਵਿੱਚ ਖੂਬ ਦਰਸ਼ਨ ਹੋਏ ਅਤੇ ਸ਼ਾਮ ਨੂੰ ੫ ਤੋਂ ੬ ਵਜੇ ਤੱਕ ਦੀ ਸੰਗੀਤ ਸਭਾ ਵਿੱਚ ਜਿਥੇ ਪਾਤਸ਼ਾਹ ਜੀ ਆਪ ਨੌਜਵਾਨ ਬੱਚਿਆਂ ਨੂੰ ਕਲਾਸੀਕਲ ਸੰਗੀਤ ਦੀ ਸਿਖਿਆ ਦਿੰਦੇ ਹਨ ਉਥੇ ਰਛਪਾਲ ਜੀ ਨੇ ਸਾਨੂੰ ਸੁਨੇਹਾ ਭੇਜ ਕੇ ਬੁਲਾ ਲਿਆ ਕਿਉਂਕਿ ਉਹਨਾਂ ਨੂੰ ਪਤਾ ਸੀ ਕਿ ਸ਼ਾਇਰ ਮਲਕੀਤ ਮੀਤ ਸੰਗੀਤ ਦੇ ਸ਼ੌਕੀਨ ਹਨ। ਅਸੀਂ ਇੱਕ



Sri Satguru Jagjit Singh Ji eLibrary NamdhariElibrary@gmail.com

ਘੰਟਾ ਸੰਗੀਤ ਸੁਣਨ ਅਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਨਾਲ ਖੁਸ਼ੀਆਂ ਨਾਲ ਭਰ ਗਏ। ੬ ਵਜੇ ਰਛਪਾਲ ਜੀ ਨੂੰ ਪਾਤਸ਼ਾਹ ਜੀ ਨਾਲ ਬਚਨ ਬਿਲਾਸ ਕਰਨ ਬਾਰੇ ਬੇਨਤੀ ਕੀਤੀ ਤਾਂ ਉਹਨਾਂ ਕਿਹਾ ਕਿ ਜੋ ਅੰਦਰ ਬੈਠੇ ਹਨ ਉਹਨਾਂ ਨੂੰ ਬਾਹਰ ਆ ਜਾਣ ਦਿਉ ਫਿਰ ਤੁਹਾਨੂੰ ਬੁਲਾ ਲਵਾਂਗੇ।

ਪੰਜ ਸੱਤ ਮਿੰਟ ਬਾਅਦ ਅਚਾਨਕ ਪਾਤਸ਼ਾਹ ਜੀ ਦੇ ਸੇਵਕ ਹਰਪਾਲ ਜੀ ਉਥੇ ਆਏ, ਮੈਂ ਮਲਕੀਤ ਮੀਤ ਅਤੇ ਕਰਮਜੀਤ ਭੁੱਲਰ ਨਾਲ ਜਾਣ ਪਹਿਚਾਣ ਕਰਵਾਈ ਅਤੇ ਹਮਸਫ਼ਰ ਦਾ ਸਾਹਿਤਕ ਅੰਕ ਵੀ ਦਿਖਾਇਆ। ਉਹ ਸਾਡੇ ਬਾਰੇ ਪਾਤਸ਼ਾਹ ਜੀ ਕੋਲ ਅਰਜ਼ ਕਰਨ ਅੰਦਰ ਜਾਣ ਲੱਗੇ ਤਾਂ ਮੈਂ ਆਖ ਦਿੱਤਾ ਫੋਟੋ ਵੀ ਹੋ ਸਕੇ ਤਾਂ ਹੋ ਜਾਵੇ। ਹਰਪਾਲ ਜੀ ਨੇ ਪੁਛਿਆ "ਤੁਹਾਡੇ ਕੈਮਰੇ ਨਾਲ ਹੀ ਕਰ ਲਈਏ ਕਿ ਮੈਂ ਆਪਣੇ ਕੈਮਰੇ ਨਾਲ ਕਰ ਲਵਾਂ" ਤਾਂ ਮੈਂ ਅੱਗਿਉਂ ਆਖ ਦਿੱਤਾ ਕਿ "ਮੇਰਾ ਕੈਮਰਾ ਹੀ ਲੈ ਲਵੋ।" ਅੰਦਰ ਪਾਤਸ਼ਾਹ ਜੀ ਦੇ ਸੂਰਜ ਵਾਂਗ ਚਮਕਦੇ ਚਿਹਰੇ ਦੇ ਪ੍ਰਭਾਵਸ਼ਾਲੀ ਦਰਸ਼ਨ ਹੋਏ। ਮੈਂ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਅੱਗੇ ਬੈਠ ਗਿਆ, ਮਲਕੀਤ ਜੀ ਅਤੇ ਕਰਮਜੀਤ ਜੀ ਵੀ ਮੇਰੇ ਨਾਲ ਬੈਠ ਗਏ। ਪਾਤਸ਼ਾਹ ਜੀ ਨੇ ਦੁੱਧ ਅਤੇ ਪ੍ਰਸ਼ਾਦਾ ਛਕਣ ਬਾਰੇ ਵੀ ਪੁਛਿਆ। ਸਾਡੀਆਂ ਹਮਸਫ਼ਰ ਦੀਆਂ ਕਾਪੀਆਂ ਪਾਤਸ਼ਾਹ ਜੀ ਨੇ ਹੱਥ ਵਿੱਚ ਪਕੜ ਲਈਆਂ ਅਤੇ ਹਰਪਾਲ ਜੀ ਫੋਟੋ ਖਿਚਣ ਲੱਗੇ ਤਾਂ ਕੈਮਰੇ ਦੀ ਫਲੈਸ਼ ਨਹੀਂ ਚੱਲੀ। ਇੱਕ ਫੋਟੋ ਫਿਰ ਖਿੱਚੀ ਪਰ ਫਲੈਸ਼ ਨਹੀਂ ਚੱਲੀ। ਮੈਨੂੰ ਯਾਦ ਸੀ ਕਿ ਫੋਟੋ ਫਲੈਸ਼ ਚੱਲਣ ਤੋਂ ਬਿਨਾਂ ਵੀ ਆ ਜਾਂਦੀ ਹੈ। ਜਦੋਂ ਰਾਮਪੁਰੇ ਆ ਕੇ ਰੀਲ ਧੁਆਈ ਤਾਂ ਬਾਕੀ ਸਾਰੀਆਂ ਫੋਟੋ ਤਾਂ ਆ ਗਈਆਂ ਪਰ ਉਹ ਦੋ ਅਹਿਮ ਫੋਟੋਆਂ ਫੋਟੋਆਂ ਵਿੱਚ ਨਹੀਂ ਸਨ, ਜਿੰਨ੍ਹਾਂ ਨੂੰ ਛੇਤੀ ਤੋਂ ਛੇਤੀ ਦੇਖਣ ਦੀ ਤੜਪ ਸੀ ਤੇ ਤਮੰਨਾ ਉਵੇਂ ਦੀ ਉਵੇਂ ਲਟਕਦੀ ਰਹੀ।

ਸੋਚਦਾ ਹਾਂ, ਹੁਣ ਤਾਂ ਪਾਤਸ਼ਾਹ ਜੀ ਹੀ ਬਖਸ਼ਿਸਾਂ ਕਰਨਗੇ ਜਦੋਂ ਹੁਕਮ ਕਰਨਗੇ ਉਦੋਂ ਹੀ ਫੋਟੋ ਆ ਸਕੇਗੀ। ਅੰਦਰੋਂ ਦਿਲ ਕਹਿੰਦਾ ਹੈ ਕਿ ਪ੍ਰਭੂ ਸਮਾਨ ਸਤਿਗੁਰੂ ਜੀ ਜ਼ਰੂਰ ਬਖਸ਼ਿਸ਼ਾਂ ਕਰਨਗੇ ਅਤੇ ਸੇਵਕ ਦੀਆਂ ਝੋਲੀਆਂ ਭਰ ਦੇਣਗੇ। ਉਡੀਕਦਾ ਹਾਂ ਸ਼ਾਇਦ ੨੪੫੮੪ ਹੀ ਖੜਕ ਪਵੇ। ਪਰ ਪ੍ਰਭੂ ਹੀ ਜਾਣੇ..।

*੨/੯੭ ਮਹਿਰਾਜ ਬਸਤੀ, ਰਾਮਪੁਰਾ ਫੂਲ (ਬਠਿੰਡਾ)*

*(ਮਾਰਚ ੧੯੯੭ ਦਾ ਵਰਿਆਮ ਅਤੇ ਅਸਲ ਫੋਟੋ ਲੇਖਕ ਨੂੰ ਭੇਜ ਦਿੱਤੀ ਹੈ—ਸੰਪਾਦਕ)*

# ਖ਼ਬਰਨਾਮਾ

## ਯਾਦਗਾਰੀ ਸਮਾਗਮ

ਜਲੰਧਰ, ੧੫ ਸਤੰਬਰ ਕਰਨਾਲ ਤੋਂ ਪਹੁੰਚੇ ਸ਼ਿਆਮ ਸਹੋਤਾ ਨੇ ਆਪਣੇ ਕਰੀਬ ਪੰਦਰਾਂ, ਸਹਿਯੋਗੀਆਂ, ਜਿਨਾਂ ਵਿੱਚ ਨੌਜਵਾਨ ਵਿਦਿਆਰਥੀ—ਵਿਦਿਆਰਥਣਾਂ ਅਤੇ ਅਧਿਆਪਕ ਵੀ ਸ਼ਾਮਲ ਸਨ, ਨਾਲ ਪਾਸ਼ ਦੀ ਕਵਿਤਾ "ਸਭ ਤੋਂ ਖਤਰਨਾਕ" ਨੂੰ ਜਦ ਸਾਜ਼ਿੰਦੀਆਂ ਦੇ ਸਾਜ਼ਾਂ ਸਹਿਤ ਸਮੂਹ ਗਾਣ ਦੇ ਰੂਪ ਵਿੱਚ ਹਿੰਦੀ ਅਨੁਵਾਦ ਵਿੱਚ ਗਾਉਣਾ ਸ਼ੁਰੂ ਕੀਤਾ ਤਾਂ ਦੇਸ਼ਭਗਤ ਯਾਦਗਾਰ ਹਾਲ, ਜਲੰਧਰ ਵਿੱਚ ਜਿਵੇਂ ਸਮਾਂ ਰੁਕ ਗਿਆ ਹੋਵੇ ਤੇ ਹਾਲ ਵਿੱਚ ਮੌਜੂਦ ਸਰੋਤਾ ਇੱਕਦਮ ਮੰਤਰਮੁਗਧ ਹੋ ਕੇ ਇਸ ਗਾਇਨ ਨੂੰ ਸੁਨਣ ਲੱਗੇ। "ਸਭ ਤੋਂ ਖਤਰਨਾਕ" ਤੋਂ ਬਾਅਦ ਪ੍ਰਤੀਬੱਧਤਾ ਵਿਚ" 'ਅਸੀਂ ਲੜਾਂਗੇ ਸਾਥੀ" ਅਤੇ ਪੂਰਾ ਪੌਣਾ ਘੰਟਾ ਸ਼ਿਆਮ ਸਹੋਤਾ ਅਤੇ ਉਸਦੇ ਸਾਥੀਆਂ ਨੇ ਪਾਸ਼ ਦੀਆਂ ਕਵਿਤਾਵਾਂ ਦੇ ਹਿੰਦੀ ਰੂਪ ਦੀ ਅਜਿਹੀ ਕਲਾਤਮਕ ਸੰਗੀਤਮਈ ਪੇਸ਼ਕਾਰੀ ਕੀਤੀ ਕਿ ਦੇਸ਼ ਭਗਤ ਯਾਦਗਾਰ ਹਾਲ ਦੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਇੱਕ ਨਵੰਬਰ ਨੂੰ ਹੋਣ ਵਾਲੇ "ਗੱਦਰੀ ਬਾਬਿਆਂ ਦੇ ਮੇਲੇ" ਲਈ ਫੌਰਨ ਸੱਦਾ ਪੱਤਰ ਦੇ ਦਿੱਤਾ।

ਇਸਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਵਿਦਿਆਰਥੀਆਂ ਅਤੇ ਮੀਡੀਆ ਕਲਾਕਾਰ ਰਾਣਾ ਰਣਬੀਰ ਨੇ ਪਾਸ਼ ਦੀ ਕਵਿਤਾ, ਡਾਇਰੀ ਅਤੇ ਖ਼ਤਾਂ ਤੇ ਅਧਾਰਤ ਮੋਨੋ ਐਕਟਿੰਗ ਦੀ ਪੇਸ਼ਕਾਰੀ ਨਾਲ ਸਮਾਂ ਬੰਨ੍ਹਿਆਂ।

**ਪ੍ਰੋਗਰਾਮ ਦੀ ਸ਼ੁਰੂਆਤ** :- "ਪੰਜਾਬ ਤੋਂ ਬਾਹਰ ਪਾਸ਼ ਦੀ ਕਵਿਤਾ ਦਾ ਪ੍ਰਭਾਵ" ਵਿਸ਼ੇ ਤੇ ਹਿੰਦੀ ਲੇਖਕ ਡਾ. ਤਰਸੇਮ ਗੁਜਰਾਲ ਦੇ ਵਿਸ਼ਾ ਪ੍ਰਵਰਤਨ ਨਾਲ ਹੋਈ, ਜਿਸ ਵਿੱਚ ਉਨ੍ਹਾਂ ਨੇ ਪਾਸ਼ ਦੀ ਕਵਿਤਾ ਨੂੰ ਦੇਸ਼ ਭਰ ਵਿੱਚ ਫੈਲਾਉਣ ਦੇ ਪ੍ਰਸੰਗ ਵਿੱਚ ਹਿੰਦੀ ਕਹਾਣੀਕਾਰ ਗਿਆਨਰੰਜਨ ਤੇ ਉਨ੍ਹਾਂ ਵਲੋਂ ਸੰਪਾਦਿਤ ਪੱਤਰਕਾ "ਪਹਿਲ" ਦੇ ਯੋਗਦਾਨ ਨੂੰ ਰੇਖਾਂਕਤ ਕੀਤਾ। ਚਰਚਾ ਨੂੰ ਅੱਗੇ ਵਧਾਉਂਦਿਆਂ ਜਮਸ਼ੇਦਪੁਰ ਤੋਂ ਆਏ ਨੌਜਵਾਨ ਹਿੰਦੀ ਕਹਾਣੀਕਾਰ ਕਮਲ ਨੇ ਪਾਸ਼ ਦੀ ਕਵਿਤਾ ਨੂੰ ਖੇਤਰੀ ਸੰਦਰਭ ਤੋਂ ਅਗਾਂਹ ਜਾਕੇ ਕੌਮੀ ਪ੍ਰਸੰਗ ਵਿੱਚ ਦੇਖਣ ਦੀ ਲੋੜ ਤੇ ਜ਼ੋਰ ਦਿੱਤਾ। ਪਾਸ਼ ਲਾਇਬਰੇਰੀ ਕਰਨਾਲ ਦੇ ਇੰਚਾਰਜ਼ ਰਾਜੀਵ ਰੰਜਨ ਰਾਇ ਨੇ ਇਸ ਪ੍ਰਸੰਗ ਵਿੱਚ ਹਰਿਆਣਾ ਵਿੱਚ ਪਾਸ਼ ਦੀ ਕਵਿਤਾ ਨੇ



Sri Satguru Jagjit Singh Ji eLibrary NamdhariElibrary@gmail.com

ਪੈਦਾ ਕੀਤੀ ਸਭਿਆਚਾਰਕ ਹਲਚਲ ਦੀ ਜਾਣਕਾਰੀ ਦਿੰਦਿਆਂ ਪਾਸ਼ ਲਾਇਬਰੇਰੀ ਕਰਨਾਲ ਦੀਆਂ ਨਿਰੰਤਰ ਚਲਦੀਆਂ ਸਰਗਰਮੀਆਂ ਤੋਂ ਰੌਸ਼ਨੀ ਪਾਈ।

ਇਸੇ ਪ੍ਰਸੰਗ ਵਿੱਚ ਪ੍ਰੋਗਰਾਮ ਸੰਯੋਜਕ ਡਾ. ਚਮਨ ਲਾਲ ਨੇ ਖੁਲਾਸਾ ਕੀਤਾ ਕਿ ਪਾਸ਼ ਦੀ ਕਵਿਤਾ ਦੇਸ ਦੇ ਦਸ ਹਿੰਦੀ ਭਾਸ਼ੀ ਰਾਜਾਂ ਵਿੱਚ ਬੇਹੱਦ ਮਕਬੂਲ ਹੈ ਅਤੇ ਪਿਛਲੇ ੧੨-੧੩ ਵਰ੍ਹਿਆਂ ਤੋਂ ਪਾਸ਼ ਦੀਆਂ ਕਵਿਤਾਵਾਂ ਦੇ ਸੰਗ੍ਰਹਿ ਦੀ ਹਿੰਦੀ ਵਿੱਚ ਲਗਾਤਾਰ ਵਿਕਰੀ ਹੋ ਰਹੀ ਹੈ। ਹਿੰਦੀ ਤੋਂ ਇਲਾਵਾ ਤੇਲਗੂ, ਗੁਜਰਾਤੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਪਾਸ਼ ਦੀ ਕਵਿਤਾ ਦੇ ਸੰਕਲਨ ਪ੍ਰਕਾਸ਼ਤ ਹੋਏ ਹਨ ਅਤੇ ਮਰਾਠੀ, ਉੜੀਆਂ, ਬੰਗਲਾਂ, ਕੰਨੜ ਉਰਦੂ ਆਦਿ ਭਾਸ਼ਾਵਾਂ ਵਿੱਚ ਪਾਸ਼ ਦੀਆਂ ਕਵਿਤਾਵਾਂ ਦੇ ਕਾਫੀ ਅਨੁਵਾਦ ਹੋਏ ਹਨ ਅਤੇ ਹੋ ਰਹੇ ਹਨ।

ਇਸ ਵਰ੍ਹੇ ਦਾ ਪਾਸ਼ ਯਾਦਗਾਰੀ ਸਾਹਿੱਤਕ ਪੁਰਸਕਾਰ ਪੰਜਾਬੀ ਕਹਾਣੀਕਾਰ ਅਤਰਜੀਤ ਨੂੰ ਪ੍ਰਦਾਨ ਕੀਤਾ ਗਿਆ, ਜਿਨ੍ਹਾਂ ਪੰਜਾਬ ਦੇ ਦਲਿਤ ਜੀਵਨ ਬਾਰੇ ਬੜੀਆਂ ਤਾਕਤਵਰ ਕਹਾਣੀਆਂ ਦੀ ਰਚਨਾਂ ਕੀਤੀ ਹੈ। ਇਸ ਪੁਰਸਕਾਰ ਵਿੱਚ ਇਕ ਸਾਲ, ਮੋਮੈਂਟੋ ਅਤੇ ਇਕਵੰਜਾਂ ਸੌ ਰੁਪਏ ਦੀ ਰਾਸ਼ੀ ਸ਼ਾਮਲ ਹਨ। ਅਤਰਜੀਤ ਨੂੰ ਪੁਰਸਕਾਰ ਭੇਟ ਕਰਨ ਦੀ ਰਸਮ ਮੰਚ ਤੇ ਸਸ਼ੋਭਤ ਪ੍ਰਧਾਨਗੀ ਮੰਡਲ ਦੇ ਮੈਂਬਰਾਂ-ਵਰਿਆਮ ਸਿੰਘ ਸੰਧੂ, ਦੇਸ਼ ਭਗਤ ਯਾਦਗਾਰ ਹਾਲ ਦੇ ਜਨਰਲ ਸਕੱਤਰ ਅਤੇ ਬਜ਼ੁਰਗ ਇਨਕਲਾਬੀ ਕਾਮਰੇਡ ਗੰਧਰਵ ਸੈਨ ਕੋਛੜ ਅਤੇ ਅਮਰੀਕਾ ਵਿੱਚ ਰਹਿ ਰਹੇ ਪ੍ਰਵਾਸੀ ਪੰਜਾਬੀ ਕਵੀ ਰਵਿੰਦਰ ਸਹਿਰਾਅ ਨੇ ਕੀਤੀ। ਅਤਰਜੀਤ ਦੀਆਂ ਕਹਾਣੀਆਂ ਬਾਰੇ ਡਾ. ਰਜਨੀਸ਼ ਬਹਾਦਰ ਸਿੰਘ ਨੇ ਅਰਥ ਭਰਪੂਰ ਪੇਪਰ ਪੜ੍ਹਿਆ ਅਤੇ ਇਸ ਪੇਪਰ ਤੇ ਸੰਖੇਪ ਚਰਚਾ ਵੀ ਹੋਈ। ਅਤਰਜੀਤ ਨੇ ਇਸ ਪੁਰਸਕਾਰ ਮਿਲਣ ਤੇ ਦਿਲੀ ਖੁਸ਼ੀ ਦਾ ਪ੍ਰਗਟਾਵਾ ਕੀਤਾ।

ਪ੍ਰੋਗਰਾਮ ਵਿੱਚ ਥੋੜੇ ਸਮੇਂ ਲਈ "ਕਵਿਤਾ ਪਾਠ" ਵੀ ਹੋਇਆ, ਜਿਸਦਾ ਸੰਚਾਲਨ "ਅੱਖਰ" ਦੇ ਸੰਪਾਦਕ ਪ੍ਰਮਿੰਦਰਜੀਤ ਨੇ ਕੀਤਾ ਅਤੇ ਜਿਸ ਵਿੱਚ ਉਨ੍ਹਾਂ ਤੋਂ ਇਲਾਵਾ ਸਵਰਾਜਬੀਰ, ਰਵਿੰਦਰ ਸਹਿਰਾਅ, ਸੁਰਜੀਤ ਜੱਜ ਅਤੇ ਤੇਜਵੀਰ ਕਸੇਲ ਨੇ ਕਵਿਤਾ ਪਾਠ ਕੀਤਾ। ਕੁਲ ਮਿਲਾ ਕੇ ਇਸ ਵਰ੍ਹੇ ਦਾ ਪਾਸ਼ ਯਾਦਗਾਰੀ ਸਾਹਿੱਤਕ ਸਮਾਗਮ ਬੇਹੱਦ ਪ੍ਰਭਾਵਸ਼ਾਲੀ ਅਤੇ ਸਫਲ ਰਿਹਾ।

# ਵਿਸ਼ਵ ਪੰਜਾਬੀ ਮੰਚ ਵਲੋਂ ਮੁੰਬਈ ਵਿੱਚ ਸਾਵਣ ਕਵੀ ਦਰਬਾਰ

ਮੁੰਬਈ ਵਿੱਚ ਅੱਜਕਲ੍ਹ ਪੰਜਾਬੀ ਦੇ ਸਾਹਿਤੱਕ ਤੇ ਸੱਭਿਆਚਾਰਕ ਪ੍ਰੋਗ੍ਰਾਮ ਨਾਂ-ਮਾਤਰ ਹੀ ਹੁੰਦਾ ਹਨ। ਸੰਨ ੧੯੯੭ ਵਿੱਚ ਭਾਸ਼ਾ ਵਿਭਾਗ ਪੰਜਾਬ ਨੇ ਇਥੇ ਮੁੰਬਈ 'ਚ ਗੁਰੂ ਨਾਨਕ ਖਾਲਸਾ ਕਾਲਜ ਵਿਖੇ ਇਕ ਬਹੁਤ ਹੀ ਪ੍ਰਭਾਵਸ਼ਾਲੀ ਸਮਾਗਮ ਰਚਾ ਕੇ ਇੱਥੇ ਵਸਦੇ ਪੰਜਾਬੀਆਂ ਸਾਹਿੱਤਕ ਤੇ ਸੱਭਿਆਚਾਰਕ ਬਿਰਤੀਆਂ ਨੂੰ ਟੁੰਬਣ ਦਾ ਯਤਨ ਕੀਤਾ ਸੀ—ਤੇ ਹੁਣ ੫ ਸਾਲਾਂ ਬਾਅਦ ਇਸੇ ਖੜੋਤ ਨੂੰ ਤੋੜਨ ਲਈ ਇਥੇ ਨੌਜਵਾਨਾਂ ਦੀ ਬਣੀ ਨਵੀਂ ਵਿਸ਼ਵ ਪੰਜਾਬੀ ਮੰਚ" ਸੰਸਥਾ ਨੇ ਇਥੇ ਾਰਿਥਕ ਪੁਲਾਂਘ ਪੁੱਟੀ ਹੈ ਤੇ ਅਕਤੂਬਰ ਵਿੱਚ ਇਕ ਪੰਜਾਬੀ ਸੱਭਿਆਚਾਰਕ ਪ੍ਰੋਗ੍ਰਾਮ ਕਰਨ ਜਾ ਵੀ ਐਲਾਨ ਕੀਤਾ ਹੈ। ਕਵੀ ਦਰਬਾਰ 'ਚ ਪੰਜਾਬ ਤੋਂ ਮੰਚ ਦੇ ਉਚੇਚੇ ਸੱਦੇ 'ਤੇ ਜਨਾਬ ਡੀ. ਆਰ. ਧਵਨ ਅਤੇ ਨਰਿੰਦਰ ਮਾਨਵ ਵੀ ਸ਼ਾਮਲ ਹੋਏ। ਇਸ ਮੌਕੇ 'ਤੇ ਮੁੰਬਈ ਦੀ ਬਾਰਿਸ਼ ਨੇ ਖੂਬ ਜੰਮ ਕੇ ਬਰਸ ਕੇ ਆਪਣੀ ਭਰਪੂਰ ਹਾਜ਼ਰੀ ਲੁਆਈ। ਲੋਕਲ ਟਰੇਨਾਂ ਤੇ ਆਵਾਜਾਈ ਦੇ ਵਿਘਨ ਦੇ ਬਾਵਜੂਦ ਸ੍ਰੋਤੇ ਦੂਰੋਂ-ਨੇੜਿਓਂ ਕਵੀ ਦਰਬਾਰ ਦਾ ਆਨੰਦ ਮਾਣਨ ਲਈ ਪੁੱਜੇ।

ਮੁਖ ਮਹਿਮਾਨ ਫਿਲਮ ਪ੍ਰੋਡਿਊਸਰ ਤੇ ਕਲਾਕਾਰ ਸ੍ਰੀ ਮੰਗਲ ਢਿੱਲੋਂ, ਵਿਸ਼ੇਸ਼ ਮਹਿਮਾਨ ਕੌਂਸਲਰ ਅਵਤਾਰ ਕੌਰ ਸੇਖੀ, ਸਾਬਕਾ ਵਿਧਾਇਕ ਕਾਲਜ ਦੇ ਪ੍ਰਿੰਸੀਪਲ ਡਾ. ਅਜੀਤ ਸਿੰਘ, ਮੰਚ ਦੇ ਚੇਅਰਮੈਨ ਸ. ਤਰਲੋਕ ਸਿੰਘ ਭੁਰਜੀ ਉਰਫ ਕੋਮਲ (ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ ਮੁੰਬਈ), ਸ੍ਰੀ ਡੀ. ਆਰ. ਧਵਨ ਅਤੇ ਸ੍ਰੀ ਨਰਿੰਦਰ ਮਾਨਵ ਸਟੇਜ ਤੇ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਸਨ। ਮੰਚ ਦੇ ਜਨਰਲ ਸਕੱਤਰ ਪਰਮਜੀਤ ਠੁਕਰਾਲ ਨੇ ਸਟੇਜ ਦੀ ਕਾਰਵਾਈ ਸ਼ੁਰੂ ਕਰਦੇ ਹੋਏ ਮੰਚ ਦੇ ਪ੍ਰਧਾਨ ਸ. ਕਰਮਬੀਰ ਸਿੰਘ ਭੁਰਜੀ ਨੂੰ ਸਟੇਜ 'ਤੇ ਸੱਦਾ ਦਿੱਤਾ ਤੇ ਉਨ੍ਹਾਂ ਨੇ ਸਾਰੇ ਮਹਿਮਾਨਾਂ ਨੂੰ 'ਜੀ ਆਇਆਂ' ਆਖਦਿਆਂ ਮੰਚ ਬਾਰੇ ਸੰਖੇਪ 'ਚ ਜਾਣਕਾਰੀ ਦਿੱਤੀ। ਬਿਨਾਂ ਸਾਜ਼ਾਂ ਤੋਂ ਗੀਤ-ਸੰਗੀਤ ਦੀ ਮਧੁਰ ਸ਼ਾਮ ਦੀ ਸ਼ੁਰੂਆਤ ਪੂਰਨ ਚੰਦ ਭੋਲਾ ਦੇ ਇਕ ਸੁਰੀਲੇ ਗੀਤ ਗਾਇਨ ਨਾਲ ਹੋਈ। ਉਪਰੰਤ ਸਥਾਨਕ ਕਵੀ ਸਰਵ ਸ੍ਰੀ ਇਕਬਾਲ ਸਿੰਘ ਚੰਦਨ, ਰਜਿੰਦਰ ਸਿੰਘ ਰਾਜ਼, ਚਰਨ ਸਿੰਘ ਦਰਦੀ, ਚੰਦਨ ਸੈਨ ਕਮਰ, ਵਿਜੈ ਅਰੁਣ, ਜਗਜੀਤ ਸਿੰਘ ਭੌਰਾ ਅਤੇ ਜੋਗਿੰਦਰ ਸਿੰਘ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਪੰਜਾਬੋਂ ਪੁਜੇ ਮਹਿਮਾਨਾਂ ਕਵੀ ਡੀ. ਆਰ. ਧਵਨ ਅਤੇ ਨਰਿੰਦਰ ਮਾਨਵ ਨੇ



Sri Satguru Jagjit Singh Ji eLibrary NamdhariElibrary@gmail.com

ਆਪਣੀਆਂ ਰਚਨਾਵਾਂ ਸੁਣਾ ਕੇ ਮੁੰਬਈ ਦੇ ਸਾਹਿਤ-ਪ੍ਰੇਮੀਆਂ ਤੇ ਕਵੀਆਂ ਪਾਸੋਂ ਭਰਪੂਰ ਦਾਦ ਖੱਟੀ। ਇਸ ਤੋਂ ਇਲਾਵਾ ਉਸਤਾਦ ਅਮਾਨਤ ਅਲੀ ਖ਼ਾਂ ਸਾਹਿਬ ਦੇ ਮੁੰਬਈ 'ਚ ਵਸ ਰਹੇ ਸ਼ਾਗਿਰਦ ਤੇ ਬਹੁਤ ਹੀ ਵਧੀਆ ਤੇ ਸੁਰੀਲੇ ਗਾਇਕ ਹਰਿੰਦਰ ਸਿੰਘ ਮਾਨ ਨੇ ਪੰਜਾਬੀ ਦੀਆਂ ਗ਼ਜ਼ਲਾਂ ਸੁਣਾਈਆਂ। ਗਾਇਕਾ ਰਿਆਜ਼ ਬੀ ਅਤੇ ਇੰਦਰਾ ਨਾਇਕ ਮੈਨਨ ਨੇ ਵੀ ਮਹਿਫ਼ਲ ਨੂੰ ਆਪਣੀ ਆਵਾਜ਼ ਦੇ ਜਾਦੂ ਨਾਲ ਕੀਲ ਲਿਆ। ਮੰਚ ਦੇ ਚੇਅਰਮੈਨ ਤੇ ਕਵੀ ਸ. ਤਰਲੋਕ ਸਿੰਘ ਕੋਮਲ ਨੇ ਦੋ ਰਚਨਾਵਾਂ ਸੁਣਾ ਕੇ ਸਾਰੇ ਸ੍ਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ।

ਕਵੀ ਦਰਬਾਰ ਵਿੱਚ ਪੰਜਾਬੀ ਫਿਲਮਾਂ ਤੇ ਹਿੰਦੀ ਸੀਰੀਅਲਾਂ 'ਚ ਭਰਪੂਰ ਨਾਮਣਾ ਖੱਟ ਚੁੱਕਿਆ ਕਲਾਕਾਰ ਗੋਪੀ ਭੱਲਾ ਵੀ ਆਪਣੇ ਰੁਝੇਵਿਆਂ ਵਿਚੋਂ ਕੁਝ ਸਮਾਂ ਕੱਢ ਕੇ ਪੁਜਿਆਂ ਤੇ ਉਸਨੇ ਸ੍ਰੋਤਿਆਂ ਨੂੰ ਆਪਣੀਆਂ ਲਤੀਫ਼ੇਦਾਰ ਗੱਲਾਂ ਨਾਲ ਖ਼ੂਬ ਹਸਾਇਆ।

ਮੰਚ ਵੱਲੋਂ ਸ੍ਰੀ ਮੰਗਲ ਢਿੱਲੋਂ, ਸ੍ਰੀਮਤੀ ਅਵਤਾਰ ਕੌਰ ਸੋਖੀ, ਸ੍ਰੀ ਮਹਿੰਦਰਜੀਤ ਸਿੰਘ, ਸ੍ਰੀ ਵਰਿੰਦਰ ਬਖ਼ਸ਼ੀ, ਮਹਿਮਾਨ ਸ਼ਾਇਰ ਸ੍ਰੀ ਡੀ. ਆਰ. ਧਵਨ ਅਤੇ ਸ੍ਰੀ ਨਰਿੰਦਰ ਮਾਨਵ ਦਾ ਮੋਮੈਂਟੋ ਭੇਂਟ ਕਰਕੇ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਉਨ੍ਹਾਂ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਮੁੰਬਈ ਵਿੱਚ ਇੱਦਾਂ ਦੇ ਨਿਰੋਲ ਸੱਭਿਆਚਾਰਕ ਤੇ ਸਾਹਿਤੱਕ ਸਮਾਗਮ ਭਵਿੱਖ ਵਿੱਚ ਵੀ ਕਰਨ ਲਈ ਕਿਹਾ ਅਤੇ ਇਸ ਲਈ ਮੰਚ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਵੀ ਭਰੋਸਾ ਦਿੱਤਾ।

ਇਸ ਮੌਕੇ ਤੇ ਪੁਜੀਆਂ ਮੁੰਬਈ ਦੀਆਂ ਪ੍ਰਮੁੱਖ ਸ਼ਖਸੀਅਤਾਂ ਵਿੱਚ ਹੋਰਨਾਂ ਤੋਂ ਇਲਾਵਾ ਕਮਿਸ਼ਨਰ ਆਫ਼ ਕਸਟਮ ਸ. ਅਮਰੀਕ ਸਿੰਘ, ਰਾਮਗੜ੍ਹੀਆ ਕ੍ਰੈਡਿਟ ਕੋ-ਆਪ੍ਰੇਟਿਵ ਸੁਸਾਇਟੀ ਦੇ ਪ੍ਰਧਾਨ ਸ. ਬਲਬੀਰ ਸਿੰਘ ਮੁਠਾਰੂ, ਸਾਬਕਾ ਪ੍ਰਧਾਨ ਸ. ਸਤਪਾਲ ਸਿੰਘ ਭਾਰਜ, ਮਾਟੁੰਗਾ ਗੁਰਦੁਆਰਾ ਦੇ ਸਾਬਕਾ ਪ੍ਰਧਾਨ ਸ. ਅਜੀਤ ਸਿੰਘ ਖੱਖਰ, ਸ. ਬਹਾਦੁਰ ਸਿੰਘ ਡਡਿਆਲ, ਸ. ਚਰਨਜੀਤ ਸਿੰਘ ਝਾਸ, ਗੁਰੂ ਨਾਨਕ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਮਨਜੀਤ ਸਿੰਘ ਭੱਟੀ, ਲੇਖਕ ਸ੍ਰੀ ਪੀ. ਕੇ. ਨਿਸ਼ਾਵਨ ਦੇ ਨਾਂ ਜ਼ਿਕਰਯੋਗ ਹਨ।

ਅੰਤ ਵਿੱਚ ਮੰਚ ਦੇ ਜਨਰਲ ਸਕੱਤਰ ਨੇ ਆਏ ਸ੍ਰੋਤਿਆਂ ਦਾ ਵਰ੍ਹਦੇ ਮੀਂਹ ਦੀ ਪਰਵਾਹ ਨਾ ਕਰਦਿਆਂ ਇਸ ਕਵੀ ਦਰਬਾਰ ਵਿੱਚ ਸ਼ਾਮਲ ਹੋਣ ਲਈ ਮੰਚ ਵਲੋਂ ਤਹਿ ਦਿਲੋਂ ਧੰਨਵਾਦ ਕੀਤਾ।

*—ਪਰਮਜੀਤ ਸਿੰਘ ਠੁਕਰਾਲ*

## ਗੁਰਭਜਨ ਗਿੱਲ ਦੀਆਂ ਕਾਵਿ-ਪੁਸਤਕਾਂ ਬਾਰੇ ਵਿਚਾਰ ਗੋਸ਼ਟੀ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਛਪਦੇ ਮਾਸਕ ਪੱਤਰ ਚੰਗੀ ਖੇਤੀ ਦੇ ਸੰਪਾਦਕ ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸੀਨੀਅਰ ਮੀਤ ਪ੍ਰਧਾਨ ਗੁਰਭਜਨ ਗਿੱਲ ਦੀਆਂ ਦੋ ਕਾਵਿ ਪੁਸਤਕਾਂ "ਬੋਲ ਮਿੱਟੀ ਦਿਆ ਬਾਵਿਆ" ਅਤੇ "ਅਗਨ ਕਥਾ" ਬਾਰੇ ਪ੍ਰੀਤ ਸਾਹਿਤ ਸਦਨ ਵੱਲੋਂ ਕਰ ਵਾਈ ਗੋਸ਼ਟੀ ਵਿੱਚ ਮੁੱਖ ਭਾਸ਼ਨ ਦਿੰਦਿਆਂ ਪ੍ਰਸਿੱਧ ਚਿੰਤਕ ਅਤੇ ਪੰਜਾਬੀ ਵਿਦਵਾਨ ਡਾ. ਸੁਖਵਿੰਦਰ ਸਿੰਘ ਰੰਧਾਵਾ ਨੇ ਕਿਹਾ ਹੈ ਕਿ ਗੁਰਭਜਨ ਗਿੱਲ ਦੀ ਕਵਿਤਾ ਦੰਭ ਭ੍ਰਿਸ਼ਟਾਚਾਰ, ਸੋਸ਼ਣ, ਅਨੈਤਿਕਤਾ ਅਤੇ ਜਬਰ ਦੇ ਖਿਲਾਫ ਲੜੀ ਜਾਣ ਵਾਲੀ ਬਹੁ-ਪਰਤੀ ਜੰਗ ਦਾ ਐਲਾਨ-ਨਾਮਾ ਹੈ। ਉਸ ਨੇ ਆਪਣੀ ਕਵਿਤਾ ਵਿੱਚ ਸਮਕਾਲੀ ਪ੍ਰਸਥਿਤੀਆਂ ਵਿੱਚ ਸਮੋਏ ਸੱਚ ਨੂੰ ਬੜੀ ਦਲੇਰੀ ਨਾਲ ਪੇਸ਼ ਕੀਤਾ ਹੈ। ਉਸ ਦੀ ਕਵਿਤਾ ਵਿੱਚ ਪੰਜਾਬ ਦੇ ਮਿੱਟੀ ਦੀ ਮਹਿਕ ਹੈ ਅਤੇ ਇਸ ਦੇ ਦਰਿਆਵਾਂ ਦੀਆਂ ਛੱਲਾਂ ਦਾ ਸੰਗੀਤ ਹੈ। ਅਲੋਪ ਹੁੰਦੇ ਜਾ ਰਹੇ ਪੇਂਡੂ ਸੱਭਿਆਚਾਰ ਦੇ ਗਵਾਚਣ ਤੇ ਹਉਕਾ ਵੀ ਹੈ ਅਤੇ ਦਰਦ ਵੀ। ਉਨ੍ਹਾਂ ਆਖਿਆ ਕਿ ਕਈ ਥਾਵਾਂ ਤੇ ਉਸ ਦਾ ਸੰਬੋਧਨ ਗੁਸੈਲ ਹੋ ਜਾਂਦਾ ਹੈ ਜੋ ਉਸ ਦੀ ਕਾਵਿ ਆਭਾ ਨੂੰ ਧੁੰਦਲਾ ਕਰਦਾ ਹੈ। ਉਨ੍ਹਾਂ ਆਖਿਆ ਕਿ ਅਗਨ ਕਥਾ ਦੀ ਕਵਿਤਾ ਨੇ ਸੁੱਤੇ ਪਾਣੀਆਂ ਵਿੱਚ ਹਰਕਤ ਪੈਦਾ ਕੀਤੀ ਹੈ ਅਤੇ ਆਪਣੀ ਪਛਾਣ ਖੁਦ ਬਣਾਈ ਹੈ।

ਅਗਨ ਕਥਾ ਬਾਰੇ ਆਪਣਾ ਪਰਚਾ ਪੜ੍ਹਦਿਆਂ ਪ੍ਰਸਿੱਧ ਵਿਦਵਾਨ ਅਤੇ ਭਾਰਤ ਸਰਕਾਰ ਦੇ ਮੈਗਜ਼ੀਨ ਯੋਜਨਾ ਦੇ ਸਾਬਕਾ ਸੰਪਾਦਕ ਡਾ. ਗੁਰਚਰਨ ਸਿੰਘ ਮੇਹੇ ਨੇ ਆਖਿਆ ਕਿ ਸੰਵੇਦਨਸ਼ੀਲ ਅਤੇ ਚੇਤਨ ਬੁੱਧ ਕਵਿਤਾ ਲਿਖ ਕੇ ਗੁਰਭਜਨ ਗਿੱਲ ਨੇ ਪੰਜਾਬੀ ਕਵਿਤਾ ਦੀ ਨੁਹਾਰ ਸ਼ਿੰਗਾਰੀ ਹੈ ਅਤੇ ਉਸ ਨੂੰ ਤਥਾ-ਕਥਿਤ ਉਤਰ ਆਧੁਨਿਕਤਾਵਾਦੀ ਸੋਚ ਦੀ ਗੁਲਾਮੀ ਨਹੀਂ ਕੀਤੀ ਸਗੋਂ ਆਪਣੇ ਵਿਰਸੇ ਅਤੇ ਵਰਤਮਾਨ ਵਿਚਕਾਰ ਕਵਿਤਾ ਦਾ ਪੁਲ ਉਸਾਰਿਆ ਹੈ। ਉਨ੍ਹਾਂ ਆਖਿਆ ਕਿ ਆਪਣੇ ਜਜ਼ਬਿਆਂ ਨੂੰ ਚੇਤਨਾ ਦੀ ਪੁੱਠ ਚਾੜ੍ਹ ਕੇ ਉਸ ਨੇ ਲੋਕ ਭਾਸ਼ਾ ਵਿੱਚ ਸ਼ਾਇਰੀ ਕੀਤੀ ਹੈ। ਜਿਸ ਕਰਕੇ ਉਹ ਹਰ ਪਾਠਕ ਅਤੇ ਸਰੋਤੇ ਦੇ ਦਿਲ ਤੇ ਅਸਰ ਕਰ ਗਈ ਹੈ। ਡਾ. ਮੇਹੇ ਨੇ ਆਖਿਆ ਕਿ ਅਜਿਹੇ ਸਮਰਥਾਵਾਨ ਕਵੀ ਆਪਣੇ ਕਲਾ-ਕੌਸ਼ਲ ਸਦਕਾ ਹਮੇਸ਼ਾ ਮੁੱਲਵਾਨ ਅਰਥ ਰੱਖਦੇ ਹਨ।

ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਪ੍ਰਸਿੱਧ ਨਾਵਲਕਾਰ ਪ੍ਰੋ: ਨਰਿੰਦਰ ਤਸਨੀਮ ਨੇ ਇਸ ਮੌਕੇ ਪ੍ਰਧਾਨਗੀ



Sri Satguru Jagjit Singh Ji eLibrary NamdhariElibrary@gmail.com

ਭਾਸ਼ਨ ਵਿੱਚ ਆਖਿਆ ਕਿ ਜਦੋਂ ਪੰਜਾਬ ਵਿੱਚ ਖ਼ੂਨੀ ਹਨੇਰੀ ਚੱਲ ਰਹੀ ਸੀ ਅਤੇ ਬਹੁਤੇ ਪੰਜਾਬੀ ਕਵੀਆਂ ਨੇ ਜਾਂ ਤਾਂ ਆਪਣੇ ਮੂੰਹਾਂ ਨੂੰ ਜੰਦਰੇ ਲਾਏ ਹੋਏ ਸਨ ਜਾਂ ਬਚ ਬਚਾ ਕੇ ਦਿਨ ਪੂਰੇ ਕਰ ਰਹੇ ਸਨ ਤਾਂ ਗੁਰਭਜਨ ਗਿੱਲ ਉਸ ਸਮੇਂ ਵੀ "ਖੰਭ ਖਿਲਰੇ ਨੇ ਕਾਵਾਂ ਦੇ, ਰੋਕ ਲਉ ਨਿਸ਼ਾਨੇਬਾਜ਼ੀਆਂ, ਪੁੱਤ ਮੁੱਕ ਚੱਲੇ ਮਾਵਾਂ ਦੇ ਲੇਖ ਲਿਖਿਆ। ਉਨ੍ਹਾਂ ਆਖਿਆ ਕਿ ਬੋਲ ਮਿੱਟੀ ਦਿਆ ਬਾਵਿਆ ਦੇ ਪਹਿਲੇ ਐਡੀਸ਼ਨ ਦਾ ਮੁੱਖ ਬੰਦ ਲਿਖਣ ਵੇਲੇ ਵੀ ਮੈਂ ਇਸ ਪੁਸਤਕ ਦੀ ਸ਼ਕਤੀ ਨੂੰ ਪਛਾਣ ਲਿਆ ਸੀ। ਉਨ੍ਹਾਂ ਆਖਿਆ ਕਿ ਅਗਨ ਕਥਾ ਨੂੰ ਬੋਲ ਮਿੱਟੀ ਦਿਆ ਬਾਵਿਆ ਤੋਂ ਨਿਖੇੜ ਕੇ ਨਹੀਂ ਪੜ੍ਹਿਆ ਜਾ ਸਕਦਾ ਕਿਉਂਕਿ ਇਹ ਦੋਵੇਂ ਪੁਸਤਕਾਂ ਪਿਛਲੇ ਪੰਦਰਾਂ ਵਰ੍ਹਿਆਂ ਦੇ ਪੰਜਾਬੀ ਮਨ ਦਾ ਸਹੀ ਦਸਤਾਵੇਜ਼ ਹਨ। ਭਾਸ਼ਾ ਵਿਭਾਗ ਦੇ ਸ਼੍ਰੋਮਣੀ ਸਾਹਿਤਕਾਰ ਸ੍ਰੀ ਅਜਾਇਬ ਚਿਤਰਕਾਰ ਨੇ ਆਖਿਆ ਕਿ ਗੁਰਭਜਨ ਗਿੱਲ ਦੀ ਸਿਰਜਣਾ ਵਿੱਚ ਇਸ ਧਰਤੀ ਦੇ ਲੋਕਾਂ ਦੇ ਦੁਖ-ਸੁਖ ਦੀ ਵਾਰਤਾ ਹੈ ਅਤੇ ਪਿਛਲੇ ੩੦ ਵਰ੍ਹਿਆਂ ਦੌਰਾਨ ਉਸ ਨੇ ਵੱਖ-ਵੱਖ ਲਹਿਰਾਂ ਦਾ ਪ੍ਰਭਾਵ ਕਬੂਲਣ ਦੀ ਥਾਂ ਲੋਕ ਹਿਤੂ ਕਵਿਤਾ ਹੀ ਲਿਖੀ ਹੈ। ਪ੍ਰੋ. ਜਤਿੰਦਰਬੀਰ ਸਿੰਘ ਨੰਦਾ ਨੇ ਇਸ ਮੌਕੇ ਬੋਲਦਿਆਂ ਆਖਿਆ ਕਿ ਸਾਹਿਤ ਦਾ ਲੋਕ ਹਿਤੂ ਅਤੇ ਕਲਿਆਣਕਾਰੀ ਸਰੂਪ ਵੇਖਣ ਲਈ ਇਹ ਦੋਵੇਂ ਕਿਤਾਬਾਂ ਸਾਡੇ ਲਈ ਪ੍ਰਮਾਣਿਕ ਦਸਤਾਵੇਜ਼ ਹਨ। ਡਾ. ਗੁਲਜ਼ਾਰ ਪੰਧੇਰ ਨੇ ਇਨ੍ਹਾਂ ਪੁਸਤਕਾਂ ਵਿੱਚ ਵੀ ਲੋਕਾਂ ਨੂੰ ਲੋਕ ਪੱਖੀ ਆਖਿਆ ਅਤੇ ਹਰ ਕਿਸਮ ਦੀ ਲੁੱਟ ਖਸੁੱਟ ਦੇ ਖਿਲਾਫ ਐਲਾਨਨਾਮਾ ਕੀਤਾ। ਡਾ. ਐਸ. ਐਨ. ਸੇਵਕ, ਕੁਲਵੰਤ ਜਗਰਾਉਂ, ਪ੍ਰੋ. ਰਵਿੰਦਰ ਭੱਠਲ, ਡਾ. ਰਣਜੀਤ ਸਿੰਘ, ਮਹਿੰਦਰਦੀਪ ਗਰੇਵਾਲ, ਐਚ. ਬੀ. ਸਿੰਘ, ਭੁਪਿੰਦਰ ਹਰਸ਼ ਅਤੇ ਪ੍ਰੀਤਮ ਪੰਧੇਰ ਨੇ ਵੀ ਗੁਰਭਜਨ ਗਿੱਲ ਦੀ ਕਵਿਤਾ ਦੀਆਂ ਵੱਖ-ਵੱਖ ਪਰਤਾਂ ਅਤੇ ਉਸ ਦੇ ਸਰੋਦੀ ਗੁਣਾਂ ਦੀ ਪ੍ਰਸੰਸਾ ਕੀਤੀ। ਡਾ. ਰਣਜੀਤ ਸਿੰਘ ਨੇ ਕਵਿਤਾ ਵਿੱਚ ਆਉਂਦੇ ਕਮਜ਼ੋਰ ਹਿੱਸਿਆਂ ਨੂੰ ਸੁਧਾਰਨ ਵੱਲ ਇਸ਼ਾਰਾ ਕੀਤਾ। ਗੋਸ਼ਟੀ ਵਿੱਚ ਉਘੇ ਵਿਦਵਾਨ ਡਾ. ਪਰਮਿੰਦਰ ਸਿੰਘ, ਪ੍ਰਿੰ. ਪ੍ਰੇਮ ਸਿੰਘ ਬਜਾਜ, ਸਰਦਾਰ ਪੰਛੀ, ਗੁਰਦੀਪ ਸਿੰਘ ਸਿੱਬਲ, ਨਿਰਮਲ ਜੌੜਾ, ਕੰਵਲਜੀਤ ਸਿੰਘ ਸ਼ੰਕਰ, ਸ੍ਰੀਮਤੀ ਸੁਰਿੰਦਰਜੀਤ ਕੌਰ, ਜਨਮੇਜਾ ਸਿੰਘ ਜੌਹਲ, ਗੁਰਚਰਨ ਕੌਰ ਕੋਛੜ, ਸਰਦਾਰਨੀ ਇੰਦਰਜੀਤ ਪਾਲ ਭਿੰਡਰ, ਡਾ. ਅਜੀਤ ਸਿੰਘ ਸਿੱਕਾ, ਐਚ. ਐਸ. ਧੀਰ, ਗੁਰਸ਼ਰਨ ਸਿੰਘ ਨਰੂਲਾ, ਸ਼ਾਹ ਚਮਨ, ਸੁਰਿੰਦਰ ਕੈਲੇ ਅਤੇ ਬੁੱਧ ਸਿੰਘ ਨੀਲੋਂ ਵੀ ਸ਼ਾਮਲ ਹੋਏ। ਪ੍ਰੀਤ ਸਾਹਿਤ ਸਦਨ ਜਮਾਲਪੁਰ ਦੇ ਸੰਚਾਲਕ ਮਨੋਜ ਪ੍ਰੀਤ ਨੇ ਆਏ ਲੇਖਕਾਂ ਦਾ ਧੰਨਵਾਦ ਕੀਤਾ।

*—ਕਰਮਜੀਤ ਸਿੰਘ ਨਾਰੰਗਵਾਲ*

## ਡਾ. ਵਰਿਆਮ ਸਿੰਘ ਸੰਧੂ ਨੂੰ ਸਦਮਾ

ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਡਾ. ਵਰਿਆਮ ਸਿੰਘ ਸੰਧੂ ਦੀ ਪੂਜਯ ਮਾਤਾ ਸਰਦਾਰਨੀ ਜਗਿੰਦਰ ਕੌਰ ਮਿਤੀ ੨੨ ਸਤੰਬਰ ੨੦੦੨ ਰਾਤ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹਨਾਂ ਦਾ ਸਸਕਾਰ ੨੩ ਸਤੰਬਰ ਸੋਮਵਾਰ ਨੂੰ ਪਰਿਵਾਰ ਦੇ ਪਿੰਡ ਸੁਰਸਿੰਘ ਜ਼ਿਲ੍ਹਾ ਅੰਮ੍ਰਿਤਸਰ ਵਿਚ ਕਰ ਦਿੱਤਾ ਗਿਆ। ਡਾ. ਵਰਿਆਮ ਸਿੰਘ ਸੰਧੂ ਨੂੰ ਅੱਜ ਵਾਲੀ ਸਨਮਾਨਜਨਕ ਥਾਂ ਤੇ ਪਹੁੰਚਾਉਣ ਵਿਚ ਮਾਤਾ ਜਗਿੰਦਰ ਕੌਰ ਦਾ ਵਿਸ਼ੇਸ਼ ਯੋਗਦਾਨ ਅਤੇ ਅਸ਼ੀਰਵਾਰ ਸੀ। ਡਾ. ਸੰਧੂ ਦੇ ਪਰਿਵਾਰ ਨੂੰ ਪਏ ਵਿਛੋੜੇ ਸਮੇਂ ਵਿਸ਼ਾਲ ਮਿੱਤਰ ਮੰਡਲ ਅਤੇ ਸਨੇਹੀਆਂ ਵਲੋਂ ਸ਼ੋਕ ਅਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਅਸੀਂ ਵਰਿਆਮ ਵਲੋਂ ਸੰਧੂ ਸਾਹਿਬ ਦੇ ਇਸ ਦੁੱਖ ਵਿਚ ਸ਼ਾਮਲ ਹਾਂ। ਮਾਤਾ ਜੀ ਨਮਿਤ ਸ਼ਰਧਾਂਜਲੀ ਤੇ ਅੰਤਿਮ ਸਮਾਗਮ ੧ ਅਕਤੂਬਰ ੨੦੦੨ ਮੰਗਲਵਾਰ ਨੂੰ ਗਰੀਨ ਲੈਂਡ ਪੈਲਸ ਪਿੰਡ ਸੁਰਸਿੰਘ ਵਿਚ ਦੁਪਹਿਰ ਨੂੰ ਹੋਵੇਗਾ। ਪਿੰਡ ਸੁਰਸਿੰਘ ਅੰਮ੍ਰਿਤਸਰ ਤੋਂ ਭਿੱਖੀ ਵਿੰਡ ਜਾਣ ਵਾਲੀ ਸੜਕ ਉੱਤੇ ਪਿੰਡ ਝਬਾਲ ਤੋਂ ਅੱਗੇ ਹੈ। ਪਿੰਡ ਝਬਾਲ ਨੂੰ ਤਰਨ ਤਾਰਨ ਵਲੋਂ ਵੀ ਪਹੁੰਚਿਆ ਜਾ ਸਕਦਾ ਹੈ। ਸਮਾਗਮ ਸਥਾਨ ਪਿੰਡ ਤੋਂ ੨ ਕਿਲੋਮੀਟਰ ਅੱਗ ਹੈ।

*—ਜਗਦੀਸ਼ ਸਿੰਘ*

## ੪੨ ਵਾਂ ਕਲਾਸੀਕਲ ਸੰਗੀਤ ਸੰਮੇਲਨ ੬ ਅਕਤੂਬਰ ਨੂੰ

ਜਲੰਧਰ—ਸੰਗੀਤ ਕਲਾ ਮੰਚ (ਰਜਿ.) ਜਲੰਧਰ ਦਾ ੪੨ ਵਾਂ ਕਲਾਸੀਕਲ ਸੰਗੀਤ ਸੰਮੇਲਨ ੬ ਅਕਤੂਬਰ, ੨੦੦੨ ਐਤਵਾਰ ਨੂੰ ਸ਼ਾਮ ੩.੩੦ ਤੋਂ ੭ ਵਜੇ ਤੱਕ ਲਾਇਨਜ਼ ਭਵਨ ਜਲੰਧਰ ਦੇ ਹਾਲ ਵਿੱਚ ਹੋਵੇਗਾ। ਇਹ ਸੂਚਨਾ ਮੰਚ ਦੇ ਸਕੱਤਰ ਪ੍ਰੋ: ਜੋਗਿੰਦਰ ਸਿੰਘ ਬਾਵਰਾ ਨੇ ਵਰਿਆਮ ਨੂੰ ਦਿੰਦੇ ਹੋਏ ਦੱਸਿਆ ਕਿ ਇਸ ਵਿੱਚ ਦਿੱਲੀ ਦੇ ਸਿਤਾਰ ਵਾਦਕ ਸ੍ਰੀ ਸਈਦ ਜ਼ਫ਼ਰ ਖ਼ਾਂ ਅਤੇ ਗਾਇਕ ਸ੍ਰੀ ਭੋਲਾ ਨਾਥ ਮਿਸ਼ਰਾ ਭਾਗ ਲੈਣ ਲਈ ਪੁਜ ਰਹੇ ਹਨ। ਜਲੰਧਰ ਦੇ ਤਬਲਾ-ਵਾਦਕ ਸ੍ਰੀ ਤਿਲਕ ਰਾਜ ਅਤੇ ਚੰਡੀਗੜ੍ਹ ਤੋਂ ਸ੍ਰੀ ਮਹਿੰਦਰ ਪ੍ਰਤਾਪ ਵੀ ਸ਼ਰਮਾ ਸ਼ਾਮਿਲ ਹੋ ਰਹੇ ਹਨ। ਹੋਰ ਵੀ ਕਈ ਫ਼ਨਕਾਰ ਇਸ ਸੰਮੇਲਨ ਵਿੱਚ ਹਿੱਸਾ ਲੈਣਗੇ।



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਿਰਿਆ

ਵਰਿਆਮ ਬਹੁਤ ਵਧੀਆਂ ਲੱਗ ਰਿਹਾ ਹੈ। ਮੈਟਰ ਦੀ ਚੋਣ ਸ੍ਰੀ ਜਗਦੀਸ਼ ਜੀ ਦੇ ਉੱਚ ਕੋਟੀ ਦੇ ਵਿਦਵਾਨ ਹੋਣ ਦਾ ਸਬੂਤ ਦਿੰਦੀ ਹੈ। ਸਤੰਬਰ ੨੦੦੨ ਦੇ ਅੰਕ ਦੀ ਪ੍ਰਤੀਕਿਰਿਆ ਵਿੱਚ ਸਵਰਨ ਸਿੰਘ ਸਨੇਹੀ ਦਾ ਚਕ੍ਰਵਰਤੀ ਜੀ ਬਾਰੇ ਲਿਖਿਆ ਕਿ ਚੱਕ੍ਰਵਰਤੀ ਜੀ ਨੇ ਤੀਜਾ ਮਹਾਂਕਾਵਿ "ਮਾਰਕਸ ਮਹਾਂਮਾਨਵ" ਲਿਖਿਆ ਸੀ ਜਿਹੜਾ ਨਾਮਧਾਰੀਆਂ ਦੀ ਅਣਗਹਿਲੀ ਕਾਰਨ ਰੱਦੀ ਦੇ ਭਾਅ ਕੂੜ-ਕਬਾੜ ਵਿੱਚ ਵਿਕ ਕੇ ਮਾਤਲੋਕ ਤੋਂ ਅਲੋਪ ਹੋ ਚੁਕਾ ਹੈ। ਬਹੁਤ ਹੀ ਅਫਸੋਸ ਵਾਲੀ ਅਤੇ ਦਰਦ ਭਰੀ ਗੱਲ ਹੈ ਕਿ ਇਤਨੇ ਮਹਾਨ ਨਾਮਧਾਰੀ ਲਿਖਾਰੀ ਦੀ ਲਿਖਤ, ਅੱਜ ਦੇ ਯੁੱਗ ਦੀ ਮੁੱਖ ਲੋੜ "ਮਾਰਕਸਵਾਦ" ਨੂੰ ਅਲੋਪ ਕਰਨ ਦੀ ਜਾਂ ਲਿਖਤ ਨੂੰ ਨਾ ਸਾਂਭਣ ਦੀ ਨਾਮਧਾਰੀਆਂ ਵੱਲੋਂ ਅਜਿਹੀ ਅਣਗਹਿਲੀ ਦੀ ਆਸ ਨਹੀਂ ਕੀਤੀ ਜਾ ਸਕਦੀ। ਜਗਦੀਸ਼ ਜੀ ਨੂੰ ਬੇਨਤੀ ਹੈ ਕਿ ਜੇਕਰ ਕਿਤੋਂ ਵੀ "ਮਾਰਕਸ ਮਹਾਂਮਾਨਵ" ਮਿਲ ਸਕੇ ਤਾਂ ਕਿਸ਼ਤਾਂ ਨਾਲ ਵਰਿਆਮ ਵਿੱਚ ਜ਼ਰੂਰ ਛਾਪਿਆ ਜਾਵੇ।

ਹਜ਼ੂਰੀ ਰਾਗੀ ਉਸਤਾਦ ਤਾਰਾ ਸਿੰਘ ਦੇ ਦੁਨੀਆਂ ਨੂੰ ਛੱਡ ਜਾਣ ਦਾ ਅਫਸੋਸ ਹੈ। ਪਰ ਅਸੀਂ ਕਰ ਵੀ ਕੀ ਸਕਦੇ ਹਾਂ ਕਿਉਂਕਿ ਜੋ ਇਸ ਦੁਨੀਆਂ ਤੇ ਆਉਂਦਾ ਹੈ ਉਸਨੇ ਇਕ ਦਿਨ ਜਾਣਾ ਹੀ ਹੈ। ਅਰਜਨ ਸਿੰਘ ਗੜਗੱਜ ਦਾ "ਦੇਸ਼ ਭਗਤੀ ਦਾ ਇਨਾਮ" ਸਾਹਿਤਕ ਰਚਨਾ ਦਿਲ ਨੂੰ ਟੁੰਬਦੀ ਹੈ। ਰੂਸ ਅਤੇ ਭਾਰਤ ਦੇ ਸੰਬੰਧਾਂ ਬਾਰੇ ਸਵਰਨ ਸਿੰਘ ਸਨੇਹੀ ਨੇ ਨਵੇਂ ਦ੍ਰਿਸ਼ਟੀਕੋਣ ਮੁਤਾਬਕ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਤੋਂ ਲੈ ਕੇ ਅੱਜ ਤੱਕ ਦੇ ਹਾਲਾਤ ਬਾਰੇ ਅਮਰੀਕਾ ਦੇ ਭਾਰਤ, ਰੂਸ, ਪਾਕਿਸਤਾਨ ਅਤੇ ਦੂਸਰੇ ਦੇਸ਼ਾਂ ਤੇ ਆਪਣੀ ਸਰਦਾਰੀ ਪੂਰਨ ਤੌਰ ਤੇ ਕਾਇਮ ਕਰਨ ਦੇ ਕੂਟਲਨੀਤੀ ਦੇ ਦ੍ਰਿਸ਼ਟੀਕੋਣ ਨੂੰ ਪੇਸ਼ ਕੀਤਾ ਹੈ। ਤਰਲੋਕ ਮਨਸੂਰ ਦੀ ਇਕ ਫੌਜ ਵਿੱਚ ਭਰਤੀ ਸਮੇਂ ਬਰਫ਼ ਦੇ ਖੰਭੇ ਤੱਕ ਜਾ ਕੇ ਸਮਾਧੀ ਵਿੱਚ ਲਿਪਤ ਹੋ ਜਾਣ ਦੀ ਘਟਨਾ ਨੂੰ ਬਹੁਤ ਹੀ ਰੌਚਕ ਢੰਗ ਨਾਲ ਪੇਸ਼ ਕੀਤਾ ਹੈ। ਇਹ ਰਚਨਾ ਸਾਨੂੰ ਦੁਨਿਆਵੀ ਉਲਝਣਾਂ ਵਿੱਚੋਂ ਨਿਕਲ ਕੇ "ਜੋ ਬ੍ਰਹਮੰਡੇ ਸੋਈ ਪਿੰਡੇ" ਦੇ ਭਗਤ ਪੀਪਾ ਜੀ ਦੇ ਲਿਖੇ ਸ਼ਬਦ ਮੁਤਾਬਕ ਮਨੁੱਖ ਨੂੰ ਬਾਹਰੀ ਰੁਝੇਵੇਂ ਛੱਡ ਕੇ ਕਦੇ ਆਪਣੇ ਅੰਦਰ ਝਾਤੀ ਮਾਰਨ ਲਈ ਵੀ ਪ੍ਰੇਰਦੀ ਹੈ। ਉਪ ਰਾਸ਼ਟਰਪਤੀ ਕ੍ਰਿਸ਼ਨ ਕਾਂਤ ਜੀ ਦੇ ਜਗਦੀਸ਼ ਨਾਲ ਮਿਲਣੀ ਬਾਰੇ ਕ੍ਰਿਸ਼ਨ ਕਾਂਤ ਜੀ ਸਾਊ, ਨਿੱਘੇ ਅਤੇ ਅਪਣੱਤ ਭਰੇ ਸੁਭਾਅ ਬਾਰੇ ਪੜ੍ਹਕੇ ਉਨ੍ਹਾਂ ਪ੍ਰਤੀ ਸ਼ਰਧਾ ਉਪਜਦੀ ਹੈ। ਪੰਜਾਬ ਕਾਂਗਰਸ ਪ੍ਰਧਾਨ ਐਚ. ਐਸ. ਹੰਸਪਾਲ ਜੀ ਦੇ ਜਵਾਨ ਹੋਣ ਵੇਲੇ ਦੀ ਤਸਵੀਰ ਉਹਨਾਂ ਦੀ ਰਾਜਨੀਤਕ, ਧਾਰਮਿਕ ਜ਼ਿੰਦਗੀ ਬਾਰੇ ਅਤੇ ਹਮੇਸ਼ਾਂ ਸਰਗਰਮੀਆਂ ਦਾ ਕੇਂਦਰ ਰਹੇ ਹੰਸਪਾਲ ਜੀ ਦੇ ਵਿਦੇਸ਼ੀ ਦੌਰੇ, ਮਿਲਵਾਕੀ ਵਿਖੇ ਵਿਸ਼ਵ ਪੰਜਾਬੀ ਕਾਨਫਰੰਸ ਤੋਂ ਇਲਾਵਾ ਉਹਨਾਂ ਦੇ ਸੁਭਾਅ, ਸਮਾਜ ਸੇਵਕ ਹੋਣ ਬਾਰੇ ਪਾਠਕਾਂ ਦੀ ਜਾਣਕਾਰੀ ਲਈ ਚੰਗੀ ਪੇਸ਼ਕਾਰੀ ਹੈ।

ਜਗਦੀਸ਼ ਜੀ ਦੀ ਦਿਨ ਰਾਤ ਦੀ ਘਾਲਣਾ ਵਰਿਆਮ ਨੂੰ ਸਮਰਪਿਤ ਹੋਣ ਕਰਕੇ ਹੀ ਵਰਿਆਮ ਦਿਨ ਦੂਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ। ਆਸ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਹ ਹਰਮਨ ਪਿਆਰਾ ਮੈਗਜ਼ੀਨ ਹੋਰ ਸਿਖਰਾਂ ਛੂਹੇਗਾ।

*—ਡਾ. ਲਖਵੀਰ ਸਿੰਘ*
*2/97 ਮਹਿਰਾਜ ਬਸਤੀ*
*ਰਾਮਪੁਰਾ ਫੂਲ (ਬਠਿੰਡਾ)-੧੫੧੧੦੩*

ਵਰਿਆਮ ਜੀ, ਕਦੀ ਕਦੀ ਵਰਿਆਮ ਇਤਨਾ ਤਕੜਾ ਹੁੰਦਾ ਏ, ਆਪਣੇ ਆਪ ਵਲ ਬਦੋ-ਬਦੀ ਖਿਚ ਲੈਂਦਾ ਏ। ਸਤੰਬਰ ਦਾ ਵਰਿਆਮ ਵੀ ਇਸ ਵਾਰੀ ਧੱਕਾ ਕਰ ਗਿਆ ਏ। ਵਰਿਆਮ ਦਾ ਮੁਖ ਪੰਨਾ ਇਸ ਵਾਰੀ ਢਿਲਾ ਛਪਿਆ ਏ। ਇਮਰੋਜ਼ ਨਾਗਮਣੀ ਦਾ ਕਲਾਕਾਰ ਸੀ, ਸੁਖਵੰਤ ਵਰਿਆਮ ਦਾ ਕਲਾਕਾਰ ਏ।

ਹੰਸਪਾਲ ਜੀ ਨੂੰ ਜਵਾਨ ਛਾਪ ਕੇ ਚੰਗਾ ਲਾਹ ਖੱਟਿਆ ਏ। ਅੱਜ ਕੱਲ ਤਾਂ ਹੰਸਪਾਲ ਜੀ ਤਸਵੀਰਾਂ ਤੋਂ ਬਾਬਾ ਨਾਨਕ ਲਗਦਾ ਏ। ਜਗਦੀਸ਼ ਜੀ ਨੇ ਹੰਸਪਾਲ ਜੀ ਦੇ ਪਿਛੋਕੜ ਨਾਲ ਚੰਗੀ ਜਾਣ-ਪਛਾਣ ਕਰਵਾਈ ਏ।

ਤਰਲੋਕ ਮਨਸੂਰ ਦਾ 'ਇੱਕ ਅਨੁਭਵ' ਲੇਖ ਕੁਦਰਤ ਨਾਲ ਵਾਸਤਾ ਪਵਾਉਂਦਾ ਏ। ਛੋਟਾ ਤੇ ਸੋਹਣਾ ਲਿਖ ਕੇ ਮਨਸੂਰ ਜੀ ਦੀਆਂ ਸੋਚਾਂ ਦੀ ਉਡਾਰੀ ਬਹੁਤ ਸੋਹਣੀ ਏ। ਉਡਾਰੀ ਵੀ ਸਿਧੀ ਪੱਧਰ ਏ।

ਬਲਬੀਰ ਸਿੰਘ ਕੰਵਲ ਹਰ ਵਾਰ ਹੀ ਪੁਰਾਣੇ ਉਸਤਾਦਾਂ ਬਾਰੇ ਸੋਹਣਾ ਲਿਖ ਕੇ ਸੰਗੀਤਕਾਰਾਂ ਬਾਰੇ ਚੰਗਾ ਗਿਆਨ ਵੰਡਦਾ ਏ। ਪਰ ਇਸ ਵਾਰ ਮਿਹਰਬਾਨ ਬਾਰੇ ਲਿਖ ਕੇ ਚੰਗਾ ਲੱਗਿਆ ਹੈ ਕਿ ਮਿਹਰਬਾਨ ਚੰਗਾ ਬੰਦਸ਼ਾਂ ਦਾ ਮਾਹਿਰ ਸੀ; ਕਿਉਂਕਿ ਹਰ ਸੰਗੀਤਕਾਰ ਚੰਗਾ ਕੰਪੋਜ਼ਰ ਤੇ ਬੰਦਸ਼ਾਂ ਦਾ ਮਾਲਕ ਨਹੀਂ ਬਣ ਸਕਦਾ।



Sri Satguru Jagjit Singh Ji eLibrary NamdhariElibrary@gmail.com

ਸਾਧੂ ਸਿੰਘ ਕਿਸਾਨ ਨੇ 'ਇਨ ਮਾਇਆ' ਨਿੱਕਾ ਤੇ ਚੰਗਾ ਲਿਖਿਆ ਏ। ਕਿਉਂਕਿ ਮਾਇਆ ਬਹੁ ਰੰਗੀ ਏ। ਇਸ ਮਾਇਆ ਤੋ ਕੋਈ ਨਹੀਂ ਬਚਿਆ।

ਅਰਜਨ ਸਿੰਘ ਗੜਗੱਜ ਦਾ ਨਾਮ ਤਾਂ ਬਹੁਤ ਸੁਣਿਆ ਹੋਇਆ ਸੀ। ਪਰ ਉਹਨਾਂ ਦਾ ਲਿਖਿਆ ਲੇਖ ਪਹਿਲੀ ਵਾਰੀ ਪੜ੍ਹਿਆ ਏ—ਦੇਸ਼ ਭਗਤੀ ਦਾ ਇਨਾਮ। ਗੜਗਜ ਜੀ ਦੀ ਕਵਿਤਾ ਬਹੁਤ ਚੰਗੀ ਲਗੀ ਏ। ਸਾਰੀ ਕਵਿਤਾ ਵਿੱਚ ਹੀ ਸਮਾਜ ਨੂੰ ਮੇਹਣੇ ਮਾਰੇ ਹਨ। ਉਹ ਅਰਜਨ ਸਿੰਘ ਗੜਗੱਜ ਹੀ ਦੇਸ਼ ਭਗਤ ਸੀ। ਅਜ ਤਾਂ ਦੇਸ਼ ਨੂੰ ਖਾਣ ਵਾਲੇ ਸਾਰੇ ਹਨ।

ਸਾਡੇ ਸਵਰਗਵਾਸੀ ਮਿਤਰ ਪਿਆਰੇ ਸ. ਜਸਵੰਤ ਸਿੰਘ ਰਾਹੀ ਦੀ ਪੁਰਾਣੀ ਗ਼ਜ਼ਲ ਛਾਪੀ ਏ, ਜਿਸ ਵਿੱਚ ਸਤਿਗੁਰੂ ਜੀ ਦੀ ਮਹਿਮਾ ਕੀਤੀ ਗਈ ਏ। ਸੋਹਣੀ ਗ਼ਜ਼ਲ ਏ। ਪੁਰਾਣਾ ਮਾਖਿਓਂ ਲੱਭਿਆ ਏ।

*—ਹਰਭਜਨ ਸਿੰਘ ਬਾਜਵਾ*
*ਬਟਾਲਾ*

ਅਗਸਤ ਤੇ ਸਤੰਬਰ ਦੇ ਦੋਵੇਂ ਵਰਿਆਮ ਮੇਰੇ ਅੱਗੇ ਹਨ। ਆਦਤ ਅਨੁਸਾਰ ਮੈਂ ਦੋਵਾਂ ਦਾ ਅੱਖਰ-ਅੱਖਰ ਪੜ੍ਹਿਆ ਹੈ। ਵਿਰਕ ਜੀਆਂ ਦਾ ਚੱਕਰਵਰਤੀ ਜੀ ਦੀ ਸਾਹਿਤਕ ਦੇਣ ਤੇ ਲੇਖ ਪੜ੍ਹਿਆ ਫੇਰ ਇਸੇ ਸਬੰਧ ਵਿੱਚ ਸਨੇਹੀ ਜੀਆਂ ਦੇ ਦਰਸ਼ਨ ਵੀ ਹੋ ਗਏ।

ਦੋਵਾਂ ਨਾਲ ਹੀ ਮੇਰਾ ਸਬੰਧ ਹੈ। ਚੱਕਰਵਰਤੀ ਜੀ ਸਾਡੇ ਪਿੰਡ ਮੁਠੱਡਾ ਕਲਾਂ ਦੇ ਦੁਹਤੇ ਸਨ (ਜੇ ਮੈਂ ਗਲਤ ਨਹੀਂ) ਤੇ ਸਨੇਹੀ ਜੀ ਸਾਡੇ ਨਜ਼ਦੀਕੀ ਪਿੰਡ ਵਾਸੀ ਤੇ ਮੇਰੇ ਮਿੱਤਰ ਭੀ।

ਸਨੇਹੀ ਜੀਆਂ ਨਾਮਧਾਰੀ ਇਤਿਹਾਸਕ ਖੋਜ ਵਿੱਚ ਬੜਾ ਨਿੱਗਰ ਕੰਮ ਕੀਤਾ ਹੈ ਤੇ ਅੱਜ ਭੀ ਦਸਤਾਰ ਦੀ ਸ਼ਾਨ ਨੂੰ ਬਰਕਰਾਰ ਰੱਖ ਰਹੇ ਹਨ।

ਹੰਸਪਾਲ ਜੀਆਂ ਨੂੰ ਵਧਾਈ ਦੇਣ ਤੇ ਸਿਧਿਆਂ ਹੀ ਪੁੱਜਾਂਗਾ।

ਮਿੱਤਰ ਜੀ! ਸੱਜੀ ਅੱਡੀ ਵਿੱਚ ਕੁਝ ਦਰਦ ਹੈ। ਕਾਰਣ- ਬੱਚੇ ਆਖਦੇ ਹਨ ਉਮਰ ਦੇਖ ਖਤਰਾ ਸਹੇੜਿਆ ਕਰੋ। ਮੈਂ ਆ ਜੋ ਕਦੇ ਵਿਹਲਾ ਨਹੀਂ ਬੈਠ ਸਕਦਾ। ਸੋ ਇਹ ....... ਨਤੀਜਾ ਹੈ ਜਿਸਦਾ ਭੁਗਤਾਨ ਮੈਨੂੰ ਚਾਰ ਹਫ਼ਤੇ ਹੋਰ ਕਰਨਾ ਪੈਣਾ ਹੈ।

ਪੜ੍ਹਾਈ ਲਿਖਾਈ ਲਈ ਪੂਰਨ ਵਿਹਲਾ ਬਾਕੀ ਫਿਰ.....

*ਦਲਬੀਰ ਸਿੰਘ ਤਰਸ, ਸਿਡਨੀ*
*ਆਸਟ੍ਰੇਲੀਆ*

ਕੱਲ ਹੀ ਆਪਣੇ (ਬਨਵਾਸੀ) ਪ੍ਰਵਾਸੀ ਵਤਨ ਵਿਚ ਸਹੀ ਸਲਾਮਤ ਪਰਤਿਆ ਹਾਂ। ਇਥੇ ਆਇਆ ਤਦ ਤੱਕ ਡਾਕ ਵਿਚੋਂ 'ਵਰਿਆਮ' ਦਾ ਅੰਕ ਅਗਸਤ ੨੦੦੨ ਮਿਲ ਗਿਆ, ਪੰਨਾ ੩ ਉਪਰ 'ਸੁਤੰਤਰ ਭਾਰਤ ਦਾ ਸ਼ਾਨਦਾਰ ਮਹੱਲ' ਦਿੱਲੀ ਵਿਧਾਨ ਸਭਾ ਹਾਲ ਵਿਚ ਪੰਡਿਤ ਨਹਿਰੂ ਜੀ ਦੀ ਤਕਰੀਰ ਪੜ੍ਹ ਕੇ ਸਰਦਾਰ ਅਜੀਤ ਸਿੰਘ ਜੀ ਦੀ ਨਵੀਂ ਮਿਲੀ ਫਾਇਲ ਵਿਚਲੀ ਦਰਜ ਇਕ ਘਟਨਾ ਯਾਦ ਆ ਗਈ। ਸਰਦਾਰ ਜੀ ਨੂੰ ਸ੍ਰੀ ਕ੍ਰਿਸ਼ਨਾ ਮੈਨਨ ਤੇ ਪੰਡਿਤ ਨਹਿਰੂ ਜੀ ਦੀ ਮਦਦ ਨਾਲ ਭਾਰਤੀ ਪਾਸਪੋਰਟ ਮਿਲ ਗਿਆ ਸੀ। ਆਪ ਜੀ ਦਾ ਨਿਵਾਸ ਡਲਹੌਜੀ ਵਿਖੇ ਸੀ ੧੪-੧੫ ਅਗਸਤ ਦੀ ਰਾਤ ਸਮੇਂ ੧੨.੦੦ ਜਦੋਂ ਆਜ਼ਾਦੀ ਦਾ ਬਿਗਲ ਵੱਜਿਆ ਸਰਦਾਰ ਜੀ ਨੇ ਆਪਣੀ ਪਤਨੀ ਅਗੇ ਝੁੱਕ ਕੇ ਗੁਜ਼ਾਰਸ਼ ਕੀਤੀ, "ਭਾਗਵਾਨੇ ਮੈਂ ਤੈਨੂੰ ਪਤੀ ਦਾ ਸੁੱਖ ਨਹੀਂ ਦੇ ਸਕਿਆ ਮੈਨੂੰ ਮੁਆਫ ਕਰੀਂ" ਕਹਿੰਦਿਆਂ ਹੋਇਆਂ ਸਰਦਾਰ ਜੀ ਨੇ ੧੨.੧੦ ਮਿੰਟ ਦੇ ਕਰੀਬ ਪ੍ਰਾਨ ਤਿਆਗ ਦਿੱਤੇ।

ਇਹ ਘਟਨਾ ਸਾਨੂੰ ਸਾਰਿਆਂ ਨੂੰ ਜ਼ਰੂਰ ਯਾਦ ਕਰਨੀ ਅਤੇ ਯਾਦ ਰਖਣੀ ਚਾਹੀਦੀ ਹੈ। ਜਿਨ੍ਹਾਂ ਦੀ ਬਦੌਲਤ ਅਸੀਂ ੧੫ ਅਗਸਤ ਆਜ਼ਾਦੀ ਦਾ ਦਿਵਸ ਮਨਾਉਂਦੇ ਹਾਂ ਅਤੇ ਆਜ਼ਾਦੀ ਮਾਣਦੇ ਹਾਂ।

ਸੁਵਰਨ ਸਿੰਘ ਵਿਰਕ ਬਹੁਤ ਹੀ ਵਧੀਆ ਸੁਲਝਿਆ ਅਤੇ ਗੂੜ ਚਿੰਤਕ ਲੇਖਕ ਬਣਦਾ ਜਾ ਰਿਹਾ ਹੈ। ਪ੍ਰੰਤੂ ਉਹਨਾਂ ਚੱਕਰਵਰਤੀ ਜੀ ਦੇ ਮਾਲਵੇਂਦ੍ਰ ਮਹਾਂ ਕਵਿ ਬਾਰੇ ਸਮੀਖਿਆ ਪੱਖਪਾਤੀ ਕੀਤੀ ਹੈ। ਚੱਕਰਵਰਤੀ ਜੀ ਮਹਾਨ ਲੇਖਕ ਸਨ ਉਹਨਾਂ ਦੀ ਲਗਨ ਅਤੇ ਮਿਹਨਤ ਸ਼ਾਬਾਸ ਮੰਗਦੀ ਹੈ। ਪ੍ਰੰਤੂ ਵਿਸ਼ਾ ਵਸਤੂ ਨਾਲ ਇਨਸਾਫ ਲੇਖਕ ਦਾ ਪਹਿਲਾ ਫਰਜ ਹੁੰਦਾ ਹੈ। ਲੇਖਿਕ ਦੀ ਪ੍ਰਤੀਬੱਧਤਾ ਸ਼ਰਧਾ ਭਰਪੂਰ ਨਾ ਵੀ ਹੋਵੇ ਪ੍ਰੰਤੂ ਉਹ ਦੁਨੀਆਵੀ, ਵਿਸ਼ਵ ਵਿਆਪੀ ਅਤੇ ਭਵਿੱਖ ਮੁਖੀ ਜਰੂਰ ਹੋਣੀ ਚਾਹੀਦੀ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇਕ ਵਿਸ਼ਵ ਪ੍ਰਸਿੱਧ ਵਿਸ਼ਵ ਚਿੰਤਕ ਅਤੇ ਪਰਮ ਪੂਜਯ ਮਹਾਨ ਸਤਿਗੁਰੂ ਸਨ। ਉਨ੍ਹਾਂ ਨੂੰ ਸਿਰਫ ਮਾਲਵੇ ਦੇ ਨਾਮ ਨਾਲ ਹੀ ਸੰਕੀਰਨ ਕਰਨਾ ਚੱਕਰਵਰਤੀ ਜੀ ਦੀ ਸੌੜੀ ਸੋਚ ਸੀ। ... ਅੰਗਰੇਜੀ ਸਾਮਰਾਜ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਇੰਨਾ ਭੈ ਸੀ ਕਿ ਕਈ ਵਾਰ ਉਨ੍ਹਾਂ ਦੀ ਜੇਲ੍ਹ ਬਦਲੀ ਅਤੇ ਕਈ ਵਾਰ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਅਤੇ ਅਲੋਪ ਹੋਣ ਦੀਆਂ ਤਰੀਖਾਂ ਬਦਲੀਆਂ। ਇਤਨੇ ਮਹਾਨ ਇਨਕਲਾਬੀ ਸਤਿਗੁਰੂ ਜੀ ਨੂੰ ਚੱਕਰਵਰਤੀ ਜੀ ਸਿਰਫ ਮਾਲਵੇਂਦ੍ਰ ਹੀ ਕਹਿ ਕੇ ਖੁਸ਼ ਹੋ ਰਹੇ ਹਨ।

*—ਸੁਰਜੀਤ ਸਿੰਘ ਜੀਤ*
*ਲੰਡਨ*



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ. ਬੀ. ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੇਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT. LTD.

*Pinoneer Manufacturer in India of*

- *Automatic machines for producing Biscuits*
- *Automatic machines for producing Wafers*

*and*

*Makers of High quality Biscuits*

**BBL FOODS PVT. LTD.**

*Santosh Nagar (X) Roads, Hyderabad-500 059 India*

*Ph.:— +91-40-4530680, 82,84* *Fax :— +91-40--4530475*

*E-mail:amber @hd1.vsnl.net.in*

**Balvinder Pal Singh** *Manging Director*

**Lakhbir Singh Muchhal** *Director*

**Bakhshish Singh Muchhal** *Director*




Sri Satguru Jagjit Singh Ji eLibrary NamdhariElibrary@gmail.com

Gram : 'SNIPER' Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

**MODERN GUN WORKS**

OPP. INDUSTRIAL ESTATE,
JAMMU CANTT.



Sri Satguru Jagjit Singh Ji eLibrary NamdhariElibrary@gmail.com





ਅੱਸੂ ਦੇ ਮਹੀਨੇ ਦਾ ਜੱਪ ਪ੍ਰਯੋਗ ਸਮਾਗਮ ਨਾਮਧਾਰੀ ਸਿੱਖ ਜਗਤ ਵਿਚ ਅਹਿਮ ਸਥਾਨ ਰਖਦਾ ਹੈ। ਉਪਰਲੀ ਤਸਵੀਰ ਵਿਚ ਪ੍ਰਯੋਗ ਦੇ ਆਰੰਭ ਦੀ ਅਰਦਾਸ ਵਿਚ ਸ਼ਾਮਲ ਸਤਿਗੁਰੂ ਜਗਜੀਤ ਸਿੰਘ ਜੀ।
ਥੱਲੇ ਦੀਵਾਨ ਦਾ ਦ੍ਰਿਸ਼ (ਫਾਈਲ ਫੋਟੋ)

Sri Satguru Jagjit Singh Ji eLibrary NamdhariElibrary@gmail.com

Registered No. PB/JL-(0165)/2002 MONTHLY WARIAM Ladowali Road, Jalandhar-144 001
Regd. RNI No. 26453/75 October 2002









NS

**NAMDHARI SEEDS**

*ਤੁਹਾਡੀ ਖੁਸ਼ਹਾਲੀ ਦਾ ਰਾਜ਼*

**"ਨਾਮਧਾਰੀ ਸੀਡਜ਼"**

**ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ**

ਟਮਾਟਰ : N.S. 815, ਉਤਸਵ ਅਤੇ ਅਮੋਘ
ਫੁੱਲ ਗੋਭੀ : N.S. 60, N.S. 84 ਅਤੇ N.S. 90
ਭਿੰਡੀ : ਅਰਕਾ ਅਨਾਮਿਕਾ
ਤਰਬੂਜ਼ : N.S. 295 (ਸਮਰ ਸਵੀਟ) N.S. 246
ਖਰਬੂਜਾ : N.S. 7455 ਅਤੇ ਅਭਿਜੀਤ
ਲੌਕੀ (ਘੀਆ) : ਕਾਵੇਰੀ
ਤੋਰਈ : ਸੰਜੀਵਨੀ ਅਤੇ ਹੋਰ ਬਹੁਤ ਕੁਝ

*ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :*

**ਨਾਮਧਾਰੀ ਸੀਡਜ਼ ਪ੍ਰਾ. ਲਿ.**

Head Office :
**Namdhari Seeds Pvt. Ltd.**
**Bidadi, Bangalore (India)**

Tel. : 080-72 82 653
72 82 654
City Office : 080-8602167
Fax : 080-8602168

*ਰੀਜਨਲ ਆਫਿਸ :*

ਪਿੰਡ ਰਾਈਆਂ, ਕੁਹਾੜਾ-ਮਾਛੀਵਾੜਾ ਰੋਡ,
ਜ਼ਿਲ੍ਹਾ ਲੁਧਿਆਣਾ।

ਫੋਨ : 0161-834036, 834420
ਮੋਬਾਈਲ : 98141-33109

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 222543, ਨਿਵਾਸ ; 456289

Sri Satguru Jagjit Singh Ji eLibrary NamdhariElibrary@gmail.com